
ਨਾ ਪੁੱਤ, ਨਾ
ਜਸਵਿੰਦਰ ਮਹਿਰਮ

# ਨਾ ਪੁੱਤ, ਨਾ

(ਕਹਾਣੀਆਂ)

“ਨਾ ਪੁੱਤ, ਨਾ” (1) .

# ਨਾ ਪੁੱਤ, ਨਾ

( ਕਹਾਣੀਆਂ )

ਜਸਵਿੰਦਰ ਮਹਿਰਮ

ਗੀਤ ਪ੍ਰਕਾਸ਼ਨ
Geet Prakashan
Jalandhar

# NA PUT, NA

( Short Stories )

By :
Jasvinder Mehram
426 / 8 Shaheed Udham Singh Nagar,
Satnampura , Phagwara . 144402
Phone : 01824 - 278371 (R)
98144 - 14317 (M)

ਸਭ ਹੱਕ ਲੇਖਕ ਦੇ ਰਾਖਵੇਂ ਹਨ।

ਮੁੱਲ : 150 ਰੁਪਏ (ਸਜਿਲਦ)
100 ਰੁਪਏ (ਪੇਪਰ ਬੈਕ)

**First Edition : 2005**
**Title & Artwork : Sukhwant**
**Publication : Geeet Parkashan**
**115/3, Manjit Nagar**
**Basti Guzan.**
**Jalandhar**
**Ph. : 2205057**
**Printer : Chhabra Computer & Printers**
**ED- 274 Dhan Road**
**Jalandhar**
**98142 -73311**

## ਨਾ ਪੁੱਤ, ਨਾ- ਸਾਧਾਰਨ ਮਨੁੱਖ ਦੀ ਬੇਬਸੀ ਦੀ ਗਾਥਾ

ਪ੍ਰਸਿੱਧ ਮਾਨਵ – ਚਿੰਤਕ ਸਿਗਮੰਡ ਫ਼ਰਾਇਡ ਆਖਦਾ ਹੈ ਕਿ ' ਲੇਖਕ ਖੇਡਣ ਵਿੱਚ ਮਸਤ ਇੱਕ ਬੱਚੇ ਵਾਂਗ ਹੈ ਤੇ ਇਸਨੂੰ ਬਹੁਤ ਗੰਭੀਰਤਾ ਨਾਲ ਲੈਂਦਾ ਹੈ। ਇਸ ਨਾਲ ਭਾਵੁਕ ਤੌਰ 'ਤੇ ਡੂੰਘੀ ਤਰ੍ਹਾਂ ਜੁੜਿਆ ਹੁੰਦਾ ਹੈ। ਫਿਰ ਵੀ ਯਥਾਰਥ ਨਾਲੋਂ ਇਸਨੂੰ ਬਿਲਕੁਲ ਭਿੰਨ ਸਮਝਦਾ ਹੈ।' ਸੋ ਸਿਰਜਕ ਕੱਚੀ ਸਮੱਗਰੀ ਸਮਾਜ ਤੋਂ ਲੈ ਕੇ ਕੋਈ ਪੱਕੀ ਕਲਾ-ਕਿਰਤ ਬਣਾ ਕੇ ਲੋਕਾਂ ਨੂੰ ਵਾਪਿਸ ਕਰ ਦਿੰਦਾ ਹੈ। ਇਸ ਤਰ੍ਹਾਂ ਕਲਾ, ਕਲਾ ਲਈ ਨਾ ਹੋ ਕੇ ਕਲਾ ਸਮਾਜ ਲਈ ਬਣ ਜਾਂਦੀ ਹੈ।

ਜਸਵਿੰਦਰ ਮਹਿਰਮ ਇੱਕ ਅਜਿਹਾ ਹੀ ਕਲਾਕਾਰ ਹੈ। ਜਿਸ ਨੇ ਸਮਾਜ ਦੀ ਕੱਚੀ ਸਮੱਗਰੀ 'ਤੇ ਝਾਤ ਪੁਆਉਣ ਦਾ ਸਾਰਥਕ ਯਤਨ ਕੀਤਾ ਹੈ। ਮਹਿਰਮ ਹੱਥਲੀ ਪੁਸਤਕ ਨਾਲ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਪ੍ਰਵੇਸ਼ ਹੋਇਆ ਹੈ। ਇਸ ਕਹਾਣੀਕਾਰ ਦੀ ਬਾਹਰੀ ਦਿੱਖ ਤੋਂ ਤੁਸੀਂ ਇਹ ਮਹਿਸੂਸਦੇ ਹੋ ਜਿਵੇਂ ਇੱਕ ਗਾਇਕ ਗਾਇਕੀ ਦੇ ਖੇਤਰ 'ਚੋਂ ਅਸਫ਼ਲ ਹੋ ਕੇ ਉਪਜੀਵਕਾ ਲਈ ਕੋਈ ਮਾੜਾ ਮੋਟਾ ਕਿੱਤਾ ਕਰ ਰਿਹਾ ਹੋਵੇ ਤੇ ਨਾਲ ਹੀ ਰੁਮਾਂਟਿਕ ਯਥਾਰਥ ਦੇ ਨਾਲ ਨਾਲ ਲੋਕਾਂ ਦਾ ਦੁੱਖ, ਦਰਦ, ਆਹਾਂ ਆਪਣੇ ਬੋਝੇ ਪਾ ਕੇ ਤੁਰਿਆ ਫਿਰ ਰਿਹਾ ਹੋਵੇ। ਸੱਚਮੁੱਚ ਇਸ ਦੇ 'ਬੋਝੇ' 'ਚ ਰੰਗ ਬਿਰੰਗੇ ਰੁਮਾਲ ਵੀ ਨੇ ਤੇ ਹੰਝੂਆਂ ਭਿੱਜੀਆਂ ਲੀਰਾਂ ਵੀ। ਉਸਦੀਆਂ ਕਹਾਣੀਆਂ ਪੜ੍ਹਦਿਆਂ ਨਾ ਤਾਂ ਐਡਗਰ ਐਲਨ ਪੋ ਚੇਤੇ ਆਉਂਦਾ ਹੈ ਤੇ ਨਾ ਹੀ ਕੁਲਵੰਤ ਸਿੰਘ ਵਿਰਕ। ਚੁੱਪ ਚੁਪੀਤੇ ਉਹ ਆਪਣੇ ਲੋਕਾਂ ਦੀ ਕਥਾ ਬਿਆਨੀ ਤੁਰੀ ਜਾ ਰਿਹਾ ਹੈ। ਉਸ ਦੇ ਪਾਤਰ ਜੀਵਨ ਜੀਉਣ ਲਈ ਸਹਿਜ-ਭਾਵੀ ਨਾਲ ਅੰਦਰ-ਖ਼ਾਤੇ ਇੱਕ ਦੂਜੇ ਨਾਲ ਸਮਝੌਤਾ ਕਰੀ ਜਾ ਰਹੇ ਹਨ। ਉਨ੍ਹਾਂ ਨੂੰ ਨਾ ਅਣਖ ਪਿਆਰੀ ਹੈ ਤੇ ਨਾ ਹੀ ਉਹ ਸਿਸਟਮ ਦੇ ਖਿਲਾਫ਼ ਬੋਲਣਾ ਚਾਹੁੰਦੇ ਹਨ। ਮਹਿਰਮ ਦੇ ਪਾਤਰ ਰੰਗ-ਮੰਚ 'ਤੇ ਚੱਲ ਰਹੇ ਨਾਟਕ ਵਾਂਗ ਹਨ। ਉਹ ਆਉਂਦੇ ਹਨ ਤੇ ਚੁੱਪ ਚੁਪੀਤੇ ਆਪਣਾ ਕਾਰਜ ਕਰਕੇ ਤੁਰਦੇ ਬਣਦੇ ਹਨ। ਉਨ੍ਹਾਂ ਵਿੱਚ ਨਾ ਤਾਂ ਜਨੂੰਨ ਹੈ ਤੇ ਨਾ ਕੋਈ ਮਕਸਦ। ਬਸ ਉਨ੍ਹਾਂ ਨੇ ਜੀਊਣਾ ਹੈ। ਉਹ ਜਿਊਣਾ ਪਸ਼ੂਆਂ ਵਰਗਾ, ਖਾ ਲਿਆ, ਸੌਂ ਲਿਆ ਤੇ ਆਪਣਾ ਨਿੱਕਾ ਮੋਟਾ ਕਾਰਜ ਕਰ ਲਿਆ। ਜਦੋਂ ਸਿਰ 'ਤੇ

ਕੋਈ ਮੁਸੀਬਤ ਆਈ ਤਾਂ ਉਹਦਾ ਜਿੰਮਾ 'ਉਸ ਰੱਬ' 'ਤੇ ਸੁੱਟ ਦਿੱਤਾ ਤੇ ਜਾਂ ਫਿਰ ਮੌਤ ਵੱਲ ਨੂੰ ਰੁਖ਼ ਕਰ ਲਿਆ ਜਿਵੇਂ –

– ਉਹ ਕਿਸੇ ਨਾਲ ਕੀ ਬੇਮੁੱਖ ਹੋਏਗਾ ਤਾਰੋ ਜਿਸਦੀ ਕਿਸਮਤ ਈ ਬੇਮੁੱਖ ਹੋ ਗਈ ਹੋਵੇ। ਤੈਨੂੰ ਤਾਂ ਪਤਾ ਈ ਐ ਕਿ ਕੀ ਹਾਲ ਹੁੰਦਾ ਏ ਮੇਰਾ, ਸੋਚਦੀ ਆਂ ਮਰ ਖਪ ਈ ਜਾਵਾਂ ਕਿਸੇ ਖ਼ੂਹ ਟੋਭੇ ਵਿੱਚ। (**ਕੀ ਕਰੇ ਰਾਧਾ**)

ਪਾਤਰ ਬਿਨ੍ਹਾਂ ਮਕਸਦ ਦੇ ਉਸ ਪਗਡੰਡੀ 'ਤੇ ਤੁਰੇ ਜਾ ਰਹੇ ਹਨ ਜਿੱਥੇ ਕੰਡੇ ਨੇ, ਖਾਈਆਂ ਨੇ ਤੇ ਹੋਰ ਤੰਗੀਆਂ ਤੁਰਸ਼ੀਆਂ। ਇਸ ਰਾਹ 'ਤੇ ਆਏ ਕਿਸੇ ਦਰੱਖ਼ਤ ਹੇਠ ਖੜੋ ਥੋੜ੍ਹਾ ਦਮ ਲੈ ਲਿਆ 'ਤੇ ਫਿਰ ਅੱਗੇ ਤੁਰ ਪਏ।

ਮਹਿਰਮ ਦੀਆਂ ਕਹਾਣੀਆਂ ਦੇ ਪਾਤਰ ਨਾਨਕ ਸਿੰਘ ਦੇ ਪਾਤਰਾਂ ਵਾਂਗ ਵਿਭਚਾਰੀ, ਸ਼ਰਾਬੀ, ਕਾਮੀ ਅਤੇ ਧੱਕੇਸ਼ਾਹੀ ਕਰਨ ਵਾਲੇ ਹਨ। ਜਵਾਨੀ ਦੇ ਅੰਨੇ ਨਸ਼ੇ 'ਚ ਗਲਤਾਨ ਸਰਦਾਰ ਰਸ ਮਾਨਣ ਦੀ ਕਾਮ ਪ੍ਰਵਿਰਤੀ ਸਕਦਾ ਆਪਣਾ ਸਭ ਕੁਝ ਗੁਆ ਬੈਠਦੇ ਹਨ। (**ਉੱਚੀਆਂ ਪੱਗਾਂ ਵਾਲੇ**..)

'ਫੁੱਲਝੜੀਆਂ ਦਾ ਸੇਕ' ਕਹਾਣੀ 'ਚ ਲਾਜੋ ਸਮੁੱਚੀ ਔਰਤ ਜ਼ਾਤ ਦੀ ਪ੍ਰਤੀਨਿੱਧਤਾ ਕਰਦੀ ਹੈ। ਮਜਬੂਰੀਵੱਸ ਉਸਨੂੰ ਆਪਣਾ ਸਰੀਰ ਵੇਚਣਾ ਪੈਂਦਾ ਹੈ। ਹੇਮ ਰਾਜ ਨਾਲ ਮਾਨਸਿਕਤਾ ਸਾਂਝੀ ਕਰਦੀ ਆਪਣੀ ਦੁਖਾਂਤਿਕ ਸਥਿਤੀ ਬਿਆਨਦੀ ਹੈ। ਉਹ ਚਾਹੁੰਦੀ ਹੈ 'ਵੇਸਵਾ ਤੋਂ ਔਰਤ' ਤੱਕ ਦਾ ਸਫ਼ਰ ਤਹਿ ਕਰੇ ਪਰ ਉਸਦਾ ਇਹ ਸੁਪਨਾ ਸਾਕਾਰ ਨਹੀਂ ਹੁੰਦਾ। ਕਹਾਣੀ ਮਰਦ–ਪ੍ਰਧਾਨ ਸਮਾਜ 'ਤੇ ਤਿੱਖਾ ਕਟਾਖ਼ਸ਼ ਕਰਦੀ ਹੈ।

'ਸਰਵਣ ਪੁੱਤਰ' ਕਹਾਣੀ ਦੀਨੂੰ ਵਰਗੇ ਬਜੁਰਗ ਦੀ ਦੁਖਾਂਤਿਕ ਸਥਿਤੀ ਤੇ ਚਾਨਣਾ ਪਾਉਂਦੀ ਹੈ। ਕਦਰਾਂ–ਕੀਮਤਾਂ ਵਾਲੇ ਭਰਾ ਦੇ ਵਿਰੋਧ 'ਚ ਹੰਸੇ ਤੋਂ ਹੰਸ ਰਾਜ ਸ਼ਰਮਾ ਬਣ ਕੇ ਆਪਣੀ ਹਉਮੈਂ 'ਚ ਆਪਣੇ ਖ਼ੂਨ ਨੂੰ ਭੁੱਲ ਜਾਣ ਵਾਲੇ ਪਾਤਰ ਦੇ ਗੈਰ–ਮਨੁੱਖੀ ਰਵੱਈਏ ਦਾ ਪ੍ਰਗਟਾਵਾ ਕਰਦੀ ਕਹਾਣੀ, ਸਰਵਣ ਪੁੱਤਰ ਦੇ ਅਸਲੀ ਨਾਂ 'ਤੇ ਵਿਅੰਗ ਕਰਦੀ ਹੈ। ਕਰਮੇ ਵਰਗੇ ਆਦਰਸ਼ਵਾਦੀ ਪੁੱਤਰ ਦੀ ਬੇਬਸੀ ਤੇ ਲਾਚਾਰਗੀ ਦੀ ਇਹ ਕਹਾਣੀ ਜਿਉਂਦੀ ਜਾਗਦੀ ਤਸਵੀਰ ਪੇਸ਼ ਕਰਦੀ ਹੈ। ਦੀਨੂੰ ਦੀ ਬੇਬਸੀ ਦੀ ਉਦਾਹਰਣ ਦੇਖੀ ਜਾ ਸਕਦੀ ਹੈ –

– " ਓਏ ਕੰਜਰਾ! ਇਹ ਕੀ ਚੰਦ ਚਾੜ੍ਹੀ ਜਾਨੈ। ਦੀਨ ਮਜ਼ਬ ਈ ਭੁੱਲ ਗਿਆ ਤੂੰ.. ਕਿਹੜਾ ਨਵਾਂ ਬਾਪ ਬਣਾ ਲਿਆ ਓਏ ਕੋਹੜੀਆ। " ਬੁੜ ਬੁੜ ਕਰਦਾ ਉਹ ਹੰਸੇ ਨੂੰ ਕੋਸੀ ਜਾਂਦਾ ਤੇ ਨਾਲੇ ਗਾਲਾਂ ਕੱਢੀ ਜਾਂਦਾ।

– ਚੰਗਾ ਹੋਇਆ ਉਹਨੇ ਹੋਰ ਕੋਈ ਨਿਆਣਾ ਨਹੀਂ ਪੜ੍ਹਾਇਆ ਨਹੀਂ ਤਾਂ ਔਲਾਦ ਹੁੰਦਿਆਂ ਸੁੰਦਿਆਂ ਵੀ ਉਹ ਬੇਔਲਾਦ ਹੋ ਜਾਂਦਾ। "

ਜੀਵਨ ਦੀਆਂ ਖ਼ੁਸ਼ੀਆਂ, ਸੱਧਰਾਂ, ਅਰਮਾਨਾਂ 'ਚ ਜਦੋਂ ਖਲਬਲੀ ਮਚ ਜਾਂਦੀ ਹੈ

ਤਾਂ ਪਾਤਰ ਬਿਰਹੋਂ ਦੀ ਜੂਨ ਹੰਢਾਉਂਦਾ ਹੈ। 'ਬਰਥ ਡੇ' ਕਹਾਣੀ ਦੀ ਨਾਇਕਾ ਦਾ ਇਹੀ ਦੁਖਾਂਤ ਹੈ। ਕਹਾਣੀਕਾਰ ਨੇ ਕੁਝ ਥਾਵਾਂ 'ਤੇ ਸਥਿਤੀਆਂ ਨੂੰ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਹੈ। ਇਹ ਜੁਗਤ ਕਹਾਣੀ ਕਲਾ ਲਈ ਢੁੱਕਵੀਂ ਨਹੀਂ ਜਿਵੇਂ -

- ਜਸਪਾਲ ਦੀ ਛੁੱਟੀ ਖ਼ਤਮ ਹੋ ਗਈ। ਇਸ ਵਾਰ ਪਤਾ ਨਹੀਂ ਕਿਉਂ ਉਹਦੇ ਨਾਲੋਂ ਵਿਛੜਨ ਲੱਗਿਆਂ ਦੀਪੀ ਦਾ ਦਿਲ ਹਿਚਕੀਆਂ ਤੇ ਸਿਸਕੀਆਂ ਭਰਨ ਲੱਗਾ। ਜੁਦਾਈ ਦੀ ਪੀੜ ਹੈ ਹੀ ਕੁਝ ਇਸ ਤਰ੍ਹਾਂ ਦੀ। ਦੂਜਾ ਉਹ ਬੇਖ਼ਬਰ ਖ਼ਤਰੇ ਨੂੰ ਸੋਚ ਕੇ ਵੀ ਕੰਬ ਜਾਂਦੀ ਸੀ। (ਬਰਥ ਡੇ) ਅਸਫ਼ਲ ਪਿਆਰ ਦੀਆਂ ਯਾਦਾਂ ਨੂੰ ਸ਼ਰਾਬ ਦੇ ਪਿਆਲੇ ਵਿੱਚ ਡੁਬੋ ਕੇ ਬੇਵਫ਼ਾਈਦੀ ਕਥਾ ਪਾਉਂਣੀ ( ਦਿਲਾਂ ਵਾਲੇ ), ਬੇਬਸੀ ਦੀ ਜੂਨ ਹੰਢਾਉਂਦਾ ਪਾਤਰ ਆਪਣਾ ਪਿਆਰ (ਲੀਨਾ) ਪਾਉਣ ਤੋਂ ਅਸਮਰੱਥ, ਫੌਜ ਦੀ ਨੌਕਰੀ ਦਾ ਤਿਆਗ ਕਰਕੇ ਅਤੇ ਅੰਤ ਤੱਕ ਯਾਦਾਂ 'ਚ ਹੀ ਆਪਣਾ ਸਭ ਕੁਝ ਗੁਆ ਲੈਣਾ (ਪਿੱਪਲੀ ਦੇ ਪੱਤੇ) । ਇਸ ਤੋਂ ਇਲਾਵਾ ਅੱਲੜ੍ਹ ਪਿਆਰ ਦੇ ਰੋਸੇ, ਗਿਲੇ ਸ਼ਿਕਵੇ, ਮਜਬੂਰੀਆਂ, ਲੜਕਪਨ, ਸਰੀਰਕ ਛੋਹ, ਯਾਦਾਂ ਆਦਿ ਕੁਝ ਇਹੋ ਜਿਹੀਆਂ ਪ੍ਰਸਥਿਤੀਆਂ ਨੂੰ ਪੇਸ ਕਰਦੀ ਕਹਾਣੀ ' ਚਿੱਤ ਨ੍ਹੀਂ ਲੱਗਦਾ ) ਹੈ।

'ਕਾਗਾ ਕਰੰਗ ਢੰਡੋਲਿਆ' ਕਹਾਣੀ 'ਚ ਪ੍ਰੀਤਮ ਵੱਡੇ ਸਰਦਾਰਾਂ ਨਾਲ ਮਿਲ ਕੇ ਉਹਨਾਂ ਦੇ ਅਪਰਾਧਪੁਣੇ 'ਚ ਭਾਈਵਾਲ ਹੈ। ਪਰ ਇਹ ਅਪਰਾਧ ਜਦੋਂ ਉਸ ਉੱਪਰ ਹੀ ਭਾਰੂ ਹੁੰਦਾ ਹੈ ਤਾਂ ਉਸਦਾ ਤੀਜਾ ਨੇਤਰ ਖੁੱਲਦਾ ਹੈ। ਬਲਬੀਰ ਸਿੰਘ ਵਰਗੇ ਸਰਦਾਰ ਨਾਲ ਦੋ ਹੱਥ ਕਰਦਾ ਪ੍ਰੀਤਮ ਲਾਚਾਰਗੀ, ਬੇਬਸੀ 'ਚ ਸੂਰਮਾ ਨਹੀਂ ਬਣ ਸਕਿਆ ਬਲਕਿ ਆਪਣਾ ਜੱਦੀ ਪੁਸ਼ਤੀ ਕੰਮ (ਮਰੇ ਪਸ਼ੂ ਚੁੱਕਣੇ) ਕਰਦਾ ਬੀਤ ਗਏ ਬਾਰੇ ਸੋਚ ਸਿਰਫ਼ ਕੁੜ੍ਹਦਾ ਹੀ ਹੈ।

ਜਿੰਦਗੀ ਦਾ ਕਠੋਰ ਯਥਾਰਥ ਨਿਭਾਉਂਦੀਆਂ ਤਾਰੋ ਵਰਗੀਆਂ ਔਰਤਾਂ ਆਦਰਸ਼ਕ ਤੇ ਸਦਾਚਾਰਕ ਜੀਵਨ ਨੂੰ ਤਿਲਾਂਜਲੀ ਦੇ ਕੇ ਵਾਰ ਵਾਰ ਦੇਹ ਸੁੱਖ ਦੀ ਲਾਲਸਾ ਅਧੀਨ ਕੁਕਰਮ ਕਰਦੀਆਂ ਹਨ। ਇਸ ਸਮਾਜਿਕ ਵਿਵਸਥਾ ਅਧੀਨ ਸਮੁੱਚੇ ਯਥਾਰਥਕ ਨਾਟਕ ਦਾ ਜਿੰਮੇਵਾਰ ਤੇਜੇ ਜਿਹਾ ਮਰਦ ਹੈ ਜੋ ਮਾਨਸਿਕਤਾ ਅਤੇ ਮਰਦਾਨਗੀ ਪੱਖੋਂ ਅਪੰਗ ਹੈ। ਕਹਾਣੀ ਸਿਰਫ਼ ਤਾਰੋ ਦੀ ਜਿੰਦਗੀ ਦੇ ਰਾਜ ਨਹੀਂ ਫਰੋਲਦੀ ਬਲਕਿ ਜਿੰਦਗੀ ਦੀ ਪਗਡੰਡੀ 'ਤੇ ਤੁਰਦੀਆਂ ਉਹਨਾਂ ਔਰਤਾਂ ਦੀ ਗੱਲ ਕਰਦੀ ਹੈ ਜੋ ਰਾਹਾਂ 'ਚ ਆਈਆਂ ਖ਼ਾਈਆਂ ਨੂੰ ਪਾਰ ਕਰਨ ਲਈ ਬੇਵਸੀ ਦੀ ਪੌੜੀ ਚੜ੍ਹਦੀਆਂ ਹਨ। (ਨਾ ਪੁੱਤ, ਨਾ )

ਔਰਤ ਦਾ ਸਰੀਰਕ ਸੁੱਖ ਪ੍ਰਾਪਤ ਕਰ ਕੇ ਵਾਰ ਵਾਰ ਗਰਭ ਗਿਰਾਉਣ ਦੀ ਅਵਸਥਾ ਤੇ ਵਿਅੰਗ ਕਰਦੀ ਕਹਾਣੀ 'ਮਜ਼ਾਕ' ਅਤੇ ਰੋਜ਼ਾਨਾ ਵਾਪਰਦੀਆਂ ਘਟਨਾਵਾਂ 'ਚੋਂ ਮਰਦ ਦਾ ਵਿਰੋਧੀ ਸਰੀਰ ਵਿੱਚੋਂ ਆਨੰਦ ਭਾਲਦਿਆਂ ਹੋਛੇ ਪ੍ਰਯਤਨ

ਕਰਨੇ 'ਕੰਜ਼ਰ' ਕਹਾਣੀ 'ਚ ਮੂਲ ਰੂਪ ਵਿੱਚ ਪ੍ਰਗਟ ਹੋਇਆ ਹੈ। 'ਦਰਦ ਨਸ਼ਾ ਤੇ ਔਰਤ' ਕਹਾਣੀ ਮਾਨਸਿਕ ਦਵੰਦ, ਦੁਖਾਂਤ, ਸ਼ਰਾਬ ਅਤੇ ਔਰਤ ਪ੍ਰਾਪਤੀ ਦੀ ਅਤ੍ਰਿਪਤ ਖ਼ਾਹਿਸ਼ ਦੀ ਪੂਰਤੀ ਕਰਦੀ ਹੈ।

ਸਮੁੱਚੇ ਰੂਪ 'ਚ ਮਹਿਰਮ ਦੀਆਂ ਇਹ ਕਹਾਣੀਆਂ ਦਲਿਤ ਵਰਗ ਦੇ ਦੁੱਖਾਂ, ਤਕਲੀਫ਼ਾਂ ਉੱਪਰ ਝਾਤ ਪਵਾਉਂਦੀਆਂ ਹਨ। ਉਸ ਦੇ ਪਾਤਰ ਉਹਦੇ ਨੇੜੇ-ਤੇੜੇ, ਇਰਦ-ਗਿਰਦ ਹੀ ਘੁੰਮਦੇ ਰਹੇ ਹਨ। ਭਾਸ਼ਾ ਦੇ ਪੱਖ ਤੋਂ ਕਹਾਣੀਕਾਰ ਪਰਪੱਕ ਸੋਚ ਦਾ ਸਬੂਤ ਦਿੰਦਾ ਹੈ। ਪਰ ਕਹਾਣੀ ਦੀ ਜੁਗਤ 'ਚ ਉਸ ਨੇ ਕੁਝ ਥਾਹਾਂ 'ਤੇ ਟਪਲਾ ਖਾਧਾ ਹੈ। ਜਿਵੇਂ ਕਿਸੇ ਕਿਸੇ ਕਹਾਣੀ ਦਾ ਸਪਾਟ ਹੋਣਾ, ਸਿਰਲੇਖ ਦਾ ਢੁੱਕਵਾਂ ਨਾ ਹੋਣਾ, ਪਿਛਲਝਾਤ ਵਿਧੀ ਦਾ ਵਾਰ ਵਾਰ ਆਉਣਾ, ਰੁਮਾਂਸ ਦੀਆਂ ਭਾਵੁਕ ਗੱਲਾਂ ਕਰਦਿਆਂ ਕਹਾਣੀਕਾਰ ਦਾ ਖ਼ੁਦ ਹੀ ਸੁਆਦ ਮਾਨਣਾ ਆਦਿ। ਉਂਝ ਮਹਿਰਮ ਆਪਣੇ ਇਸ ਪਹਿਲੇ ਯਤਨ 'ਚ ਸਫ਼ਲ ਹੈ। ਮੈਂ ਉਮੀਦ ਕਰਦਾ ਹਾਂ ਕਿ ਇਸ ਤੋਂ ਅਗਲਾ ਯਤਨ ਹੋਰ ਸਾਰਥਕ ਹੋਵੇਗਾ।


ਦਵਿੰਦਰ ਮੰਡ (ਪ੍ਰੋ.)
ਪੰਜਾਬੀ ਵਿਭਾਗ
ਡੀ. ਏ. ਵੀ ਕਾਲਜ

## ਮੈਂ ਕੀ ਕਹਾਂ

ਸਕੂਲ 'ਚ ਪੜ੍ਹਦਿਆਂ ਅੱਠਵੀਂ ਜਮਾਤ ਤੋਂ ਹੀ ਲਾਇਬ੍ਰੇਰੀ 'ਚੋਂ ਕਿਤਾਬਾਂ ਕਢਵਾ ਕੇ ਪੜ੍ਹਦਾ ਰਿਹਾ। ਉਸ ਸਮੇਂ ਪੰਜਾਬੀ ਅਧਿਆਪਕ ਸ੍ਰੀ ਤਰਲੋਕ ਸਿੰਘ ਕਾਲੜਾ ਸਾਡੇ ਪਿੰਡ ਪੜ੍ਹਾਉਂਦੇ ਸਨ। ਲਿਖਦੇ ਵੀ ਸਨ। ਮਹੀਨੇ 'ਚ ਚਾਰ ਪੰਜ ਕਿਤਾਬਾਂ ਮੈਂ ਉਨ੍ਹਾਂ ਤੋਂ ਲੈ ਕੇ ਪੜ੍ਹ ਲੈਂਦਾ ਸੀ। ਓਦੋਂ ਤੋਂ ਹੁਣ ਤੱਕ ਇਹ ਸ਼ੌਕ ਵਧਦਾ ਹੀ ਗਿਆ, ਘਟਿਆ ਨ੍ਹੀਂ। ਇਸ ਸ਼ੌਕ ਨੇ ਮੈਨੂੰ ਜਿੰਦਗੀ 'ਚ ਆਈਆਂ ਪ੍ਰੇਸ਼ਾਨੀਆਂ ਵਿੱਚ ਬਹੁਤ ਸਹਾਰਾ ਦਿੱਤਾ ਹੈ ਤੇ ਦੇ ਰਿਹਾ ਹੈ। ਮਤਲਬ ਕਿ ਮਾਨਸਿਕ ਤਨਾਅ ਜਾਂ ਦਿਮਾਗ 'ਤੇ ਪੈਣ ਵਾਲੇ ਕਿਸੇ ਵੀ ਬੋਝ ਤੋਂ ਬਚਾਈ ਰੱਖਿਆ ਹੈ। ਜਦੋਂ ਕਿਤਾਬ ਖਰੀਦਣ ਦੀ ਹਿੰਮਤ ਨਹੀਂ ਸੀ ਤਾਂ ਮੈਂ ਇਹ ਸ਼ੌਕ ਕਿਰਾਏ 'ਤੇ ਕਿਤਾਬਾਂ ਲੈ ਕੇ ਪੂਰਾ ਕਰਦਾ ਰਿਹਾ। ਹੁਣ ਜਿਥੋਂ ਵੀ ਕਿਤਾਬਾਂ ਹੱਥ ਆਉਂਦੀਆਂ ਹਨ, ਮੈਂ ਇਕੱਠੀਆਂ ਕਰਦਾ ਜਾ ਰਿਹਾ ਹਾਂ।

ਤੀਹ ਕੁ ਸਾਲ ਪਹਿਲਾਂ ਦੀ ਗੱਲ ਹੈ। ਵਿਹੜੇ ਦੇ ਮੁੰਡੇ ਹਰ ਸਾਲ ਹੀ ਗੁਰੂ ਵਾਲਮੀਕੀ ਜੀ ਦੇ ਪ੍ਰਗਟ ਦਿਵਸ 'ਤੇ ਨਾਟਕ ਕਰਨ ਲਈ ਮਹੀਨਾ ਦੋ ਮਹੀਨੇ ਰੀਹਰਸਲਾਂ ਕਰਦੇ ਰਹਿੰਦੇ। ਪਰ ਉਸ ਦਿਨ 'ਤੇ ਆ ਕੇ ਇਹ ਪ੍ਰੋਗਰਾਮ ਕਰਨ ਤੋਂ ਫੇਲ੍ਹ ਹੋ ਜਾਂਦੇ । ਦੋ ਚਾਰ ਸਾਲ ਇਸ ਤਰ੍ਹਾਂ ਹੀ ਹੋਇਆ। ਫਿਰ ਮੈਂ 'ਸੀਤਾ ਸੁਅੰਬਰ' ਤੇ 'ਸੀਤਾ ਬਨਵਾਸ' ਬਾਰੇ ਖੁਦ ਨਾਟਕ ਲਿਖਿਆ, ਕੁਝ ਗੀਤ ਲਿਖੇ, ਮੁੰਡਿਆਂ ਤੋਂ ਇਸ ਦੀ ਤਿਆਰੀ ਕਰਵਾਈ ਤੇ ਪ੍ਰੋਗਰਾਮ ਕੀਤਾ। ਉਸ ਤੋਂ ਬਾਅਦ ਇਹ ਪ੍ਰੋਗਰਾਮ ਕਈ ਸਾਲ ਲਗਾਤਾਰ ਹੁੰਦਾ ਰਿਹਾ।

ਵਿਹੜੇ ਦੇ ਦੋ ਤਿੰਨ ਲੜਕੇ ਜਿਨ੍ਹਾਂ ਦੀ ਅਵਾਜ ਚੰਗੀ ਸੀ ਕਦੇ ਕਦੇ ਗੁਰਪੁਰਬਾਂ 'ਤੇ ਮੈਥੋਂ ਗੀਤ ਲਿਖਵਾਉਂਦੇ ਰਹੇ ਤੇ ਗਾਉਂਦੇ ਰਹੇ । ਉਹ ਮੈਨੂੰ ਕੋਈ ਨਾ ਕੋਈ 'ਤਰਜ਼' ਦਿੰਦੇ ਰਹੇ, ਮੈਂ ਉਨ੍ਹਾਂ ਨੂੰ ਗੀਤ ਲਿਖ ਦਿੰਦਾ ਰਿਹਾ। ਪਰ ਆਪਣੇ ਕੋਲ ਸਾਂਭ ਕੇ ਕੋਈ ਨਾ ਰੱਖਿਆ।

ਉਪਰੋਕਤ ਲਾਈਨਾਂ ਲਿਖਣ ਦਾ ਮੇਰਾ ਮਤਲਬ ਇਹ ਹੈ ਕਿ ਮੈਂ ਗੀਤ ਪਹਿਲਾਂ ਲਿਖਿਆ ਜਾਂ ਕਹਾਣੀ ਮੈਨੂੰ ਯਾਦ ਨਹੀਂ। ਹਾਂ ਲਿਖਣਾ ਜਰੂਰ ਸ਼ੁਰੂ ਹੋ ਗਿਆ ਸੀ। ਕੁਛ ਕਹਾਣੀਆਂ ਅਖਬਾਰਾਂ ਵਿੱਚ ਵੀ ਛਪੀਆਂ। ਕਿਸੇ ਨੂੰ ਕਿਸ ਤਰ੍ਹਾਂ ਦੀਆਂ ਲੱਗੀਆਂ ਇਹ ਵੀ ਪਤਾ ਨ੍ਹੀਂ। ਕਿਉਂਕਿ ਓਦੋਂ ਮੈਂ ਆਪਣਾ ਕੋਈ ਅਤਾ ਪਤਾ ਦਿੰਦਾ ਹੀ ਨਹੀਂ ਸੀ।

ਅੱਜ ਮੈਂ ਆਪਣੇ ਪਲੇਠੇ ਕਹਾਣੀ ਸੰਗ੍ਰਹਿ ਨਾਲ ਪਾਠਕਾਂ ਦੇ ਸਨਮੁੱਖ ਹੋ ਰਿਹਾ ਹਾਂ। ਮੇਰੀਆਂ ਕਹਾਣੀਆਂ ਸਮਾਜ ਵਿੱਚ ਵਿਚਰ ਰਹੇ ਆਮ ਲੋਕਾਂ ਨਾਲ ਸਬੰਧਤ ਹਨ। ਮੈਂ ਉਹੀ ਕਹਿਣ ਦੀ ਕੋਸ਼ਿਸ਼ ਕੀਤੀ ਹੈ ਜੋ ਅਸਲ ਵਿੱਚ ਲੋਕਾਂ ਨਾਲ ਵਾਪਰ ਰਿਹਾ ਹੈ। ਜਾਂ ਜਿਸ ਤਰ੍ਹਾਂ ਦਾ ਵਰਤਾਰਾ ਉਹ ਕਰ ਰਹੇ ਹਨ। ਯਥਾਰਥ ਨੂੰ ਛੱਡ ਕੇ ਕਿਸੇ ਕਿਸਮ ਦੀ ਕਲਪਨਾ

ਮੈਂ ਨਹੀਂ ਕੀਤੀ। ਇਨ੍ਹਾਂ ਕਹਾਣੀਆਂ ਦੇ ਪਾਤਰ ਸਾਡੇ ਸਭ ਦੇ ਆਲੇ ਦੁਆਲੇ ਰਹਿੰਦੇ, ਘੁੰਮਦੇ 'ਤੇ ਕਾਰਜ ਕਰ ਰਹੇ ਹਨ।

ਆਪਣੀਆਂ ਕੁਝ ਪ੍ਰੇਸ਼ਾਨੀਆਂ ਕਾਰਨ ਬਹੁਤ ਅਰਸਾ ਮੈਂ ਲਿਖਣ ਕਾਰਜ ਛੱਡੀ ਰੱਖਿਆ। ਕਈ ਵਾਰ ਕਿਤਾਬ ਛਪਵਾਉਣ ਬਾਰੇ ਸੋਚਿਆ ਵੀ। ਪਰ ਛਪਵਾ ਨਾ ਸਕਿਆ। ਪਰ ਹੁਣ ਬੜਾ ਸਕੂਨ ਐ ਮਨ ਨੂੰ। ਕਿਉਂਕਿ ਜੇ ਇਨ੍ਹਾਂ ਕਹਾਣੀਆਂ ਦੀ ਕਿਤਾਬ ਕਦੇ ਪਹਿਲਾਂ ਛਪ ਗਈ ਹੁੰਦੀ ਤਾਂ ਮੈਨੂੰ ਅਫਸੋਸ ਹੀ ਹੁੰਦਾ । ਕਿਉਂਕਿ ਹੁਣ ਇਨ੍ਹਾਂ ਵਿੱਚ ਉਸ ਸਮੇਂ ਨਾਲੋਂ ਬਹੁਤ ਕੁਝ ਬਦਲ ਗਿਆ ਹੈ। ਕਿਸੇ ਬੱਚੇ ਦੇ ਵਧਣ ਫੁੱਲਣ ਵਾਂਗ ਹੀ।

ਮੈਂ ਧੰਨਵਾਦੀ ਹਾਂ ਮੇਰੇ ਉਨ੍ਹਾਂ ਦੋਸਤਾਂ ਦਾ ਜਿਨ੍ਹਾਂ ਮੈਨੂੰ ਇਹ ਕਿਤਾਬ ਪਾਠਕਾਂ ਤੱਕ ਪਹੁੰਚਾਉਣ ਲਈ ਪ੍ਰੇਰਿਆ। ਸਾਹਿਤਕ ਗੁਰੂ ਸ਼੍ਰੀ ਗੁਰਦਿਆਲ ਰੌਸ਼ਨ ਜੀ, ਦੋਸਤ ਕੁਲਵਿੰਦਰ ਕੁੱਲਾ, ਇਨਕਲਾਬੀ ਸੋਚ ਦੇ ਮਾਲਿਕ 'ਤੇ ਗੀਤਕਾਰ ਸ਼੍ਰੀ ਜੋਗਿੰਦਰ ਮਤਵਾਲਾ ਜੀ , ਭੈਣ ਜਸਵੀਰ ਕੌਰ ਜੱਸੀ, ਸੋਡੀ ਰਾਣਾ ਤੇ ਮੱਖਣ ਕ੍ਰਾਂਤੀ ਲਾਂਦੜਾਂ ਵਾਲੇ , ਸ. ਸਾਧੂ ਸਿੰਘ ਜੱਸਲ ਪ੍ਰਧਾਨ ਪ੍ਰੀਤ ਸਾਹਿਤ ਸਭਾ ਫਗਵਾੜਾ ਮੈਨੂੰ ਹੱਲਾ ਸ਼ੇਰੀ ਦੇਣ ਵਾਲੇ ਹਨ।

ਭਰਾਵਾਂ ਵਰਗਾ ਮਾਸਟਰ ਜਿੰਗਾ ਸਿੰਘ ਤੇ ਮਨਜੀਤ ਸੋਹਲ ਜਿਨ੍ਹਾਂ ਨੇ ਇਸ ਸਮੇਂ ਮੇਰੇ ਨਾਲ ਸੱਜੇ ਖੱਬੇ ਚੱਲ ਕੇ ਮੇਰਾ ਹਰ ਤਰ੍ਹਾਂ ਦਾ ਸਾਥ ਦਿੱਤਾ ਹੈ, ਮੇਰਾ ਯਕੀਨ ਹੈ ਕਿ ਉਹ ਅਗਾਂਹ ਵੀ ਇਸੇ ਤਰ੍ਹਾਂ ਮੇਰੇ ਨਾਲ ਕਦਮ ਨਾਲ ਕਦਮ ਮਿਲਾ ਕੇ ਤੁਰਦੇ ਰਹਿਣਗੇ।

ਪ੍ਰੋਫੈਸਰ ਦਵਿੰਦਰ ਮੰਡ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਪਾਠਕਾਂ ਤੱਕ ਪਹੁੰਚਣ ਲਈ ਤੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਮੇਰੀ ਕੁਝ ਭੇਟਾ ਕਰਨ ਦੀ ਕੋਸ਼ਿਸ਼ ਨੂੰ ਸਾਰਥਕ ਸਾਥ ਦਿੱਤਾ ਹੈ।

ਭਾਜੀ ਸੁਖਵੰਤ ਚਿੱਤਰਕਾਰ ਨੇ ਆਪਣੇ ਹੱਥਾਂ ਦੀ ਛੋਹ ਦੇ ਕੇ ਇਸ ਕਿਤਾਬ ਦਾ ਟਾਈਟਲ ਬਣਾਕੇ ਤੇ ਅੱਛੀ ਤਰ੍ਹਾਂ ਛਾਪ ਕੇ ਮੈਨੂੰ ਸਹਿਯੋਗ ਦਿੱਤਾ ਹੈ, ਮੈਂ ਉਨ੍ਹਾਂ ਦਾ ਦਿਲੋਂ ਧੰਨਵਾਦੀ ਹਾਂ।

ਅੰਤ ਵਿੱਚ ਪਾਠਕਾਂ, ਲੇਖਕਾਂ ਤੇ ਅਲੋਚਕਾਂ ਦੇ ਵਿਚਾਰਾਂ ਦੀ ਉਡੀਕ ਵਿੱਚ –

ਤੁਹਾਡਾ ਆਪਣਾ
ਜਸਵਿੰਦਰ ਮਹਿਰਮ



ਸਮਰਪਿਤ
ਸਤਿਕਾਰ ਯੋਗ ਪਿਤਾ ਸ੍ਰੀ ਤਰਲੋਕ ਸਿੰਘ ਜੀ
ਅਤੇ
ਮਾਤਾ ਸ੍ਰੀਮਤੀ ਸ਼ੀਲਾ ਦੇਵੀ ਜੀ
ਨੂੰ

# ਤਰਤੀਬ


| | | |
|---|---|---|
| 1. | ਉੱਚੀਆਂ ਪੱਗਾਂ ਵਾਲੇ | 12 |
| 2. | ਫੁੱਲਝੜੀਆਂ ਦਾ ਸੇਕ | 19 |
| 3. | ਕਾਗਾ ਕਰੰਗ ਢੰਡੋਲਿਆ | 27 |
| 4. | ਸਰਵਣ ਪੁੱਤਰ | 34 |
| 5. | ਨਾ ਪੁੱਤ, ਨਾ | 39 |
| 6. | ਪਿੱਪਲੀ ਦੇ ਪੱਤੇ | 51 |
| 7. | ਕੀ ਕਰੇ ਰਾਧਾ | 58 |
| 8. | ਦਰਦ, ਨਸ਼ਾ ਅਤੇ ਔਰਤ | 64 |
| 9. | ਦਿਲਾਂ ਵਾਲੇ | 75 |
| 10. | ਕੰਜਰ | 83 |
| 11. | ਬਰਥ ਡੇ | 90 |
| 12. | ਮਜ਼ਾਕ | 95 |
| 13. | ਚਿੱਤ ਨ੍ਹੀਂ ਲੱਗਦਾ | 102 |



## ਉੱਚੀਆ ਪੱਗਾਂ ਵਾਲੇ

ਗੋਲੀ ਬੰਦੂਕ ਚੋਂ ਨਿਕਲਦਿਆਂ ਹੀ ਰੁੱਖਾਂ 'ਤੇ ਬੈਠੇ ਪੰਛੀ ਫੜਫੜਾਉਂਦੇ ਹੋਏ ਇਧਰ-ਉਧਰ ਉੱਡ ਗਏ। ਇਸ ਦੇ ਨਾਲ ਹੀ ਇੱਕ ਹੋਰ, ਫਿਰ ਦੂਜੀ, ਤੀਜੀ ਤੇ ਚੌਥੀ। ਹਵਾ ਵਿੱਚ ਉੱਡਦੇ ਮਾਸੂਮ ਕਬੂਤਰ ਤੜਫਦੇ ਹੋਏ ਜ਼ਮੀਨ 'ਤੇ ਆਣ ਡਿੱਗੇ। ਤੇ ਇਸ ਦੇ ਨਾਲ ਹੀ ਸਰਦਾਰਾਂ ਦੇ ਪੰਜ ਵਫ਼ਾਦਾਰ ਨੌਕਰ ਉਨ੍ਹਾਂ ਵੱਖ ਵੱਖ ਪਾਸੇ ਡਿੱਗੇ ਪੰਛੀਆਂ ਵੱਲ ਹੋ ਤੁਰੇ। ਛੇਤੀ ਹੀ ਉਹ ਇੱਕ ਇੱਕ ਜਾਨਵਰ ਹੱਥਾਂ 'ਚ ਲਟਕਾਈ ਸਰਦਾਰਾਂ ਕੋਲ ਆ ਗਏ।

" ਮਾਲ ਤਾਂ ਬੜਾ ਚੰਗਾ ਏ ਸਾਬ੍ਹ ਜੀ। " ਇੱਕ ਨੌਕਰ ਨੇ ਕਿਹਾ।

" ਸਰਦਾਰ ਸਦਾ ਚੰਗਾ ਮਾਲ ਈ ਮਾਰਦੇ ਐ ਬਿੱਲਿਆ। " ਦਿਲਬਾਗ ਨੇ ਜਵਾਬ ਦਿੱਤਾ, ਜੋ ਸਰਦਾਰਾਂ ਵਿੱਚੋਂ ਸਭ ਤੋਂ ਵੱਡਾ ਸੀ। " ਚਲੋ ਰੱਖ ਦਿਓ ਸਾਰੇ ਜੀਪ 'ਚ ਤੇ ਅਗਾਂਹ ਚੱਲੀਏ। ਨਹਿਰ ਦੇ ਨਾਲ ਨਾਲ ਰੁੱਖਾਂ 'ਤੇ ਬੜੇ ਜਾਨਵਰ ਹੋਣੇਂ ਆਂ। ਸ਼ਿਕਾਰ ਦਾ ਮਜ਼ਾ ਵੀ ਤਾਂ ਉੱਥੇ ਈ ਆਊਗਾ। "

" ਸ਼ਿਕਾਰ ਸ਼ਿਕਾਰੀਆਂ ਨਾਲ ਈ ਸੋਭਦੈ ਸਰਦਾਰ ਜੀ! ਨਾਲੇ ਉੱਥੇ ਕੋਈ ਬੰਦਾ ਸ਼ੰਦਾ ਵੀ ਆਇਆ ਹੋਣੈ। " ਰਾਜੂ ਨੇ ਜੀਭ ਦੰਦਾਂ ਥੱਲੇ ਦੱਬਦੇ ਹੋਏ ਕਿਹਾ। " ਮਤਲਬ ਕਿ ਓਥੇ ਕੋਈ ਕੁੜੀ ਚਿੜੀ ਵੀ ਆਈ ਹੋਣੀ ਆਂ ਸ਼ਿਕਾਰ ਖੇਲਣ। "

" ਹਾਂ ਹਾਂ ਉਹ ਤਾਂ ਹੋਣੀ ਈਂ ਆਂ। ਅੱਜ ਤਾਂ ਸੁੱਖ ਨਾਲ ਦਿਨ ਵੀ ਐਤਵਾਰ ਐ। ਫੇਰ ਵੀ ਭਲਾ ਨਾ ਹੋਊ ਕੁਝ। ਨਾਲੇ ਸਰਦਾਰ ਤੇਰੇ ਕਿਹੜਾ ਕਦੇ ਵਾਂਝੇ ਰਹੇ ਐ ਇਨ੍ਹਾਂ ਤੋਂ। " ਇਸ ਵਾਰ ਪ੍ਰੇਮ ਸਿੰਘ ਨੇ ਕਿਹਾ ਸੀ।

" ਏਹੀ ਤਾਂ ਮੈਂ ਕਹਿਨਾਂ ਆਂ। " ਬਿੱਲੇ ਨੇ ਸੱਜੇ ਪਾਸੇ ਵੱਲ ਸਿਰ ਘੁਮਾ ਕੇ ਇਸ਼ਾਰਾ ਕਰਦਿਆਂ ਕਿਹਾ ਸੀ। ਇਸ ਵਾਰ ਕਹਿ ਤਾਂ ਉਹ ਕੁਝ ਹੋਰ ਹੀ ਰਿਹਾ ਸੀ, ਪਰ ਜਵਾਬ ਉਨ੍ਹਾਂ ਦੀ ਗੱਲ ਦਾ ਦੇ ਰਿਹਾ ਸੀ। ਵੈਸੇ ਵੀ ਅਜੇ ਤੱਕ ਕਿਸੇ ਦਾ ਧਿਆਨ ਉਧਰ ਨਹੀਂ ਸੀ ਗਿਆ।

ਪਰ੍ਹੇ ਦਰੱਖਤਾਂ ਦੇ ਝੁੰਡ ਵਿੱਚ ਤਿੰਨ ਚਾਰ ਕੁੜੀਆਂ ਖੜ੍ਹੀਆਂ ਸਨ, ਜੋ ਇਨ੍ਹਾਂ ਵੱਲ ਹੀ ਤੱਕ ਰਹੀਆਂ ਸਨ। ਸ਼ਾਇਦ ਉਹ ਗੋਲੀ ਦੀ ਅਵਾਜ਼ ਸੁਣ ਕੇ ਤੇ ਜਾਂ ਫਿਰ ਇਨ੍ਹਾਂ ਦੇ ਹੱਥਾਂ ਵਿੱਚ ਬੰਦੂਕਾਂ ਵੇਖ ਕੇ ਡਰ ਰਹੀਆਂ ਸਨ। ਜਿਉਂ ਹੀ ਸਰਦਾਰਾਂ ਦੀਆਂ ਨਜ਼ਰਾਂ

ਉਧਰ ਉੱਠੀਆਂ, ਮੂੰਹ ਵਿੱਚ ਪਾਣੀ ਭਰ ਆਇਆ।

" ਕਿਉਂ ਸਰਦਾਰ ਜੀ! ਮਾਲ ਪਸੰਦ ਐ। " ਬਿੱਲੇ ਨੇ ਚਾਪਲੂਸੀ ਕਰਦਿਆਂ ਕਿਹਾ।

" ਕਿਉਂ ਨ੍ਹੀਂ, ਕਿਉਂ ਨ੍ਹੀਂ। " ਹਰਨਾਮ ਸਿੰਘ ਨੇ ਕਿਹਾ ਜਿਹੜਾ ਜੀਪ ਲੈ ਕੇ ਉਨ੍ਹਾਂ ਦੇ ਨੇੜੇ ਆ ਗਿਆ ਸੀ। " ਬਿੱਲਿਆ ਤੂੰ ਪਤਾ ਲੈ ਕਿ ਕੌਣ ਆਂ। ਅਸੀਂ ਨਹਿਰ 'ਤੇ ਚੱਲਦੇ ਆਂ, ਤੂੰ ਗੱਲ ਬਾਤ ਕਰ ਕੇ ਉੱਥੇ ਪਹੁੰਚ ਜਾਈਂ। ਪਰ ਦੇਖੀਂ ਮਾਲ ਖਰਾ ਹੋਵੇ। ਦੂਸਰਾ ਸ਼ੱਕ ਵੀ ਨਾ ਹੋਵੇ ਕਿਸੇ ਨੂੰ। "

ਬਿੱਲਾ ਤਾਂ ਪਹਿਲਾਂ ਹੀ ਇਹੀ ਚਾਹੁੰਦਾ ਸੀ। ਗਲ਼ ਵਿੱਚ ਸਾਫਾ ਲਮਕਾਈ ਉਹ ਕੁੜੀਆਂ ਵੱਲ ਨੂੰ ਹੋ ਤੁਰਿਆ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਗਾਈਆਂ ਦੇ ਵੱਗ 'ਤੇ ਕੋਈ ਸ਼ੇਰ ਝਪਟਣ ਲੱਗਾ ਹੋਵੇ। ਸਰਦਾਰਾਂ ਦੀ ਜੀਪ ਨਹਿਰ ਵਾਲੇ ਰਾਹ ਪੈ ਗਈ ਸੀ।

ਨਹਿਰ ਦੇ ਨਾਲ ਨਾਲ ਵੱਡੇ ਵੱਡੇ ਰੁੱਖਾਂ ਦੀਆਂ ਲੰਮੀਆਂ ਕਤਾਰਾਂ ਸਨ , ਤੇ ਕਿਤੇ ਕਿਤੇ ਦੂਰ ਤੱਕ ਫੈਲੀਆਂ ਸੰਘਣੀਆਂ ਝਿੜ੍ਹੀਆਂ। ਸ਼ਿਕਾਰ ਕਰਨ ਲਈ ਬਹੁਤ ਵਧੀਆ ਜਗਹ ਸੀ। ਇਸੇ ਕਰਕੇ ਕਈ ਵਾਰ ਸ਼ਹਿਰ 'ਚੋਂ ਵੀ ਮੁੰਡੇ ਕੁੜੀਆਂ ਦਾ ਕੋਈ ਨਾ ਕੋਈ ਗਰੁੱਪ ਇਧਰ ਆਇਆ ਰਹਿੰਦਾ ਸੀ। ਛੁੱਟੀ ਵਾਲੇ ਦਿਨ ਕੁਛ ਜਿਆਦਾ ਹੀ ਰੌਣਕ ਰਹਿੰਦੀ।

ਉੱਚੇ ਲੰਮੇ ਜਵਾਨ ਗੱਭਰੂ ਸਰਦਾਰ। ਗਲ਼ ਕਲੀਆਂ ਵਾਲੇ ਰੇਸ਼ਮੀ ਕੁੜਤੇ ਤੇ ਲੱਕ ਝਰਨੇ ਦੇ ਪਾਣੀ ਦੀ ਤਰ੍ਹਾਂ ਕਲਵਲ ਕਲਵਲ ਕਰਦੇ ਧੂਹਵੇਂ ਚਾਦਰੇ। ਪੈਰੀਂ ਤਿੱਲੇ ਨਾਲ ਕੱਢੀਆਂ ਹੋਈਆਂ ਕੋਕੇ ਲੱਗੀਆਂ ਪੰਜਾਬੀ ਜੁੱਤੀਆਂ। ਗੁੱਟਾਂ 'ਚ ਸੋਨੇ ਦੇ ਕੜੇ ਤੇ ਘੜ੍ਹੀਆਂ। ਹੱਥਾਂ 'ਚ ਹੀਰੇ ਜੜ੍ਹਤ ਕੀਮਤੀ ਅੰਗੂਠੀਆਂ। ਸਿਰ 'ਤੇ ਸ਼ਮਲੇ ਵਾਲੀਆਂ ਕੀਮਤੀ ਪੱਗਾਂ। ਉੱਚੀਆਂ ਉੱਚੀਆਂ ਤਿੱਖੀਆਂ ਨੋਕਦਾਰ। ਇਨ੍ਹਾਂ ਪੱਗਾਂ ਕਰਕੇ ਹੀ ਉਹ ਸਾਰੇ ਪਿੰਡ ਵਿੱਚ ਉੱਚੀਆਂ ਪੱਗਾਂ ਵਾਲੇ ਸਰਦਾਰ ਕਹਿ ਕੇ ਜਾਣੇ ਜਾਂਦੇ ਸਨ। ਸਰਕਾਰੇ ਦਰਬਾਰੇ ਪਹੁੰਚ ਬਣੀ ਹੋਈ ਸੀ। ਸ਼ਹਿਰ ਦਾ ਕੋਈ ਨਾ ਕੋਈ ਵੱਡਾ ਅਫ਼ਸਰ ਉਨ੍ਹਾਂ ਦੀ ਦਾਅਵਤ ਖਾਣ ਆਇਆ ਰਹਿੰਦਾ।

ਉੱਚੀਆਂ ਪੱਗਾਂ ਦੇ ਨਾਲ ਨਾਲ ਉਨ੍ਹਾਂ ਦੀਆਂ ਕੁਝ ਹੋਰ ਚੀਜ਼ਾਂ ਤੇ ਸ਼ੌਂਕ ਵੀ ਉੱਚ ਦਰਜੇ ਦੇ ਸਨ। ਮਹਿਲਾਂ ਵਰਗੀ ਉੱਚੀ ਤਿੰਨ ਮੰਜ਼ਿਲੀ ਵੱਡੀ ਕੋਠੀ, ਕੀਮਤੀ ਸਮਾਨ ਨਾਲ ਭਰੀ ਹੋਈ। ਕਮਰਿਆਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਸੀ। ਮੋਟੇ ਮੋਟੇ ਗੱਦਿਆਂ ਵਾਲੇ ਸੋਫੇ ਤੇ ਵੱਡੇ-ਵੱਡੇ ਕਿੰਗ ਸਾਈਜ਼ ਦੇ ਡਬਲ ਬੈੱਡ। ਕੰਧਾਂ 'ਤੇ ਵਧੀਆ ਰੰਗ ਰੋਗਨ ਕੀਤਾ ਹੋਇਆ। ਚਿਪਸ, ਮਾਰਬਲ ਨਾਲ ਲਿਸ਼ਕਦੇ ਫ਼ਰਸ਼। ਬਾਥ ਰੂਮਾਂ 'ਚ ਲੱਗੀਆਂ ਵਧੀਆ ਟਾਈਲਾਂ, ਨਹਾਉਣ ਲਈ ਵੱਡੇ ਵੱਡੇ ਟੱਬ, ਫੁਆਰੇ। ਜਿਨ੍ਹਾਂ 'ਚ ਗਰਮ ਠੰਡਾ ਪਾਣੀ ਆਉਣ ਲਈ ਵੱਖੋ ਵੱਖ ਟੂਟੀਆਂ। ਨਵੇਂ ਮਾਡਲ ਦੀਆਂ ਕੀਮਤੀ ਵੱਡੀਆਂ ਕਾਰਾਂ। ਪੰਜੇ ਭਰਾ ਜਦੋਂ ਸਜ ਕੇ ਘਰੋਂ ਬਾਹਰ ਨਿਕਲਦੇ ਤਾਂ ਦੇਖਣ ਵਾਲੇ ਹੌਕੇ ਭਰ ਕੇ ਰਹਿ ਜਾਂਦੇ। ਚੌੜੀਆਂ ਛਾਤੀਆਂ ਤੇ ਮੂੰਗਲੀਆਂ ਵਰਗੀਆਂ ਬਾਹਾਂ, ਜਦੋਂ ਤੁਰਦੇ ਤਾਂ ਲੱਗਦਾ ਜਿਵੇਂ ਧਰਤੀ ਦੀ ਹਿੱਕ ਮਿੱਧਦੇ ਜਾ ਰਹੇ ਹੋਣ।

ਸਾਰੇ ਪਿੰਡ ਦੇ ਲੋਕਾਂ ਦੀ ਨਜ਼ਰ ਵਿੱਚ ਉਹ ਇੱਕ ਸ਼ਰੀਫ਼ ਤੇ ਅਮੀਰ ਪ੍ਰੀਵਾਰ ਗਿਣਿਆ ਜਾਂਦਾ ਸੀ। ਸਰਦਾਰਾਂ ਦੇ ਦਾਦੇ ਪੜ੍ਹਦਾਦੇ ਦਾ ਤਾਂ ਪੂਰੇ ਇਲਾਕੇ 'ਚ ਹੀ ਦਬਦਬਾ ਸੀ। ਉਨ੍ਹਾਂ ਦੇ ਘਰ ਵਿੱਚ ਕੰਮ ਕਰਦਾ ਕਾਮਾ, ਮਜ਼ਦੂਰ ਕਦੇ ਕਿਸੇ ਗੱਲੋਂ ਮੁਹਤਾਜ ਨਹੀਂ ਸੀ ਰਹਿੰਦਾ। ਕੀਤੀ ਗਈ ਮਿਹਨਤ ਦੀ ਪੂਰੀ ਕਮਾਈ ਤਾਂ ਮਿਲਦੀ ਹੀ ਸੀ, ਇਨਸਾਫ਼ ਵੀ ਮਿਲਦਾ ਸੀ। ਘਰ ਦੀਆਂ ਔਰਤਾਂ ਸਿਰ ਤੋਂ ਪੱਲਾ ਨਹੀਂ ਸੀ ਲਾਹੁੰਦੀਆਂ। ਜੇ ਕਿਤੇ ਕਿਸੇ ਦਾ ਸਿਰ ਨੰਗਾ ਨਜ਼ਰ ਆ ਜਾਂਦਾ ਤਾਂ ਘਰ ਦੇ ਸਿਆਣੇ ਲੈਕਚਰ ਦਿੰਦੇ ਸਾਹ ਨਹੀਂ ਸੀ ਲੈਂਦੇ।

ਇਨ੍ਹਾਂ ਸਰਦਾਰਾਂ ਦਾ ਬਾਪ ਲਛਮਣ ਸਿੰਘ ਸੱਤ ਕੁ ਸਾਲ ਪਹਿਲਾਂ ਇੱਕ ਕਾਰ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਦਾਦਾ ਝਲਮਣ ਸਿੰਘ ਓਦੋਂ ਦਾ ਹੀ ਮੰਜੇ 'ਤੇ ਪਿਆ ਅਜੇ ਤੱਕ ਗੋਡੇ ਰਗੜੀ ਜਾਂਦਾ ਸੀ। ਸਮਾਂ ਬਦਲਿਆ। ਸਰਦਾਰੀ ਬਦਲੀ। ਹੁਣ ਉਹਦੀ ਸੁਣਦਾ ਵੀ ਕੌਣ ਸੀ। ਇਨ੍ਹਾਂ ਦੀਆਂ ਦੋ ਭੈਣਾਂ, ਦੋਵੇਂ ਪੰਜੇ ਭਰਾਵਾਂ ਤੋਂ ਛੋਟੀਆਂ। ਇਸ ਵੇਲੇ ਸ਼ਹਿਰ ਦੇ ਵੱਡੇ ਕਾਲਜ ਵਿੱਚ ਪੜ੍ਹਦੀਆਂ ਸਨ ਤੇ ਹੋਸਟਲ ਵਿੱਚ ਹੀ ਰਹਿੰਦੀਆਂ ਸਨ। ਕਦੇ ਕਦਾਈਂ ਛੁੱਟੀਆਂ ਹੋਣ ਵੇਲੇ ਹੀ ਪਿੰਡ ਆਉਂਦੀਆਂ। ਸਰਦਾਰ ਉਨ੍ਹਾਂ ਨੂੰ ਉੱਥੇ ਹੀ ਮਿਲ ਆਉਂਦੇ। ਜੇਬ ਖਰਚ ਵੀ ਦੇ ਆਉਂਦੇ। ਇਨ੍ਹਾਂ ਨੂੰ ਟੋਕਣ ਵਾਲਾ ਕੋਈ ਹੈ ਨਹੀਂ ਸੀ। ਸਭ ਮਨ ਆਈਆਂ ਕਰਦੇ ਸਨ। ਪਰ ਜੋ ਵੀ ਕਰਦੇ ਇਕੱਠੇ ਹੀ ਕਰਦੇ ਸਨ।

ਸ਼ਿਕਾਰੀ ਲੱਗਭਗ ਵਾਪਿਸ ਜਾ ਚੁੱਕੇ ਸਨ। ਸਰਦਾਰਾਂ ਦੀ ਜੀਪ ਤੋਂ ਬਿਨ੍ਹਾਂ ਸਿਰਫ਼ ਇੱਕ ਗੱਡੀ ਹੋਰ ਖੜ੍ਹੀ ਸੀ, ਜਿਸ ਵਿੱਚ ਬੈਠੀਆਂ ਦੋ ਲੜਕੀਆਂ ਖਾਣ ਪੀਣ ਦੇ ਸਮਾਨ 'ਤੇ ਹੱਥ ਸਾਫ਼ ਕਰ ਰਹੀਆਂ ਸਨ। ਦੋਵੇਂ ਕੁੜੀਆਂ ਸ਼ਹਿਰੀ ਲਿਬਾਸ ਵਿੱਚ ਟੰਨ ਟਣਾ ਟੰਨ ਸਨ। ਖੁੱਲੇ ਗਲ਼ੇ ਦੀਆਂ ਸ਼ਰਟਾਂ ਤੇ ਜ਼ੀਨ ਦੀਆਂ ਪੈਂਟਾਂ। ਤੂਤ ਦੀ ਛਿਟੀ ਵਰਗੀਆਂ ਪਤਲੀਆਂ। ਖਾਣ ਦੇ ਨਾਲ ਨਾਲ ਪਤਾ ਨਹੀਂ ਕਿਹੜੀ ਗੱਲ 'ਤੇ ਉਹ ਖਿੜ ਖਿੜ ਹੱਸ ਵੀ ਰਹੀਆਂ ਸਨ।

ਸਰਦਾਰਾਂ ਦੀ ਜੀਪ ਦੀ ਡਿੱਕੀ ਜਾਨਵਰਾਂ ਨਾਲ ਭਰੀ ਹੋਈ ਸੀ। ਚਾਰੇ ਨੌਕਰ ਇੱਕ ਪਾਸੇ ਬੈਠੇ ਹੱਸ ਰਹੇ ਸਨ। ਪੰਜੇ ਸਰਦਾਰ ਹੱਥ 'ਚ ਬੰਦੂਕਾਂ ਫੜ੍ਹੀ ਬਿੱਲੇ ਦੇ ਆਉਣ ਦੀ ਉਡੀਕ ਕਰ ਰਹੇ ਸਨ। " ਬਿੱਲਾ ਤਾਂ ਅਜੇ ਤੱਕ ਵਾਪਿਸ ਨਹੀਂ ਮੁੜਿਆ ਪ੍ਰੇਮ, ਕਿਉਂ ਨਾ ਓਨਾ ਚਿਰ ਗੱਪ ਸ਼ੱਪ ਈ ਲੜਾਈ ਜਾਵੇ। " ਹਰਨਾਮ ਸਿੰਘ ਨੇ ਕੁੜੀਆਂ ਦੀ ਗੱਡੀ ਵੱਲ ਇਸ਼ਾਰਾ ਕਰਦਿਆਂ ਕਿਹਾ।

ਪੰਜੇ ਸਰਦਾਰ ਕਿਸੇ ਫੌਜ ਦੀ ਟੁਕੜੀ ਦੀ ਤਰ੍ਹਾਂ ਅਗਾਂਹ ਵਧ ਤੁਰੇ। ਸ਼ਮਲੇ ਵਾਲੀਆਂ ਪੱਗਾਂ ਨਾਲ ਉਹ ਵਾਹਵਾ ਹੀ ਜਚ ਰਹੇ ਸਨ। ਕੁੜੀਆਂ ਦੀ ਗੱਡੀ ਤੋਂ ਥੋੜ੍ਹਾ ਉਰੇ ਹੀ ਉਨ੍ਹਾਂ ਨੇ ਬੰਦੂਕਾਂ ਦੀਆਂ ਨਾਲਾਂ ਕੁੜੀਆਂ ਵੱਲ ਨੂੰ ਸਿੱਧੀਆਂ ਕਰ ਦਿੱਤੀਆਂ। ਉਨ੍ਹਾਂ ਨੂੰ ਖ਼ਬਰ ਕਰਨ ਲਈ ਪ੍ਰੇਮ ਸਿੰਘ ਨੇ ਇੱਕ ਹਵਾਈ ਫ਼ਾਇਰ ਵੀ ਕਰ ਦਿੱਤਾ।

ਜਿਉਂ ਹੀ ਕੁੜੀਆਂ ਨੇ ਇਧਰ ਦੇਖਿਆ, ਉਨ੍ਹਾਂ ਦੀ ਚੀਖ਼ ਨਿਕਲ ਗਈ। ਬਚਾਓ.... ਇਹ ਸ਼ਬਦ ਉਨ੍ਹਾਂ ਦੇ ਬੁੱਲਾਂ 'ਤੇ ਹੀ ਅਟਕ ਗਿਆ। ਕੁੜੀਆਂ ਰਹਿਮ ਦੀ ਨਿਗ੍ਹਾ ਰੱਖਣ ਲਈ ਕਹਿ ਰਹੀਆਂ ਸਨ ਤੇ ਉਨ੍ਹਾਂ ਦੇ ਹੱਥ ਜੁੜੇ ਹੋਏ ਸਨ। ਬੰਦੂਕਾਂ ਨੀਵੀਆਂ ਕਰ

ਕੇ ਸਰਦਾਰ ਅਗਾਂਹ ਵਧ ਗਏ।

" ਕਿਉਂ ਡਰ ਗਏ ਹੋ ਸੋਹਣਿਉਂ। ਤੁਹਾਨੂੰ ਮਾਰਨ ਦਾ ਜਿਗਰਾ ਤਾਂ ਖੁਦ ਰੱਬ ਨਾ ਕਰੇ ਤੇ ਫਿਰ ਅਸੀਂ ਕਿਵੇਂ...... । ਕਿਸ ਤਰ੍ਹਾਂ ਦਾ ਗੋਰਾ ਗੋਰਾ ਰੰਗ, ਤਿੱਖੇ ਤਿੱਖੇ ਨੈਣ ਨਕਸ਼ ਤੇ ਮੁਲਾਇਮ ਮੁਲਾਇਮ ਜਿਸਮ। ਰੱਬ ਨੇ ਕਿਤੇ ਵਿਹਲੇ ਬਹਿ ਕੇ ਬਣਾਇਆ ਜਾਪਦੈ। " ਪ੍ਰੇਮ ਸਿੰਘ ਨੇ ਕਿਹਾ। ਉਸ ਦੀ ਇਸ ਹਰਕਤ 'ਤੇ 'ਬਚਾਓ' ਕਹਿਣ ਵਾਲੀ ਕੁੜੀ ਜਿਵੇਂ ਅੰਦਰ ਹੀ ਅੰਦਰ ਖੁਰਦੀ ਜਾ ਰਹੀ ਸੀ। ਜ਼ਰਾ ਕੁ ਪਲਕਾਂ ਉਤਾਂਹ ਚੁੱਕ ਕੇ ਜਦੋਂ ਉਸ ਨੇ ਉਹਦੇ ਵੱਲ ਦੇਖਿਆ ਤਾਂ ਪ੍ਰੇਮ ਸਿੰਘ ਉਸ ਵੱਲ ਹੀ ਤੱਕ ਰਿਹਾ ਸੀ। ਕੁਝ ਪਲ ਉਹ ਇੱਕ ਦੂਜੇ ਵੱਲ ਅਪਲਕ ਦੇਖਦੇ ਰਹੇ।

" ਲੱਗਦੈ ਪ੍ਰੇਮ ਸਿੰਘ ਕਤਲ ਹੋ ਗਿਆ ਹਰਨਾਮ। " ਜਸਬੀਰ ਸਿੰਘ ਨੇ ਹੌਲੀ ਜਿਹੀ ਕਿਹਾ। ਪਰ ਇਹ ਸ਼ਬਦ ਪ੍ਰੇਮ ਸਿੰਘ ਦੇ ਕੰਨਾਂ ਤੱਕ ਪਹੁੰਚ ਗਏ ਸਨ।

" ਇਸ ਤਰ੍ਹਾਂ ਘੂਰ ਘੂਰ ਕੀ ਦੇਖ ਰਹੀਂ ਏਂ ਮੇਰੇ ਵੱਲ, ਕਦੇ ਆਦਮੀ ਨ੍ਹੀਂ ਦੇਖਿਆ ਤੈਂ। " ਪ੍ਰੇਮ ਸਿੰਘ ਨੇ ਕੁੜੀ ਨੂੰ ਬਾਹੋਂ ਫੜ੍ਹਦਿਆਂ ਆਖਿਆ।

" ਨ.... ਨ... ਨਹੀਂ ਤੇ। " ਕੁੜੀ ਦੇ ਮੂੰਹ 'ਚੋਂ ਮਸੀਂ ਨਿਕਲਿਆ। " ਮੈਂ ਤਾਂ ਡਰ ਹੀ ਗਈ ਸੀ। " ਅੱਖਾਂ ਮਟਕਾਉਂਦਿਆਂ ਤੇ ਹੇਠਲਾ ਬੁੱਲ ਦੰਦਾਂ ਨਾਲ ਦੱਬਦਿਆਂ ਕੁੜੀ ਨੇ ਨਖ਼ਰੇ ਨਾਲ ਕਿਹਾ। ਉਸ ਦੀ ਇਸ ਹਰਕਤ 'ਤੇ ਇੱਕ ਵਾਰ ਤਾਂ ਸਾਰੇ ਸਰਦਾਰ ਹੈਰਾਨ ਰਹਿ ਗਏ। ਇਸ ਤਰ੍ਹਾਂ ਤਾਂ ਇੱਕ ਚਾਲੂ ਲੜਕੀ ਤੇ ਜਾਂ ਫਿਰ ਕੋਈ ਬਜ਼ਾਰੂ ਔਰਤ ਹੀ ਕਰ ਸਕਦੀ ਸੀ। ਉਸ ਦੇ ਇਸ ਨਖ਼ਰੇ ਨੂੰ ਭਾਂਪਦਿਆਂ ਅਜੀਤ ਸਿੰਘ ਸਮਝ ਗਿਆ ਕਿ ਲੜਕੀ ਹੁਣ ਸ਼ਿਕਾਰ ਫਸਾਉਣਾ ਚਾਹੁੰਦੀ ਹੈ।

"ਬਈ ਡਰਨ ਦੀ ਕਿਹੜੀ ਗੱਲ ਐ। ਉਹ ਤਾਂ ਐਵੇਂ ਮਜ਼ਾਕ ਕਰ ਰਹੇ ਸੀ, ਨਾਂਅ ਜਿਉਂ ਨਹੀਂ ਸੀ ਜਾਣਦੇ ਤੁਹਾਡਾ। ਅਸੀਂ ਕਿਹਾ ਚਲੋ ਏਸੇ ਤਰ੍ਹਾਂ ਹੀ ਬੁਲਾ ਲੈਨੇ ਆਂ। "

" ਅੱਛਾ! ਬੜੇ ਚਲਾਕ ਓ ਫਿਰ ਤਾਂ। ਮੇਰੀ ਤਾਂ ਜਾਨ ਈ ਨਿਕਲ ਗਈ ਸੀ। ਜੇ ਦੀਪਾਂ ਮੇਰੇ ਨਾਲ ਨਾ ਹੁੰਦੀ, ਮੈਂ ਤਾਂ ਮਰ ਈ ਗਈ ਹੁੰਦੀ। " ਉਸ ਕੁੜੀ ਦੇ ਨਾਲ ਬੈਠੀ ਦੂਜੀ ਕੁੜੀ ਨੇ ਚੁਲਬੁਲੇਪਨ ਵਿੱਚ ਕਿਹਾ।

" ਹਾਂ ਬਈ ਹਾਂ, ਜੇ ਰੀਟਾ ਮੇਰੇ ਨਾਲ ਨਾ ਹੁੰਦੀ ਤਾਂ ਮੇਰਾ ਵੀ ਏਹੀ ਹਾਲ ਹੋਣਾ ਸੀ ਤੇ ਪਤਾ ਨ੍ਹੀਂ ਤੁਸੀਂ....... । " ਪਹਿਲੀ ਕੁੜੀ ਨੇ ਜ਼ਹਿਰੀਲੇ ਅੰਦਾਜ਼ ਵਿੱਚ ਆਪਣੀ ਸਾਥਣ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਕਿਹਾ ਸੀ।

" ਤੇ ਹੁਣ ਕਿਹੜਾ ਅਸੀਂ...... . । " ਗੱਲ ਅਧੂਰੀ ਛੱਡਦਿਆਂ ਅਜੀਤ ਸਿੰਘ ਬੋਲਿਆ। " ਚਲੋ ਫਿਰ ਅੱਜ ਸ਼ਾਮ ਦੀ ਮਹਿਫ਼ਲ ਮਿਲ ਕੇ ਸਜਾ ਲੈਨੇ ਆਂ, ਕੁਛ ਠੰਡਾ ਕੁਛ ਗਰਮ ਈ ਹੋ ਜਾਏਗਾ। "

" ਕਿਉਂ ਨ੍ਹੀਂ, ਕਿਉਂ ਨ੍ਹੀਂ। ਜਿਵੇਂ ਤੁਹਾਡੀ ਮਰਜ਼ੀ। " ਦੋਹਾਂ ਕੁੜੀਆਂ ਨੇ ਕਾਹਲੀ ਨਾਲ ਇਕੱਠਿਆਂ ਹੀ ਕਿਹਾ। ਜਿਵੇਂ ਉਹ ਇਸ ਤਰ੍ਹਾਂ ਦੇ ਸੱਦੇ ਲਈ ਉਤਾਵਲੀਆਂ ਸਨ। ਦੋਹਾਂ ਧਿਰਾਂ ਦੇ ਸ਼ਿਕਾਰੀ ਸ਼ਿਕਾਰ ਕਰਨ ਆਏ ਖੁਦ ਆਪ ਹੀ ਸ਼ਿਕਾਰ ਹੋ ਗਏ ਸਨ।

ਸਰਦਾਰਾਂ ਦੇ ਸ਼ਬਾਬਖਾਨੇ ਵਿੱਚ ਸ਼ਰਾਬ ਤੇ ਸ਼ਬਾਬ ਦੀ ਮਹਿਕ ਖਿੱਲਰੀ ਹੋਈ ਸੀ।

ਪਿੰਡੋਂ ਬਾਹਰ ਫਾਰਮ ਵਿੱਚ ਗੁਪਤ ਰੂਪ ਵਿੱਚ ਹੀ ਉਨ੍ਹਾਂ ਦੀ ਇਹ ਮਹਿਫਲ ਲੱਗਦੀ ਸੀ। ਵਫ਼ਾਦਾਰ ਨੌਕਰ ਅੰਦਰ ਦੀ ਗੱਲ ਇੱਕ ਕੰਨ ਤੋਂ ਦੂਸਰੇ ਕੰਨ ਤੱਕ ਨਹੀਂ ਸੀ ਪਹੁੰਚਣ ਦਿੰਦੇ। ਅੱਜ ਦਿਨ ਦੇ ਕੀਤੇ ਸ਼ਿਕਾਰ ਦਾ ਮਾਸ ਦਾੜ੍ਹਾਂ ਦੀ ਲਪੇਟ ਵਿੱਚ ਆ ਕੇ ਕਚਰ ਕਚਰ ਕਰਦਾ ਗਲ਼ੇ ਵਿੱਚ ਉੱਤਰ ਰਿਹਾ ਸੀ । ਇਸ ਵੇਲੇ ਦੀਪਾਂ ਤੇ ਰੀਟਾ ਦੇ ਨਾਲ ਇੱਕ ਕੁੜੀ ਹੋਰ ਵੀ ਸੀ। ਜਾਮ 'ਤੇ ਜਾਮ ਚੱਲ ਰਿਹਾ ਸੀ। ਪਰ ਅਜੇ ਬਿੱਲੇ ਦੀ ਉਡੀਕ ਹੋ ਰਹੀ ਸੀ। ਛੇਤੀ ਹੀ ਬਿੱਲਾ ਇੱਕ ਖੂਬਸੂਰਤ ਲੜਕੀ ਨਾਲ ਅੰਦਰ ਦਾਖਿਲ ਹੋਇਆ। ਕੁਛ ਕਰਾਰੇ ਨਵੇਂ ਨੋਟ ਬਿੱਲੇ ਦੀ ਹਥੇਲੀ 'ਤੇ ਆ ਟਿਕੇ। ਇਸ ਦੇ ਨਾਲ ਹੀ ਦਰਵਾਜਾ ਬੰਦ ਕਰਦਿਆਂ ਬਿੱਲਾ ਬਾਹਰ ਨਿਕਲ ਗਿਆ।

ਗੰਦੇ ਨਾਲੇ ਵੱਲੋਂ ਆਏ ਹਵਾ ਦੇ ਬੁੱਲੇ ਦੀ ਤਰ੍ਹਾਂ ਸ਼ਰਾਬ ਦੀ ਬਦਬੂ ਨਵੀਂ ਆਈ ਕੁੜੀ ਦੇ ਨੱਕ ਨੂੰ ਚੜ੍ਹੀ। ਨੱਕ ਮੂੰਹ ਉੱਤੇ ਹੱਥ ਰੱਖੀ ਕੁੜੀ ਕਮਰੇ ਦਾ ਜਾਇਜਾ ਲੈਣ ਲੱਗੀ। ਅੱਧ ਨੰਗੀਆਂ ਤਿੰਨ ਜਵਾਨ ਮੁਟਿਆਰਾਂ ਨੂੰ ਸਰਦਾਰਾਂ ਨਾਲ ਹੱਸ ਹੱਸ ਕਲੋਲ ਕਰਦਿਆਂ ਦੇਖ ਉਹਦਾ ਦਿਲ ਕੀਤਾ ਕਿ ਆਪਣੀਆਂ ਅੱਖਾਂ ਮੂਹਰੇ ਵੀ ਹੱਥ ਕਰ ਲਏ ਪਰ ਉਸ ਤੋਂ ਪਹਿਲਾਂ ਹੀ ਜਸਬੀਰ ਸਿੰਘ ਦੀ ਅਵਾਜ਼ ਗੂੰਜੀ।

" ਬਹਿ ਜਾਓ ਸੋਹਣਿਓ! ਇਸ ਤਰ੍ਹਾਂ ਕਿੰਨਾ ਕੁ ਚਿਰ ਖਜ਼ਾਨਾ ਦੱਬੀ ਖੜੇ ਰਹੋਗੇ। ਹੁਸਨ ਦੇ ਮਾਲਕੋ, ਸਾਡੇ ਕੋਲ ਆ ਜਾਓ.... ਅੱਛਾ ਲਉ ਅਸੀਂ ਹੀ ਆ ਜਾਨੇ ਆਂ। ਨਾਲੇ ਫੁੱਲ ਨੇੜੇ ਭੌਰੇ ਨੂੰ ਹੀ ਜਾਣਾ ਪੈਂਦੈ ।" ਉਹ ਉੱਠ ਕੇ ਉਸ ਲਾਜਵਾਬ ਹੁਸਨ ਦੇ ਕੋਲ ਜਾ ਖੜਾ ਹੋਇਆ।

" ਮੈਂ ਬਹਿਣ ਨ੍ਹੀ ਆਈ। ਜਿਸ ਕੰਮ ਲਈ ਸੱਦਿਆ, ਉਹਦੀ ਗੱਲ ਕਰੋ। " ਕੁੜੀ ਨੂੰ ਸਰਦਾਰ ਦੀਆਂ ਹਰਕਤਾਂ ਤੋਂ ਚਿੜ ਮਹਿਸੂਸ ਹੋ ਰਹੀ ਸੀ । ਪਤਾ ਨਹੀਂ ਬਿੱਲਾ ਉਹਨੂੰ ਕੀ ਕਹਿ ਕੇ ਏਥੇ ਲੈ ਆਇਆ ਸੀ। ਉਹ ਇਸ ਮਹਿਫਲ ਦੀ ਜੀਨਤ ਬਣਨ ਆਈ ਨਹੀਂ ਸੀ ਲੱਗਦੀ । ਕੋਈ ਸਾਊ ਲੜਕੀ ਬਿੱਲੇ ਦੇ ਚੱਕਰ 'ਚ ਆ ਫਸੀ ਸੀ ।

" ਇਸ ਨਾਲੋਂ ਚੰਗਾ ਕੰਮ ਹੋਰ ਕਿਹੜਾ ਹੋ ਸਕਦੈ ।" ਸਰਦਾਰ ਖਿੜੇ ਗੁਲਾਬ ਦੀ ਤਰ੍ਹਾਂ ਟਹਿਕਿਆ। ਹੱਥ 'ਚ ਫੜੇ ਜਾਮ 'ਚੋਂ ਘੁੱਟ ਭਰ ਕੇ ਉਹ ਪਿਛਾਂਹ ਪਰਤਿਆ ।" ਸ਼ਾਇਦ ਤੁਹਾਡੇ ਤੋਂ ਸ਼ਰਮ ਆ ਰਹੀ ਐ ਇਸ ਨੂੰ । ਇਸ ਲਈ ਤੁਸੀਂ ਅੱਜ ਜਾਉ, ਤੁਹਾਡੀ ਵਾਰੀ ਤਾਂ ਹੁਣ ਕਲ੍ਹ ਨੂੰ ਹੀ ਆਵੇਗੀ । ਸਰਦਾਰ ਅੱਜ ਇੱਕ ਹੀ ਫੁੱਲ ਦਾ ਮਜ਼ਾ ਚੱਖਣਗੇ। " ਉਸਦਾ ਇਸ਼ਾਰਾ ਦੀਪਾਂ ਤੇ ਉਸਦੀਆਂ ਸਾਥਣਾਂ ਵੱਲ ਸੀ ।

ਤੀਵੀਂ ਚਾਹੇ ਆਪਣੀ ਹੋਵੇ ਜਾਂ ਬੇਗਾਨੀ, ਜਦੋਂ ਉਸ ਨੂੰ ਇਸ ਖਾਸ ਮਕਸਦ ਲਈ ਕੋਲ ਸੱਦਿਆ ਜਾਵੇ ਤੇ ਫਿਰ ਉਸ ਨੂੰ ਇਸ ਤੋਂ ਵਾਂਝਾ ਰੱਖ ਕੇ ਛੱਡ ਦਿੱਤਾ ਜਾਵੇ ਤਾਂ ਫਿਰ ਉਹ ਇਸ ਨੂੰ ਆਪਣੀ ਸਭ ਤੋਂ ਵੱਡੀ ਤੌਹੀਨ ਸਮਝਦੀ ਹੈ। ਇਸ ਦੇ ਇਵਜ ਵਿੱਚ ਮਿਲਣ ਵਾਲੀ ਕੋਈ ਕੀਮਤ ਜਾਂ ਲਾਲਚ ਭਾਵੇਂ ਉਹਨੂੰ ਨਾ ਮਿਲੇ , ਉਹ ਸਬਰ ਕਰ ਲਏਗੀ । ਪਰ ਇਸ ਤਰ੍ਹਾਂ ਛੱਡਣ 'ਤੇ ਉਹਦੇ ਅੰਦਰਲੀ ਔਰਤ ਘਾਇਲ ਹੋ ਜਾਂਦੀ ਹੈ।

ਘੂਰਦੇ ਹੋਏ ਲੜਕੀਆਂ ਨੇ ਸਰਦਾਰ ਵੱਲ ਦੇਖਿਆ। ਆਪਣੀ ਹੀ ਅੱਗ ਵਿੱਚ ਜਲਦੀਆਂ ਉਹ ਕਮਰੇ ਚੋਂ ਬਾਹਰ ਹੋ ਗਈਆਂ। ਭਾਵੇਂ ਕਿ ਉਨ੍ਹਾਂ ਨੂੰ ਮੂੰਹੋਂ ਮੰਗੇ ਪੈਸੇ ਮਿਲ

ਗਏ ਸੀ, ਪਰ ਅੰਦਰਲੀ ਅੱਗ ਜਿਹੜੀ ਅਜੇ ਬੁਝੀ ਨਹੀਂ ਸੀ, ਹੁਣ ਭੜਕ ਗਈ ਸੀ। ਜਿਸ ਉਦੇਸ਼ ਲਈ ਉਨ੍ਹਾਂ ਨੂੰ ਸੱਦਿਆ ਗਿਆ ਸੀ, ਉਸ ਨੂੰ ਪੂਰਾ ਹੁੰਦਾ ਨਾ ਦੇਖ ਕੇ ਉਹਨਾਂ ਨੂੰ ਲੱਗਾ ਜਿਵੇਂ ਕਿਸੇ ਨੇ ਸੁੱਕੀ ਲੱਕੜ ਨੂੰ ਚੁਆਂਤੀ ਲਾ ਕੇ ਛੱਡ ਦਿੱਤਾ ਹੋਵੇ ।

ਜਾਮ ਖਾਲੀ ਕਰਕੇ ਜਸਬੀਰ ਸਿੰਘ ਨੇ ਗਿਲਾਸ ਇੱਕ ਪਾਸੇ ਵਗਾਹ ਮਾਰਿਆ। ਤੇ ਉਸ ਲੜਕੀ ਨੂੰ ਫੜਨ ਲਈ ਉਸ ਵੱਲ ਝਪਟਿਆ । ਇਸ ਤੋਂ ਪਹਿਲਾਂ ਕਿ ਲੜਕੀ ਉਹਦੀਆਂ ਬਾਹਾਂ ਵਿੱਚ ਹੁੰਦੀ, ਉਹ ਬੜੀ ਚਤੁਰਾਈ ਨਾਲ ਇੱਕ ਪਾਸੇ ਨੂੰ ਖਿਸਕ ਗਈ ਸੀ । ਚਾਰੇ ਸਰਦਾਰ ਜਿਹੜੇ ਬੜੇ ਮਜੇ ਨਾਲ ਇਹ ਤਮਾਸ਼ਾ ਦੇਖ ਰਹੇ ਸਨ, ਉਹ ਵੀ ਉਨ੍ਹਾਂ ਦੇ ਆਲੇ ਦੁਆਲੇ ਆ ਖੜੇ ਹੋਏ । ਲੜਕੀ ਹੁਣ ਤੱਕ ਕਾਫੀ ਕੁਝ ਸਮਝ ਗਈ ਸੀ। ਦੈਂਤਾਂ ਵਰਗੇ ਸਰਦਾਰਾਂ ਦੇ ਚੁੰਗਲ 'ਚੋਂ ਨਿਕਲਣਾ ਉਸ ਲਈ ਮੁਸ਼ਕਿਲ ਸੀ। ਅਜੀਤ ਸਿੰਘ ਦਾ ਭਾਰਾ ਹੱਥ ਉਸ ਦੇ ਜਬਾੜ੍ਹੇ 'ਤੇ ਆਣ ਵੱਜਾ।

" ਆਖਿਰ ਤੁਸੀਂ ਚਹੁੰਦੇ ਕੀ ਓ ? " ਉਹ ਚੀਖੀ ।

" ਜੋ ਇੱਕ ਮਰਦ ਕਿਸੇ ਔਰਤ ਕੋਲੋਂ ਚਹੁੰਦਾ ਹੈ। " ਜਵਾਬ ਸੀ ।

" ਪਰ ਇਹ ਹੋ ਨ੍ਹੀਂ ਸਕਦਾ। ਮੈਂ ਇਹ ਸੋਚ ਵੀ ਨਈਂ ਸਕਦੀ ਸੀ ਕਿ ਤੁਸੀਂ ਏਨੇ ਕਮੀਨੇ ਆਦਮੀ ਹੋ ਸਕਦੇ ਹੋ। "

" ਤੂੰ ਕੀ, ਕੋਈ ਹੋਰ ਵੀ ਨਈਂ ਸੋਚ ਸਕਦਾ ਭੋਲੀ ਲੜਕੀ । ਜਿਸ ਚੀਜ਼ ਨੂੰ ਇਹ ਸਰਦਾਰ ਪਾਉਣਾ ਚਹੁੰਦੇ ਐ ਪਾ ਕੇ ਈ ਛੱਡਦੇ ਐ । ਹੁਣ ਤੂੰ ਏਥੋਂ ਬਚ ਕੇ ਨਈਂ ਜਾ ਸਕਦੀ, ਚੰਗੀ ਜਾਣ ਤੇ ਸਾਡੀ ਗੱਲ ਮੰਨ ਜਾ। "

" ਪਰ ਇਸ ਵਾਰ ਤੁਸੀਂ ਉਹ ਪਾ ਨਹੀਂ ਸਕਦੇ , ਜੋ ਤੁਸੀਂ ਸੋਚੀ ਬੈਠੇ ਓ। ਮੈਂ ਇਸ ਤਰ੍ਹਾਂ ਦੀ ਨਈਂ ਹਾਂ, ਮੈਨੂੰ ਜਾਣ ਦਿਉ। ਮੇਰੇ ਉੱਤੇ ਰਹਿਮ ਖਾਉ, ਮੈਂ ਤੁਹਾਡੇ ਅੱਗੇ ਹੱਥ ਜੋੜਦੀ ਹਾਂ " ਕੁੜੀ ਦੇ ਦੋਵੇਂ ਹੱਥ ਸੱਚਮੁੱਚ ਜੁੜ ਗਏ । ਪਰ ਅਚਾਨਕ ਉਸ ਨੇ ਸ਼ਰਾਬ ਦੀ ਇੱਕ ਖਾਲੀ ਬੋਤਲ ਭੰਨ ਕੇ ਹੱਥ ਵਿੱਚ ਫੜ੍ਹ ਲਈ ਤੇ ਅਗਲੇ ਹੀ ਪਲ ਟੁੱਟੀ ਬੋਤਲ ਕੁੜੀ ਦੇ ਪੇਟ ਵਿੱਚ ਖੁੱਭੀ ਪਈ ਸੀ। ਖੂਨ ਦੀਆਂ ਧਾਰਾਂ ਵਹਿ ਕੇ ਫਰਸ਼ ਲਾਲ ਕਰਨ ਲੱਗੀਆਂ। ਉਹ ਥੋੜ੍ਹਾ ਕੁ ਤੜਫੀ ਤੇ ਫਿਰ ਉਸ ਦੀ ਧੌਣ ਇੱਕ ਪਾਸੇ ਨੂੰ ਲਟਕ ਗਈ।

" ਚਲੋ ਚੰਗਾ ਹੋਇਆ, ਸਾਡੇ ਹੱਥੋਂ ਮਰਨ ਤੋਂ ਪਹਿਲਾਂ ਆਪ ਈ ਮਰ ਗਈ। " ਘੰਟੀ ਦੇ ਬਟਨ 'ਤੇ ਉਂਗਲ ਰੱਖਦਿਆਂ ਜਸਬੀਰ ਸਿੰਘ ਨੇ ਕਿਹਾ। ਬਿੱਲਾ ਤੇ ਉਹਦੇ ਸਾਥੀ ਵਫਾਦਾਰ ਕੁੱਤਿਆਂ ਦੀ ਤਰ੍ਹਾਂ ਪੂਛਾਂ ਹਿਲਾਉਂਦੇ ਅੰਦਰ ਆ ਗਏ ਤੇ ਲਾਸ਼ ਨੂੰ ਸਮੇਟਣ ਲੱਗੇ । ਪੰਜੇ ਸਰਦਾਰ ਸ਼ਹਿਰ ਦੇ ਵੱਡੇ ਹੋਟਲ ਵੱਲ ਨਿਕਲ ਤੁਰੇ ਸਨ ।

ਸ਼ਬਾਬਖਾਨੇ ਵਿੱਚ ਮਨ ਦੀ ਖਾਹਿਸ਼ ਪੂਰੀ ਨਾ ਹੋਣ ਕਰਕੇ ਉਨ੍ਹਾਂ ਇੱਛਤ ਫਲ ਦੀ ਮੰਗ ਹੋਟਲ ਵਿੱਚ ਆ ਕੇ ਕਰ ਦਿੱਤੀ ਸੀ । ਇਸ ਹੋਟਲ ਦਾ ਇਹ ਨਿਯਮ ਸੀ ਕਿ ਗਾਹਕ ਜੋ ਕੁਝ ਚਾਹੁਣ ਹਨੇਰੇ ਵਿੱਚ ਕਰ ਸਕਦੇ ਸਨ । ਕਮਰੇ ਦੀ ਬੱਤੀ ਜਗਾਉਣ ਦੀ ਉਹਨਾਂ ਨੂੰ ਮਨਾਹੀ ਸੀ । ਨਿਯਮਾਂ ਅਨੁਸਾਰ ਪੰਜੇ ਸਰਦਾਰ ਇੱਕ ਕਮਰੇ ਵਿੱਚ ਚਲੇ ਗਏ, ਜਿੱਥੇ ਕਿਰਾਏ ਦੀਆਂ ਕੁੜੀਆਂ ਉਨ੍ਹਾਂ ਕੋਲ ਪਹੁੰਚ ਗਈਆਂ ।

ਹਮੇਸ਼ਾ ਦੀ ਤਰ੍ਹਾਂ ਉੱਚੀਆਂ ਪੱਗਾਂ ਵਾਲੇ ਪੰਜੇ ਸਰਦਾਰ ਹੁਸਨ ਦੇ ਸਾਗਰ ਵਿੱਚ

ਡੁੱਬੇ ਪਏ ਸਨ ਕਿ ਅਚਾਨਕ ਬੱਤੀ ਜਗ ਪਈ । ਹਰ ਵਾਰੀ ਹਨੇਰੇ ਵਿੱਚ ਤ੍ਰੇਹ ਭਾਵੇਂ ਉਨ੍ਹਾਂ ਦਾ ਮਿਟ ਜਾਂਦੀ ਸੀ, ਪਰ ਉਸ ਸਾਗਰ ਦੇ ਦਰਸ਼ਨ ਤੋਂ ਉਹ ਮੁਹਤਾਜ ਰਹਿ ਜਾਂਦੇ ਸਨ । ਜਿੱਥੇ ਉਹ ਮਚਲਦੇ ਦਰਿਆਵਾਂ ਦੀ ਤਰ੍ਹਾਂ ਵਗਦੇ ,ਉੱਛਲਦੇ ਫਿਰ ਉਸ ਵਿੱਚ ਹੀ ਆਤਮਸਾਤ ਹੋ ਜਾਂਦੇ ਸਨ ।

ਇੱਕ ਨਹੀਂ,ਦੋ ਨਹੀਂ । ਤਿੰਨ ਨਹੀਂ, ਚਾਰ ਨਹੀਂ । ਪੰਜ ਦੇ ਪੰਜ ਸਰਦਾਰ । ਉੱਚੀਆਂ ਪੱਗਾਂ ਦੇ ਸ਼ਮਲੇ ਟੇਢੇ ਹੋ ਗਏ । ਅੱਖਾਂ ਦੀਆਂ ਪਲਕਾਂ ਬੰਦ ਹੋਣ ਲੱਗੀਆਂ। ਉਸ ਲੜਕੀ ਦੀ ਲਾਸ਼ ਉਨ੍ਹਾਂ ਦੀਆਂ ਨਜ਼ਰਾਂ ਅੱਗੇ ਘੁੰਮਣ ਲੱਗੀ । ਵਾਸਤੇ ਪਾਉਂਦੀ , ਤਰਲੇ ਕਰਦੀ ਤੇ ਫਿਰ ਸੁੰਨ ਹੁੰਦੀ ਲਾਸ਼ ।

ਇਹਨਾਂ ਪੰਜਾਂ ਕੁੜੀਆਂ 'ਚੋਂ ਦੋ ਸਰਦਾਰਾਂ ਦੀਆਂ ਸਕੀਆਂ ਭੈਣਾਂ ਸਨ । ਰਮਿੰਦਰ ਤੇ ਸ਼ਮਿੰਦਰ । ਬੱਤੀ ਦੁਬਾਰਾ ਬੰਦ ਹੋ ਚੁੱਕੀ ਸੀ । ਪਰ ਉਨ੍ਹਾਂ ਨੂੰ ਅਜੇ ਵੀ ਚਾਨਣ ਨਜ਼ਰ ਆ ਰਿਹਾ ਸੀ । ਬੈੱਡਾਂ 'ਤੇ ਪਏ ਗੱਦੇ ਉਨ੍ਹਾਂ ਨੂੰ ਰੇਤਲੇ ਖੂਹ ਮਹਿਸੂਸ ਹੋ ਰਹੇ ਸਨ, ਜਿਹੜੇ ਥੱਲੇ ਹੀ ਥੱਲੇ ਨਿਘਰਦੇ ਜਾ ਰਹੇ ਸਨ ।

ਅਗਲੇ ਦਿਨ ਤੋਂ ਕਿਸੇ ਨੇ ਸਰਦਾਰਾਂ ਨੂੰ ਸ਼ਿਕਾਰ 'ਤੇ ਜਾਂਦਿਆਂ ਕਦੇ ਨਾ ਦੇਖਿਆ। ਫਾਰਮ ਹਾਊਸ ਦੇ ਗੁਪਤ ਕਮਰੇ ਵਿੱਚ ਫਿਰ ਕਦੇ ਮਹਿਫ਼ਲ ਨਾ ਲੱਗੀ। ਹੁਣ ਉਹ ਦਿਨੇ ਕਿਸੇ ਨਾਲ ਵੀ ਸਿਰ ਚੁੱਕ ਕੇ ਗੱਲ ਨਾ ਕਰਦੇ ਤੇ ਸ਼ਾਮ ਪੈਂਦਿਆਂ ਹੀ ਆਪਣੇ ਆਪਣੇ ਕਮਰਿਆਂ 'ਚ ਬੰਦ ਹੋ ਜਾਂਦੇ । ਕਿਉਂ ? ਇਸ ਬਾਰੇ ਸਿਰਫ਼ ਉਹ ਉੱਚੀਆਂ ਉੱਚੀਆਂ ਪੱਗਾਂ ਵਾਲੇ ਸਰਦਾਰ ਹੀ ਜਾਣਦੇ ਸਨ ਜਿਸਦੀ ਭਿਣਕ ਉਨ੍ਹਾਂ ਦੇ ਵਫਾਦਾਰ ਕੁੱਤੇ ਵੀ ਨਾ ਪਾ ਸਕੇ।

-•♣•-



## ਫੁਲਝੜੀਆਂ ਦਾ ਸੇਕ

" ਕੀ ਗੱਲ ਐ ਲਾਜੋ ? ਅੱਜ ਘਰੇ ਈ ਬੈਠੀ ਐਂ। ਸਿਹਤ ਤਾਂ ਠੀਕ ਠਾਕ ਐ ਤੇਰੀ। " ਦੋਵੇਂ ਹੱਥ ਦਰਵਾਜੇ ਦੀ ਚੁਗਾਠ ਦੀਆਂ ਦੋਹਾਂ ਬਾਹੀਆਂ ਨਾਲ ਲਾਈ ਖੜ੍ਹੇ ਹੇਮ ਰਾਜ ਨੇ ਕਿਹਾ। ਇੰਜ ਲੱਗਦਾ ਸੀ ਜਿਵੇਂ ਉਹ ਕੰਧਾਂ ਨੂੰ ਧੱਕਾ ਲਾ ਰਿਹਾ ਹੋਵੇ।

" ਹਾਂ ਠੀਕ ਐ । " ਹੱਸਦੇ ਹੋਏ ਲਾਜੋ ਨੇ ਕਿਹਾ। " ਅੱਜ ਤੈਂ ਇਹ ਸਵਾਲ ਕਿਸ ਤਰ੍ਹਾਂ ਕਰ ਦਿੱਤਾ। ਲਾਜੋ ਤਾਂ ਸਦਾਂ ਈ ਠੀਕ ਰਹਿੰਦੀ ਆ। ਇੱਕ ਤੇਰਾ ਈ ਖਿਆਲ ਸੀ, ਉਹ ਵੀ ਪੂਰਾ ਹੋ ਗਿਆ। "

" ਅੱਛਾ! ਪਰ ਮੈਂ ਤਾਂ ਸਮਝਿਆ ਸੀ ਕਿ ਸ਼ਾਇਦ ਤੂੰ ਪਾਗਲ ਹੋ ਗਈਂ ਏਂ। " ਹੇਮ ਰਾਜ ਦਹਿਲੀਜ ਟੱਪ ਕੇ ਅੰਦਰ ਆ ਗਿਆ। ਲਾਜੇ ਫਿਰ ਜ਼ੋਰ ਨਾਲ ਹੱਸ ਪਈ। ਹੇਮ ਰਾਜ ਨੇ ਸਮਝਿਆ ਸ਼ਾਇਦ ਅੱਜ ਵੀ ਉਹ ਪਾਗਲ ਹੋ ਗਈ ਆ। ਇਸ ਦਾ ਦਿਮਾਗ ਚੱਲ ਗਿਆ ਹੈ। ਕਿੰਨਾ ਚਿਰ ਉਹ ਹੱਥਾਂ 'ਚ ਮੂੰਹ ਛੁਪਾਈ ਹੱਸਦੀ ਰਹੀ। ਹੇਮ ਰਾਜ ਅਵਾਕ ਖੜਾ ਦੇਖਦਾ ਰਿਹਾ।

" ਲੱਗਦਾ ਹੈ ਪਾਗਲ ਲਾਜੋ ਨਈਂ, ਤੂੰ ਹੋ ਗਿਆ ਏਂ ਹੇਮ ਰਾਜ। ਅੱਜ ਕੱਲ੍ਹ ਜਾਂ ਤਾਂ ਜਿਆਦਾ ਪੀਣੀ ਸ਼ੁਰੂ ਕਰ ਦਿੱਤੀ ਐ ਤੇ ਜਾਂ ਅੱਜ ਫਿਰ ਤੇਰਾ ਚਲਾਨ ਹੋ ਗਿਆ ਲੱਗਦੈ। ਸੌਂ ਜਾ ਹੇਮ ਰਾਜ। ਆ ਜਾ ਸੌਂ ਜਾ। ਆ ਮੈਂ ਤੈਨੂੰ ਸੁਲਾ ਦਿੰਨੀ ਆਂ। " ਲਾਜੋ ਨੇ ਉਹਨੂੰ ਬਾਹੋਂ ਫੜ ਲਿਆ ਤੇ ਪਲੰਘ ਵੱਲ ਖਿੱਚਣ ਲੱਗੀ।

" ਲਾਜੋ ਇਹ ਕੀ ਮਜ਼ਾਕ ਐ। ਮੈਂ ਪਾਗਲ ਨਈਂ ਤੇ ਨਾ ਹੀ ਮੈਂ ਪੀਤੀ ਐ। ਮੈਂ ਸੱਚ ਕਹਿ ਰਿਹਾ ਹਾਂ। ਉਸ ਦਿਨ ਵੀ ਤੂੰ ਬਹੁਤ ਦੇਰ ਤੱਕ ਹੱਸਦੀ ਰਹੀ ਸੀ, ਬਹੁਤ ਦੇਰ ਤੱਕ । ਜਿਸ ਦਿਨ ਅੱਜ ਵਾਂਗ ਹੀ ਤੂੰ ਘਰੋਂ ਬਾਹਰ ਨਈਂ ਸੀ ਗਈ। ਮੈਂ ਤੈਨੂੰ ਹਰ ਮੋੜ 'ਤੇ ਲੱਭਿਆ। ਹਰ ਕਲੱਬ 'ਚ ਦੇਖਿਆ। ਘਰ ਤੋਂ ਬਿਨਾਂ ਤੇਰਾ ਹਰ ਟਿਕਾਣਾ ਮੈਂ ਛਾਣ ਮਾਰਿਆ, ਪਰ ਤੂੰ ਨਾ ਮਿਲੀ। ਆਖਿਰ ਮੈਂ ਏਥੇ ਆ ਗਿਆ। "

" ਫਿਰ ਕੀ ਹੋਇਆ ? " ਲਾਜੋ ਨਾ ਪੁੱਛਿਆ।

" ਮੈਂ ਆਇਆ ਤਾਂ ਤੂੰ ਰੋ ਰਹੀ ਸੀ। ਉੱਚੀ ਉੱਚੀ .... ਉੱਚੀ ... ਬਹੁਤ ਉੱਚੀ। ਮੈਂ ਚੁੱਪ ਚਾਪ ਬਹਿ ਗਿਆ। ਫਿਰ ਇੱਕ ਦਮ ਤੂੰ ਹੱਸਣਾ ਸ਼ੁਰੂ ਕਰ ਦਿੱਤਾ। ਹੱਸੀ ਗਈ ਹੱਸੀ

ਗਈ। ਕਈ ਵਾਰੀ ਤੂੰ ਸ਼ੀਸ਼ੇ ਵਿੱਚ ਦੇਖਿਆ। ਕਈ ਵਾਰੀ ਤੂੰ ਮੂੰਹ ਅੱਗੇ ਦੁਪੱਟਾ ਲੈ ਕੇ ਹੱਸਦੀ ਰਹੀ। ਮੈਂ ਤੈਨੂੰ ਬੁਲਾਇਆ ਵੀ ਸੀ। ਪਰ ਤੂੰ ਕੋਈ ਜਵਾਬ ਨਾ ਦਿੱਤਾ। ਸ਼ਾਇਦ ਤੂੰ ਮੈਨੂੰ ਦੇਖਿਆ ਵੀ ਹੋਵੇ, ਪਰ ਬੋਲੀ ਕੁਝ ਨਾ। "

ਹੇਮ ਰਾਜ ਕਹਿੰਦਾ ਕਹਿੰਦਾ ਰੁਕ ਗਿਆ। ਤਕਰੀਬਨ ਪੰਜ ਮਿੰਟ ਉਹ ਕੁਝ ਵੀ ਨਾ ਬੋਲਿਆ। ਲਾਜੋ ਉਹਨੂੰ ਘੂਰ ਰਹੀ ਸੀ। ਹੈਰਾਨ ਪ੍ਰੇਸ਼ਾਨ। ਉਸ ਦੀਆਂ ਨਜ਼ਰਾਂ ਹੇਮ ਰਾਜ ਦੇ ਬੁੱਲਾਂ 'ਤੇ ਠਹਿਰੀਆਂ ਹੋਈਆਂ ਸਨ । ਸ਼ਾਇਦ ਉਹਨੂੰ ਕੁਝ ਹੋਰ ਸੁਣਨ ਦੀ ਆਸ ਸੀ। ਪਰ ਹੇਮ ਰਾਜ ਚੁੱਪ ਰਿਹਾ। ਜਿਵੇਂ ਗੂੰਗਾ ਹੋ ਗਿਆ ਹੋਵੇ ।

" ਉਸ ਤੋਂ ਬਾਅਦ ।" ਲਾਜੋ ਦੇ ਬੁੱਲ ਫਰਕੇ ।

ਹੇਮ ਰਾਜ ਨੇ ਨਜ਼ਰਾਂ ਉਤਾਂਹ ਚੁੱਕੀਆਂ।

" ਤੇ ਫਿਰ ਕੀ ਹੋਇਆ ਰਾਜ ? ਤੂੰ ਬੋਲਦਾ ਕਿਉਂ ਨ੍ਹੀਂ ? " ਲਾਜੋ ਉਹਨੂੰ ਝੰਜੋੜ ਰਹੀ ਸੀ।

" ਫਿਰ ਤੂੰ ਨੱਚਣਾ ਸ਼ੁਰੂ ਕਰ ਦਿੱਤਾ। " ਬਿਨਾਂ ਉਸ ਵੱਲ ਗੌਰ ਕੀਤੇ ਉਹ ਬੋਲਣ ਲੱਗ ਪਿਆ। ਜਿਵੇਂ ਕੋਈ ਰਿਕਾਰਡ ਵੱਜਣਾ ਸ਼ੁਰੂ ਹੋ ਜਾਂਦਾ ਹੈ। " ਮੈਂ ਪੱਥਰ ਹੋ ਗਿਆ ਸੀ। ਅੱਖਾਂ ਹੀ ਸਨ ਜੋ ਸਭ ਕੁਝ ਦੇਖ ਰਹੀਆਂ ਸਨ। ਨੱਚਦੇ ਨੱਚਦੇ ਤੂੰ ਆਪਣੇ ਕੱਪੜੇ ਲਾਹੁਣੇ ਸ਼ੁਰੂ ਕਰ ਦਿੱਤੇ। ਮੈਂ ਹੜਬੜਾ ਗਿਆ। ਕੁਝ ਦੇਰ ਬਾਅਦ ਤੂੰ ਅੱਧਨੰਗੀ ਸੀ। ਤੇਰੇ ਕੱਪੜੇ ਇਧਰ ਉਧਰ ਖਿੱਲਰੇ ਪਏ ਸੀ। ਸ਼ਰਾਬ ਦੀ ਬੋਤਲ ਸ਼ਾਇਦ ਤੂੰ ਪਹਿਲਾਂ ਹੀ ਖੋਲ੍ਹੀ ਬੈਠੀ ਸੀ। ਇੱਕ ਗਲਾਸ ਭਰ ਕੇ ਤੂੰ ਗਟਾਗਟ ਚਾੜ੍ਹ ਗਈ। ਤੇ ਫਿਰ ਮੈਂ ਵਾਪਿਸ ਚਲਾ ਗਿਆ ਸੀ। "

ਲਾਜੋ ਫਿਰ ਹੱਸ ਪਈ। ਜਿਵੇਂ ਇਨ੍ਹਾਂ ਗੱਲਾਂ ਦਾ ਉਸ 'ਤੇ ਕੋਈ ਅਸਰ ਨਈ੍ਹੰ ਹੋਇਆ ਸੀ। ਕਿਆਮਤ ਢਾਹੁਣ ਵਾਲੀਆਂ ਨਜ਼ਰਾਂ ਨਾਲ ਉਹਨੇ ਹੇਮ ਰਾਜ ਵੱਲ ਦੇਖਿਆ। ਫਿਰ ਉਹ ਉਹਨੂੰ ਜਾ ਚਿੰਬੜੀ । ਉਹਦੇ ਗਰਮ ਗਰਮ ਹੋਂਠ ਹੇਮ ਰਾਜ ਦੇ.......।

" ਇਹ ਕੀ ਪਾਗਲਪਨ ਐ। " ਹੇਮ ਰਾਜ ਗਰਮੀ ਵਿੱਚ ਤਰ ਸੀ। ਬੜੀ ਮੁਸ਼ਕਿਲ ਨਾਲ ਉਹ ਅਜ਼ਾਦ ਹੋਇਆ। " ਹਰ ਵਕਤ ਸਾਗਰ 'ਚ ਗੋਤੇ ਖਾਂਦੀ ਰਹਿ ਕੇ ਵੀ ਤੂੰ ਕਿੰਨੀ ਪਿਆਸੀ ਏਂ। ਇਹੀ ਕਾਰਨ ਐ ਕਿ ਸਭ ਕੁਝ ਜਾਣ ਕੇ ਵੀ ਤੇਰਾ ਆਪਣੇ 'ਤੇ ਵੱਸ ਨ੍ਹੀਂ ਰਿਹਾ।

" ਕੀ ਜਾਣ ਕੇ ਰਾਜ ! " ਲਾਜੋ ਨਰਮ ਤੇ ਹੱਸਦੇ ਹੋਏ ਲਹਿਜੇ ਵਿੱਚ ਬੋਲੀ।

" ਜੋ ਕੁਝ ਮੈਂ ਹੁਣੇ ਕਹਿ ਕੇ ਹਟਿਆਂ।"

" ਕਿ ਮੈਂ ਅੱਧਨੰਗੀ ਸੀ। ਨੱਚਦੀ ਸੀ, ਹੱਸਦੀ ਸੀ, ਰੋਂਦੀ ਸੀ। " ਲਾਜੋ ਨੇ ਵਾਕ ਪੂਰਾ ਕਰਦਿਆਂ ਕਿਹਾ। " ਮੈਂ ਸਭ ਜਾਣਦੀ ਹਾਂ। ਮੈਂ ਜਾਣ ਬੁਝ ਕੇ ਵੀ ਭੁੱਲ ਜਾਂਦੀ ਹਾਂ। ਕਿਉਂਕਿ ਤੂੰ ਮੂਰਖ ਏਂ। ਹੋਰ ਕੁਝ ਨਈ੍ਹੰ ਜਾਣਦਾ। ਕੀ ਤੂੰ ਦੱਸ ਸਕਦਾ ਏਂ ਕਿ ਮੈਂ ਕਿਉਂ ਹੱਸੀ ਸੀ। "

" ਨਈ੍ਹੰ ! ਤੂੰ ਹੀ ਦੱਸ, ਕਿਉਂ ਹੋਇਆ ਸੀ ਇਹ ਸਭ ਕੁਝ। " ਹੇਮ ਰਾਜ ਨੇ ਹੁਣ ਨਰਮ ਲਹਿਜੇ ਵਿੱਚ ਹੀ ਕਿਹਾ ਸੀ। ਪਰ ਉਸ ਦੀਆਂ ਗੁਸੈਲੀਆਂ ਅੱਖਾਂ ਵਿੱਚ ਕੁਝ ਹੋਰ ਹੀ ਭਾਵ ਸੀ।

" ਮੈਂ ਇੱਕ ਗਰੀਬ ਘਰ ਵਿੱਚ ਜੰਮੀ ਪਲੀ । ਦੁੱਖ ਸੁੱਖ ਸਹਿ ਕੇ, ਰੁੱਖੀ ਮਿੱਸੀ ਖਾ ਕੇ ਮੈਂ ਜਵਾਨ ਹੋ ਗਈ। ਬਾਪ ਮੇਰਾ ਨਿੱਤ ਦਾ ਸ਼ਰਾਬੀ ਸੀ। ਕੰਮ ਉਹ ਘੱਟ ਵੱਧ ਹੀ ਕਰਦਾ। ਮਾਂ ਵਿਚਾਰੀ ਕਈ ਘਰਾਂ ਦਾ ਝਾੜੂ ਪੋਚਾ ਕਰਦੀ। ਫਿਰ ਵੀ ਘਰ ਦਾ ਗੁਜਾਰਾ ਮੁਸ਼ਕਿਲ ਨਾਲ ਚੱਲਦਾ ਸੀ। ਮੈਥੋਂ ਪਿੱਛੋ ਅਜੇ ਮੇਰੀਆਂ ਦੋ ਹੋਰ ਭੈਣਾਂ ਜਵਾਨ ਹੋ ਰਹੀਆਂ ਸਨ । ਮੁਹੱਲੇ ਦੀਆਂ ਕਈ ਕੁੜੀਆਂ ਇਸ ਧੰਦੇ 'ਚ ਪੈ ਚੁੱਕੀਆਂ ਸਨ । ਮੇਰਾ ਉਨ੍ਹਾਂ ਨਾਲ ਉੱਠਣਾ ਬਹਿਣਾ ਸੀ। ਹੌਲੀ ਹੌਲੀ ਮੈਂ ਵੀ ਉਨ੍ਹਾਂ ਨਾਲ ਜਾਣ ਲੱਗ ਪਈ। ਮੈਨੂੰ ਕਿਸੇ ਨੇ ਰੋਕਿਆ ਨਈਂ। ਮਾਂ ਸਗੋਂ ਖੁਸ਼ ਸੀ, ਘਰ ਦਾ ਗੁਜਾਰਾ ਵਧੀਆ ਚੱਲ ਪਿਆ ਸੀ । ਜਦੋਂ ਲੋਕਾਂ ਦੀ ਨਜ਼ਰੇ ਪੂਰੀ ਚੜ੍ਹ ਗਈ ਤਾਂ ਮੈਂ ਇਹ ਧੰਦਾ ਇਕੱਲੀ ਕਰਨ ਲੱਗ ਪਈ। ਮੈਂ ਆਪਣਾ ਵੱਖਰਾ ਘਰ ਬਣਾ ਲਿਆ। ਹੁਣ ਭਾਵੇਂ ਮੈਂ ਥੋੜ੍ਹੀ ਅਮੀਰ ਹੋ ਗਈ ਆਂ । ਪਰ ਆਪਣਾ ਸਭ ਕੁਝ ਲੁਟਾ ਕੇ, ਵੇਚ ਕੇ ਮੈਂ ਇਹ ਅਮੀਰੀ ਹਾਸਿਲ ਕੀਤੀ ਐ।

ਲੋਕ ਮੈਨੂੰ ਕੁਛ ਖਾਸ ਈ ਚੀਜ਼ ਸਮਝਦੇ ਆ । ਕੋਈ ਵਧੀਆ ਮਾਲ ਕਹਿੰਦੈ ਤੇ ਕੋਈ ਪੁਰਜਾ। ਕੋਈ ਮੈਨੂੰ ਲੈਲਾ ਕਹਿੰਦੈ ਤੇ ਕੋਈ ਪਟਾਖਾ। ਹਰ ਨਾਂਅ ਮੈਨੂੰ ਚੰਗਾ ਲੱਗਦੈ, ਕਿਉਂਕਿ ਇਹ ਮੇਰਾ ਪੇਸ਼ਾ ਆ। ਜਦ ਮੈਂ ਇਹ ਪੇਸ਼ਾ ਨਈਂ ਸੀ ਕਰਦੀ ਤਾਂ ਕਈ ਮਨਚਲੇ ਮੈਨੂੰ ਫੱਟੀ ਕਹਿੰਦੇ ਸੀ। ਮੈਂ ਸੁਣਦੀ ਪਰ ਮੈਨੂੰ ਇਸ ਦਾ ਕੋਈ ਮਤਲਬ ਸਮਝ ਨਈਂ ਸੀ ਪੈਂਦਾ। ਜਦੋਂ ਹੀ ਮੈਂ ਇਸ ਪੇਸ਼ੇ 'ਚ ਆਈ, ਮੇਰੇ ਸਾਹਮਣੇ ਇੱਕ ਨਵਾਂ ਹੀ ਨਾਂਅ ਆਇਆ 'ਟੈਕਸੀ' । ਕਿਉਂਕਿ ਹਰ ਆਦਮੀ ਮੈਨੂੰ ਟੈਕਸੀ ਦੀ ਤਰ੍ਹਾਂ ਕਿਰਾਏ 'ਤੇ ਲੈ ਸਕਦਾ ਸੀ। ਜਿੰਨੇ ਪੈਸੇ ਮੈਂ ਮੰਗਦੀ, ਮੈਨੂੰ ਮਿਲ ਜਾਂਦੇ । ਮੈਂ ਖੁਸ਼ ਸੀ । ਨਾਲੇ ਮੇਰੇ ਨਾਲੋਂ ਕਿਹੜਾ ਕੋਈ ਕੁਛ ਲਾਹ ਲੈਂਦਾ ਸੀ, ਸਗੋਂ ਦੇ ਹੀ ਜਾਂਦਾ ਸੀ। ਮੇਰੇ ਕੰਨੀਂ ਕਈ ਤਰ੍ਹਾਂ ਦੀਆਂ ਅਵਾਜਾਂ ਪੈਂਦੀਆਂ, ਫਿਰ ਖਤਮ ਹੋ ਜਾਂਦੀਆਂ। ਹਰ ਰੋਜ਼ ਕਈਆਂ ਦੀ ਖਾਹਿਸ਼ ਹੁੰਦੀ ਕਿ ਉਹ ਮੈਨੂੰ ਪਾ ਲਵੇ, ਪਰ ਜਿਸ ਦੀ ਗੱਡੀ ਮੇਰੇ ਕੋਲ ਆ ਖੜ੍ਹੀ ਹੁੰਦੀ , ਮੈਂ ਉਹਦੇ ਨਾਲ ਚਲੀ ਜਾਂਦੀ।

ਉਸ ਦਿਨ , ਜਿਸ ਦਿਨ ਦੀ ਤੂੰ ਗੱਲ ਕਰ ਰਿਹਾ ਏਂ, ਮੈਂ ਹਰਨ੍ਹਾਮੇ ਦੇ ਢਾਬੇ ਕੋਲ ਖੜੀ ਸੀ। ਜਿੱਥੇ ਹਰ ਵੇਲੇ ਟਰੱਕ ਤੇ ਟੈਕਸੀ ਡਰਾਈਵਰਾਂ ਦੀ ਭੀੜ ਲੱਗੀ ਰਹਿੰਦੀ ਐ। ਮੈਨੂੰ ਕੋਈ ਗਾਹਕ ਨਾ ਮਿਲਿਆ। ਖੜੀ ਖੜੀ, ਇਧਰ ਉਧਰ ਤੁਰੀ ਫਿਰਦੀ, ਮੈਂ ਅੱਕ ਗਈ। ਫਿਰ ਤੂੰ ਆਇਆ ਸੀ। ਮੈਂ ਪਹਿਲਾਂ ਵੀ ਕਈ ਵਾਰੀ ਤੇਰੇ ਨਾਲ ਜਾ ਚੁੱਕੀ ਸੀ। ਉਸ ਦਿਨ ਤੂੰ ਬੜਾ ਖੁਸ਼ ਸੀ। ਤੇਰੇ ਕੋਲ ਨਵੀਂ ਨਵੀਂ ਟੈਕਸੀ ਸੀ। ਤੂੰ ਮੇਰੇ ਕੋਲ ਆ ਕੇ ਹੌਰਨ ਮਾਰਿਆ। ਮੈਂ ਪਿਛਲੀ ਸੀਟ 'ਤੇ ਬਹਿਣ ਲਈ ਤਾਕੀ ਖੋਲ੍ਹਣੀ ਚਾਹੀ, ਪਰ ਤੂੰ ਮੈਨੂੰ ਆਪਣੇ ਨਾਲ ਅਗਲੀ ਸੀਟ 'ਤੇ ਬਹਾ ਲਿਆ ਸੀ।

ਮੈਂ ਜਿਆਦਾ ਗੱਲ ਨ੍ਹੀਂ ਕਰਦੀ, ਕਿਉਂਕਿ ਸਾਰਾ ਇਸ਼ਾਰਿਆਂ ਨਾਲ ਈ ਚੱਲਦਾ ਆ। ਕਾਰ ਰੁਕਦੀ ਏ, ਮੈਂ ਹੱਥ ਦੀਆਂ ਉਂਗਲਾਂ ਖੜ੍ਹੀਆਂ ਕਰ ਦਿੰਨੀ ਆਂ। ਚਾਰ ਸੌ , ਪੰਜ ਸੌ, ਜਿੰਨੀਆਂ ਉਂਗਲਾਂ ਓਨੇ ਸੌ। ਉਸ ਦਿਨ ਮੈਂ ਪੂਰੀਆਂ ਪੰਜ ਉਂਗਲਾਂ ਖੜ੍ਹੀਆਂ ਕੀਤੀਆਂ, ਤੂੰ ਮੰਨ ਗਿਆ ਸੀ। " ਹੇਮ ਰਾਜ ਚੁੱਪ ਚਾਪ ਬੈਠਾ ਸੁਣਦਾ ਰਿਹਾ। ਲਾਜੋ ਬੋਲੀ ਗਈ।

" ਟੈਕਸੀ ਸੜਕ 'ਤੇ ਜਿਵੇਂ ਤਰਦੀ ਜਾ ਰਹੀ ਸੀ। ਤੂੰ ਮੇਰੇ ਨਾਲ ਖੇਲ੍ਹ ਰਿਹਾ ਸੀ।

ਜਿਸ ਤਰ੍ਹਾਂ ਤੂੰ ਚਾਹੁੰਦਾ ਸੀ, ਮੈਂ ਕਰਦੀ ਜਾਂਦੀ ਸੀ। ਕਿਉਂਕਿ ਅੱਜ ਲਈ ਮੈਂ ਤੇਰੇ ਕੋਲ ਵਿਕ ਚੁੱਕੀ ਸੀ। ਟੈਕਸੀ ਰੁਕੀ। ਤੂੰ ਥੱਲੇ ਉੱਤਰ ਗਿਆ। ਸਾਹਮਣੇ ਪੁਲਿਸ ਦਾ ਨਾਕਾ ਸੀ। ਇੱਕ ਸਿਪਾਹੀ ਨੇ ਤੈਨੂੰ ਕਾਗਜ਼ ਦਿਖਾਉਣ ਲਈ ਕਿਹਾ ਤੇ ਫਿਰ ਲਾਇਸੰਸ। ਲਾਇਸੰਸ ਤੇਰੇ ਕੋਲ ਹੈ ਨਈਂ ਸੀ। ਪਤਾ ਨ੍ਹੀਂ ਨਵੀਂ ਗੱਡੀ ਦੇ ਚਾਅ 'ਚ ਤੇ ਜਾਂ ਫਿਰ ਕਿਸੇ ਹੋਰ ਕਾਰਨ, ਲਾਇਸੰਸ ਤੂੰ ਘਰ ਭੁੱਲ ਆਇਆ ਸੀ। ਉਹ ਪੁਲਸੀਆ ਮੇਰੇ ਵੱਲ ਹੀ ਘੂਰ ਰਿਹਾ ਸੀ, ਮੈਂ ਉੱਤਰ ਕੇ ਆਪਣੇ ਰਾਹ ਪੈ ਗਈ। ਕਿਉਂਕਿ ਤੇਰਾ ਹੁਣ ਚਲਾਨ ਕੱਟ ਹੋਣਾ ਸੀ, ਤੇ ਜਾਂ ਫਿਰ ਕੋਈ ਸੌਦੇਬਾਜੀ। ਪਤਾ ਨ੍ਹੀਂ ਇਹ ਰੱਫੜ ਕਦੋਂ ਮੁੱਕਣਾ ਸੀ। ਪਹਿਲਾਂ ਤਾਂ ਸੋਚਿਆ ਕਿ ਕੋਈ ਹੋਰ ਗਾਹਕ ਹੀ ਦੇਖ ਲਵਾਂ, ਪਰ ਮੈਂ ਘਰ ਨੂੰ ਹੀ ਆ ਗਈ ਸੀ।

ਉਸ ਦਿਨ ਮੈਂ ਹੱਸਦੀ ਰਹੀ, ਰੋਂਦੀ ਰਹੀ, ਨੱਚਦੀ ਰਹੀ। ਤੁਸੀਂ ਲੋਕ ਮੈਨੂੰ ਹੋਟਲਾਂ 'ਚ ਲੈ ਜਾਨੇ, ਸਿਨਮੇ ਲੈ ਜਾਨੇ । ਜੇ ਕੋਈ ਮਿਲ ਜਾਵੇ, ਇਹ ਮੇਰੀ ਕਜ਼ਨ ਐ, ਇਹ ਮੇਰੀ ਔਹ ਆ, ਇਹ ਮੇਰੀ ਔਹ ਆ । ਗੱਲ ਕੀ ਉਸ ਸਮੇਂ ਲਈ ਤੁਸੀਂ ਮੇਰੇ ਨਾਲ ਕੋਈ ਨਾ ਕੋਈ ਰਿਸ਼ਤਾ ਗੰਢ ਲੈਂਦੇ ਹੋ। ਮੇਰੇ ਨਾਲ ਡਾਂਸ ਕਰਦੇ ਹੋ, ਹੱਸਦੇ ਨੱਚਦੇ ਟੱਪਦੇ ਹੋ । ਇੱਕ ਰੋਂਦੇ ਈ ਨਈਂ, ਹਾਂ ਬੇਤਾਬ ਜਰੂਰ ਰਹਿੰਦੇ ਹੋ, ਮੈਨੂੰ ਪਉਣ ਲਈ। ਪਰ ਮੈਂ ਉਸ ਦਿਨ ਘਰ ਆ ਕੇ ਰੋਈ ਸੀ। " ਲਾਜੋ ਨੇ ਜਿਵੇਂ ਸਾਹ ਲਿਆ।

" ਪਰ ਕਿਉਂ ਰੋਈ ਸੀ ? ਏਹੀ ਤਾਂ ਮੈਂ ਪੁੱਛਦਾ ਹਾਂ। ਤੂੰ ਹੋਰ ਹੀ ਗੱਲ ਤੋਰ ਲੈਨੀ ਏਂ। " ਹੇਮ ਰਾਜ ਅੱਕੇ ਹੋਏ ਲਹਿਜੇ 'ਚ ਬੋਲਿਆ। ਦੂਸਰਾ ਉਹ ਇਸ ਕਰਕੇ ਵੀ ਖਿਝ ਗਿਆ ਸੀ ਕਿ ਲਾਜੋ ਮਰਦ ਜਾਤ ਦੇ ਸਾਰੇ ਨਕਾਬ ਲਾਹ ਰਹੀ ਸੀ।

" ਰੋਈ ਮੈਂ ਇਸ ਕਰਕੇ ਸੀ ਕਿ ਉਸ ਦਿਨ ਮੈਂ ਆਪਣੇ ਆਪ ਨੂੰ ਇਕੱਲੀ ਮਹਿਸੂਸ ਕਰ ਰਹੀ ਸੀ। ਚਾਹੇ ਮੈਂ ਦਿਨੇ ਰਾਤ ਦਿਲਾਂ 'ਤੇ ਡਾਕਾ ਮਾਰਦੀ ਹਾਂ। ਤੁਸੀਂ ਆਪਣੇ ਤਨ ਦੀ ਅੱਗ ਬੁਝਾਉਣ ਲਈ ਮੇਰੇ ਕੋਲ ਆਉਂਦੇ ਹੋ ਤੇ ਚਲੇ ਜਾਂਦੇ ਹੋ। ਮੈਂ ਜਵਾਨ ਆਂ, ਸੋਹਣੀ ਆਂ । ਮੇਰੇ ਕੋਲ ਘਰ ਆ, ਪੈਸਾ ਆ । ਕੀ ਨਈਂ ਹੈ ਮੇਰੇ ਕੋਲ । ਚੰਗਾ ਖਾਂਦੀ ਆਂ, ਚੰਗਾ ਪਹਿਨਦੀ ਆਂ। ਘਰ ਦੀ ਗੱਡੀ ਵੀ ਬਿਨਾਂ ਲਾਇਸੰਸ ਨਹੀਂ ਚੱਲਦੀ। ਮਰਦ ਇਸ ਗੱਡੀ ਦਾ ਲਾਇਸੰਸ ਹੀ ਤਾਂ ਹੈ। ਕੀ ਮੈਨੂੰ ਕੋਈ ਲਾਇਸੰਸ ਨਈਂ ਮਿਲ ਸਕਦੈ। "

" ਮੈਂ ਕੁਛ ਸਮਝਿਆ ਨ੍ਹੀਂ ਲਾਜੋ। " ਹੇਮ ਰਾਜ ਦੇ ਦਿਲ ਦਿਮਾਗ ਵਿੱਚ ਤੂਫਾਨ ਜਿਹਾ ਆ ਰਿਹਾ ਸੀ।

" ਮੂਰਖ ਆਦਮੀ ਸਮਝ ਵੀ ਨਈਂ ਸਕਦੈ। ਲਾਜੋ ਝੁੰਜਲਾ ਉੱਠੀ। ਤੁਸੀਂ ਸਾਰੇ ਲਾਇਸੰਸ ਹੀ ਹੋ। ਸਮਝ ਗਿਆ। ਮਤਲਬ ਕਿ ਉਸ ਤਰ੍ਹਾਂ ਵੀ ਖੇਹ ਖਾਂਦੇ ਹੋ, ਪੈਸਾ ਬਰਬਾਦ ਕਰਦੇ ਹੋ। ਜੇ ਸਦਾ ਲਈ ਇੱਕ ਮੇਰਾ ਬਣ ਜਾਏ ਤਾਂ ਮੌਤ ਆਉਂਦੀ ਐ । ਇਹ ਠੀਕ ਐ ਕਿ ਮੈਂ ਵਾਸ਼ਨਾ ਤੋਂ ਭੁੱਖੀ ਨਈਂ ਰਹਿੰਦੀ, ਮੈਨੂੰ ਤੜਫਣਾ ਨਈਂ ਪੈਂਦਾ, ਕਿਉਂਕਿ ਮੇਰੇ ਇੱਕ ਇਸ਼ਾਰੇ 'ਤੇ ਕਈ ਆਉਣ ਨੂੰ ਤਿਆਰ ਰਹਿੰਦੇ ਆ। ਪਰ ਕਦੋਂ ਤੱਕ। ਸਿਰਫ਼ ਨਾਲ ਸੌਣ ਤੱਕ। ਤੇ ਉਹ ਵੀ ਜਿੰਨਾ ਚਿਰ ਮੈਂ ਜਵਾਨ ਆਂ। "

" ਪਰ ਇੱਕ ਟੈਕਸੀ ਨਾਲ । ਬਦਚਲਨ ਔਰਤ ਨਾਲ ਵਿਆਹ ਕਰਾ ਕੇ ਕੋਈ

ਬਦਨਾਮ ਨਈਂ ਹੋਵੇਗਾ। ਜਿਹੜੀ ਇੱਕ ਸਥਿਰ ਸੜਕ ਦੀ ਤਰ੍ਹਾਂ ਦੀ ਹੈ। ਜਿਸ 'ਤੇ ਜੋ ਆਵੇ ਗੁਜ਼ਰ ਜਾਵੇ। ਪਰ ਉਹ ਸਿਥਲ ਪਈ ਐ, ਉਸ 'ਤੇ ਕੋਈ ਅਸਰ ਨਈਂ। ਕੀ ਕੋਈ ਸਭ ਲੋਕਾਂ ਦੀ ਜੂਠ ਖਾਵੇ। "

"ਕਿਉਂ, ਹੁਣ ਕੀ ਹੋਜੂ ? ਅੱਗੇ ਰੋਜ਼ ਖਾਂਦੇ ਈ ਆ। ਵੈਸੇ ਤੂੰ ਵੀ ਤਾਂ ਇਕੱਲਾ ਈ ਏਂ। ਘਰ ਨ੍ਹੀਂ ਘਾਟ ਨ੍ਹੀਂ। ਕਿੰਨਾ ਕੁ ਚਿਰ ਇਸ ਤਰ੍ਹਾਂ ਢਾਬਿਆਂ 'ਤੇ ਰੋਟੀ ਖਾਂਦਾ ਰਹੇਂਗਾ। ਮੈਨੂੰ ਤਾਂ ਇੱਕ ਲਾਇਸੰਸ ਚਾਹੀਦੈ। ਮੈਂ ਵੀ ਕਿਸੇ ਮਰਦ ਨੂੰ ਆਪਣਾ ਕਹਿ ਸਕਾਂ। ਜਿਹੜਾ ਮੈਨੂੰ ਆਪਣੀ ਘਰ ਵਾਲੀ ਸਮਝ ਸਕੇ। ਮੇਰੀ ਇੱਜਤ ਕਰ ਸਕੇ। " ਲਾਜੋ ਨੇ ਇੱਕ ਟੁੱਕ ਗੱਲ ਮੁਕਾਈ।

ਹੇਮ ਰਾਜ ਚੁੱਪ ਚਾਪ ਪਲੰਘ 'ਤੇ ਬਹਿ ਗਿਆ। ਉਹ ਕੋਈ ਫੈਸਲਾ ਨਾ ਕਰ ਸਕਿਆ। ਉਹਨੂੰ ਨ੍ਹੀਂ ਪਤਾ ਕਦੋਂ ਬੱਤੀ ਗੁੱਲ ਹੋ ਗਈ ਤੇ ਲਾਜੋ ਉਸ ਨਾਲ.........। ਮੱਧਮ ਸਿਸਕੀਆਂ ਸ਼ਹਿਨਾਈ ਦੀ ਤਰ੍ਹਾਂ ਹਨੇਰੇ ਦੇ ਸਾਂਤ ਵਾਤਾਵਰਨ ਵਿੱਚ ਗੂੰਜ ਉੱਠੀਆਂ। ਹੇਮ ਰਾਜ ਨੂੰ ਲੱਗਾ ਜਿਵੇਂ ਉਹਦੇ ਧੁਰ ਅੰਦਰੋਂ ਕੋਈ ਕੁਛ ਖਿੱਚੀ ਜਾ ਰਿਹਾ ਹੋਵੇ। ਸੰਗਮਰਮਰ ਦੀ ਕਿਸੇ ਮੂਰਤੀ ਦੀ ਤਰ੍ਹਾਂ ਲਾਜੋ ਦਾ ਜਿਸਮ, ਉਹਨੂੰ ਲੱਗਾ ਜਿਵੇਂ ਪਟਿਆਲੇ ਦੀ ਬਾਰਾਂਦਰੀ ਦੀ ਉਹ ਮੂਰਤੀ ਸਾਕਾਰ ਰੂਪ ਧਾਰ ਕੇ ਉਹਦੇ ਕੋਲ ਆ ਗਈ ਹੋਵੇ। ਤੂਫਾਨ ਗੁਜ਼ਰ ਚੁੱਕਾ ਸੀ। ਹੁਣ ਸਭ ਕੁਝ ਸ਼ਾਂਤ ਸੀ।

" ਇਜਾਜਤ ਹੋਵੇ ਤਾਂ ਜਾਵਾਂ ਹੁਣ। " ਆਦਮ ਕੱਦ ਸ਼ੀਸ਼ੇ ਵਿੱਚ ਦੇਖਦਿਆਂ ਤੇ ਪਾਏ ਹੋਏ ਕੱਪੜਿਆਂ ਦੀਆਂ ਸਿਲਵਟਾਂ ਠੀਕ ਕਰਦਿਆਂ ਹੇਮ ਰਾਜ ਨੇ ਕਿਹਾ।

" ਜੇ ਇਜਾਜਤ ਲੈ ਕੇ ਆਇਆ ਸੀ ਤਾਂ ਜਾਣ ਲਈ ਇਜਾਜਤ ਲੈਣੀ ਜਰੂਰੀ ਈ ਆ। ਇਹ ਹੁਣ ਤੂੰ ਸੋਚ । " ਲਾਜੋ ਨੇ ਉਹਦੇ ਗਲ ਵਿੱਚ ਬਾਹਾਂ ਪਾਉਂਦਿਆਂ ਹੱਸਦੇ ਹੋਏ ਕਿਹਾ।

" ਫਿਰ ਤਾਂ ਕੋਈ ਰੁਕਾਵਟ ਨਈਂ ਜਾਣ ਲਈ। ਕੀ ਖਿਆਲ ਐ ? " ਹੇਮ ਰਾਜ ਨੇ ਵੀ ਦੋਵੇਂ ਬਾਹਾਂ ਲਾਜੋ ਦੇ ਲੱਕ ਦੁਆਲੇ ਕੱਸਦਿਆਂ ਅੱਖ ਦੱਬੀ।

" ਖਿਆਲ ਤਾਂ ਠੀਕ ਈ ਐ। ਕਿਉਂ ! ਅੱਜ ਏਨੀ ਛੇਤੀ ਮਨ ਭਰ ਗਿਆ ਜਨਾਬ ਦਾ, ਜਿਹੜੀ ਜਾਣ ਦੀ ਕਾਹਲੀ ਪੈ ਗਈ। " ਲਾਜੋ ਆਪਣੀਆਂ ਬਾਹਾਂ ਢਿੱਲੀਆਂ ਕਰਦੀ ਬੋਲੀ।

" ਮਨ ਤਾਂ ਕਦੇ ਵੀ ਨ੍ਹੀਂ ਭਰਦਾ। ਜੇ ਇੱਕ ਵਾਰੀ ਭਰ ਜਾਵੇ ਤਾਂ ਬੰਦਾ ਫਿਰ ਦੂਜੀ ਵਾਰੀ ਆਉਣ ਦੀ ਗੱਲ ਈ ਕਿਉਂ ਕਰੇ। ਇਹ ਤਾਂ ਕਦੇ ਭਰਦਾ ਈ ਨਈਂ ।" ਹੇਮ ਰਾਜ ਨੇ ਜਿਵੇਂ ਦਿਲ ਦੀ ਕਹੀ ਸੀ। ਆਪਣੀ ਏਸੇ ਗੱਲ ਵਿੱਚ ਉਹ ਇਨਸਾਨ ਦੀ ਫਿਤਰਤ ਤੇ ਤੜਪ ਦਾ ਖੁਲਾਸਾ ਕਰ ਗਿਆ ਸੀ।

" ਹਟ ਬੇਸ਼ਰਮ ! ਕਿੱਦਾਂ ਦੀ ਗੱਲ ਕਰਦਾ ਏ। ਮੈਂ ਇਸ ਤਰ੍ਹਾਂ ਥੋੜੀ ਕਿਹਾ ਏ। ਅੱਛਾ ਛੱਡ, ਕੋਈ ਚੰਗੀ ਜਿਹੀ ਗੱਲ ਕਰ। ਸੋਹਣੀ ਜਿਹੀ। " ਲਾਜੋ ਜਿਸਮਾਨੀ ਭੇਤ ਦੀ ਇਹ ਗੱਲ ਸੁਣ ਕੇ ਸ਼ਰਮਾ ਗਈ ਸੀ। ਉਸਨੇ ਗੱਲ ਬਦਲਣੀ ਚਾਹੀ।

" ਤੇਰੇ ਵਰਗੀ ਸੋਹਣੀ ਗੱਲ। ਲਾਜਵੰਤੀ ਵਰਗੀ। ਬਿਲਕੁਲ ਉਸ ਵਾਂਗ

ਸ਼ਰਮਸਾਰ। ਛੂਈ ਮੂਈ ਜਿਹੀ। ਹੱਥ ਲਾਇਆਂ ਸੁੰਗੜਕੇ 'ਕੱਠੀ ਹੋਣ ਵਾਲੀ। " ਹੇਮ ਰਾਜ ਉਹਦੀ ਸਿਫਤ ਕਰ ਰਿਹਾ ਸੀ ਤੇ ਜਾਂ ਫਿਰ ਉਹਨੂੰ ਭਰਮਾ ਰਿਹਾ ਸੀ।

" ਸੁੰਗੜਕੇ ਨਈਂ ਸ਼ਰਮਾ ਕੇ ਪਾਣੀ ਪਾਣੀ ਹੋ ਜਾਣ ਵਾਲੀ। ਜਿਵੇਂ ਆਪਣੇ ਆਪ 'ਚ ਲੁਕਣਾ ਚਾਹੁੰਦੀ ਹੋਵੇ । " ਲਾਜੋ ਨੇ ਉਹਦੇ ਲਫ਼ਜਾਂ ਨੂੰ ਨਵੇਂ ਅਰਥ ਦੇ ਦਿੱਤੇ ਸੀ।

" ਹਾਂ ਹਾਂ ਠੀਕ ਐ। " ਹੇਮ ਰਾਜ ਨੇ ਜਿਵੇਂ ਹਾਮੀ ਭਰੀ।

" ਕੀ ਹਾਂ ਹਾਂ। ਸਮਝਿਆ ਵੀ ਏਂ ਕੁਝ । ਭਲਾ ਆਪਣੇ ਆਪ 'ਚ ਵੀ ਲੁਕਿਆ ਜਾਂਦਾ ਕਿਸੇ ਕੋਲੋਂ । ਬੁੱਧੂ ਕਿਤੋਂ ਦਾ। " ਲਾਜੋ ਨੇ ਉਹਨੂੰ ਝਾੜ ਕੇ ਰੱਖ ਦਿੱਤਾ।

ਹੀ... ਹੀ... ਹੀ । ਉਲਟਾ ਅੱਗੋਂ ਉਹ ਦੰਦ ਕੱਢਣ ਲੱਗ ਪਿਆ। ਤੇ ਇਸ ਤਰ੍ਹਾਂ ਉਹਨੂੰ ਦੰਦ ਕੱਢਦਾ ਦੇਖ ਕੇ ਲਾਜੋ ਸੜ ਬਲ ਗਈ।

" ਤੂੰ ਹਰ ਗੱਲ ਦਾ ਅਰਥ ਪੁੱਠਾ ਈ ਕੱਢਦੀ ਏਂ। " ਹੇਮ ਰਾਜ ਨੇ ਨਰਮੀ ਨਾਲ ਕਿਹਾ।

" ਤੇ ਤੂੰ ਸਿੱਧਾ ਕੱਢਦਾ ਏਂ, ਘੁੱਗੂਆ। ਚਲ ਕੋਈ ਹੋਰ ਗੱਲ ਕਰ । " ਲਾਜੋ ਅਜੇ ਵੀ ਗਰਮ ਸੀ।

" ਕਿਸ ਤਰ੍ਹਾਂ ਦੀ ਕਰਾਂ। " ਹੇਮ ਰਾਜ ਨੂੰ ਸ਼ਾਇਦ ਸਮਝ ਨਾ ਆਈ ਕਿ ਉਹ ਹੁਣ ਕੀ ਕਹੇ।

" ਜਿਸ ਤਰ੍ਹਾਂ ਦੀ ਵੀ ਤੈਨੂੰ ਆਉਂਦੀ ਏ । " ਲਾਜੋ ਨੇ ਉਹਨੂੰ ਖੁੱਲੀ ਛੁੱਟੀ ਦੇ ਦਿੱਤੀ ਸੀ।

ਤੇ ਹੇਮ ਰਾਜ ਉਹਨੂੰ ਲਾਇਨਜ਼ ਕਲੱਬ ਦੀ ਹੀਰੋਇਨ ਦੀ ਗੱਲ ਸੁਨਾਉਣ ਲੱਗ ਪਿਆ। ਐਵੇਂ ਬੇਤੁੱਕੀ, ਬੇਰਸ, ਰੁੱਖੀ, ਫਿੱਕੀ ਜਿਹੀ ਗੱਲ।

"ਲਾਜਵੰਤੀ! "

" ਹਾਂ, ਦੱਸ । "

" ਤੂੰ ਕਦੇ ਰੂੰ ਵਰਗੀ ਕੁੜੀ ਦੀ ਗੱਲ ਸੁਣੀ ਆਂ ? "

" ਨਈਂ, ਉਹ ਕਿਸ ਤਰ੍ਹਾਂ ਦੀ ਆ। "

" ਪੁੰਨਿਆਂ ਦੇ ਚੰਦ ਦੀ ਚਾਂਦਨੀ ਵਰਗੀ, ਚਿੱਟੀ ਦੁੱਧ ਵਰਗੀ। ਬਿਜਲੀ ਦੀਆਂ ਟਿਊਬਾਂ ਵਰਗੀਆਂ ਬਾਹਾਂ ਵਾਲੀ ਕੁੜੀ।" ਹੇਮ ਰਾਜ ਨੇ ਕਿਹਾ। ਫਿਰ ਉਹ ਚੁੱਪ ਹੋ ਗਿਆ ਸੀ।

" ਤੇ ਫਿਰ! " ਲਾਜੋ ਨੇ ਪੁੱਛਿਆ।

" ਫਿਰ ਨਈਂ ਪਤਾ। "

" ਕਿਉਂ ? "

" ਅੱਜ ਮੈਂ ਚੱਲਦਾਂ। ਕਦੇ ਫਿਰ ਸਹੀ। ਮੈਨੂੰ ਪੂਰਾ ਯਾਦ ਨ੍ਹੀਂ ਉਹਦੇ ਬਾਰੇ। " ਹੇਮ ਰਾਜ ਬੇਚੈਨ ਜਿਹਾ ਬੋਲਿਆ।

" ਚੀਜ਼ ਕੋਈ ਵੀ ਹੋਵੇ। ਹਰ ਆਦਮੀ ਚਾਹੁੰਦਾ ਕਿ ਮੈਂ ਉਹਨੂੰ ਪਾ ਲਵਾਂਗਾ। ਸੰਭਵ ਅਸੰਭਵ ਯਤਨਾਂ ਨਾਲ ਉਹ ਉਸ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ਚਾਹੇ ਬਾਅਦ 'ਚ ਉਹਨੂੰ ਕੁਝ ਫਾਇਦਾ ਵੀ ਨਾ ਹੋਵੇ। ਕੁਝ ਹਾਸਿਲ ਕਰਨ ਦੀ ਜਗ੍ਹਾ ਉਲਟਾ ਨੁਕਸਾਨ ਹੀ ਉਠਾਉਣਾ ਪਵੇ। " ਲਾਜੋ ਜਿਵੇਂ ਫਿਲਾਸਫਰ ਬਣ ਗਈ ।

" ਠੀਕ ਈ ਕਰਦੈ, ਕਿਹੜਾ ਮਾੜਾ ਕਰਦੈ। " ਹੇਮ ਰਾਜ ਉਹਦੇ ਲੈਕਚਰ ਤੋਂ ਬਾਅਦ ਮਿੰਨ੍ਹਾ ਜਿਹਾ ਮਸਕਰਾ ਕੇ ਬੋਲਿਆ।

" ਪਰ ਆਮ ਦੇਖਣ 'ਚ ਆਇਆ ਕਿ ਹਰ ਆਦਮੀ ਟੈਸਟ ਤੋਂ ਘਬਰਾ ਜਾਂਦੈ। " ਲਾਜੋ ਨੇ ਕਿਹਾ।

" ਟੈਸਟ ਟੈਸਟ ਈ ਹੁੰਦੈ, ਘਬਰਾਵੇ ਕਿਉਂ ਨਾ। " ਹੇਮ ਰਾਜ ਨੇ ਸਹਿਜ ਨਾਲ ਕਿਹਾ।

" ਹਾਏ ਰੱਬਾ! ਇਹ ਕਿਸ ਤਰ੍ਹਾਂ ਦਾ ਸ਼ਖਸ਼ ਐ, ਕੋਈ ਸਮਝ ਈ ਨਈਂ ਇਹਨੂੰ। " ਲਾਜੋ ਖਿਝ ਗਈ।

" ਤੇ ਤੈਨੂੰ ਬਹੁਤ ਸਮਝ ਐ , ਆਈ ਵੱਡੀ ਸਮਝ ਵਾਲੀ। ਤੈਨੂੰ ਕੀ ਪਤਾ..........। "

" ਚੁੱਪ! " ਹੇਮ ਰਾਜ ਪਤਾ ਨਹੀਂ ਕੀ ਕਹਿਣ ਲੱਗਾ ਸੀ ਕਿ ਲਾਜੋ ਉਹਨੂੰ ਭੁੱਖੀ ਸ਼ੇਰਨੀ ਦੀ ਤਰ੍ਹਾਂ ਦਹਾੜ ਕੇ ਪਈ। ਹੇਮ ਰਾਜ ਦੇ ਗਲ਼ ਵਿੱਚ ਪਾਈ ਕਮੀਜ਼ ਉਸ ਨੇ ਖਿੱਚ ਕੇ ਲੀਰੋ ਲੀਰ ਕਰ ਦਿੱਤੀ। " ਏਥੇ ਆ ਕੇ ਤਾਂ ਕੋਈ ਨ੍ਹੀਂ ਘਬਰਾਉਂਦਾ। ਏਹੀ ਤਾਂ ਵੱਡਾ ਟੈਸਟ ਹੁੰਦੈ ਮਰਦ ਦਾ। " ਉਹਦੀ ਅਵਾਜ਼ ਤੇਜ਼ ਤੇ ਤਲਖ਼ ਸੀ। ਪਤਾ ਨਹੀਂ ਉਹ ਹੋਰ ਕੀ ਕੀ ਅਬਾ ਤਬਾ ਬੋਲਦੀ ਰਹੀ।

ਨਿਮੋਝੂਣਾ ਹੇਮ ਰਾਜ ਕਮਰੇ 'ਚੋਂ ਬਾਹਰ ਨਿਕਲਕੇ ਚੁਬਾਰੇ ਦੀਆਂ ਪੌੜੀਆਂ ਉੱਤਰ ਗਿਆ। "ਏਥੇ ਆ ਕੇ ਤਾਂ ਕੋਈ ਨ੍ਹੀਂ ਘਬਰਾਉਂਦਾ। ਏਹੀ ਤਾਂ ਵੱਡਾ ਟੈਸਟ ਹੁੰਦੈ ਮਰਦ ਦਾ। " ਲਾਜੋ ਦੇ ਕਹੇ ਆਖਰੀ ਬੋਲ ਉਹਦੇ ਦਿਮਾਗ ਵਿੱਚ ਹਥੌੜੇ ਦੀ ਤਰ੍ਹਾਂ ਵੱਜ ਰਹੇ ਸਨ । ਤੇ ਉਹਦਾ ਸਾਹ ਲੁਹਾਰ ਦੀ ਧੌਂਕਣੀ ਦੀ ਤਰ੍ਹਾਂ ਚਲ ਰਿਹਾ ਸੀ। ਲੱਗਦਾ ਸੀ ਜਿਵੇਂ ਹੁਣੇ ਉਹਦੀ ਹਿੱਕ ਪਾੜ ਕੇ ਕੁਝ ਬਾਹਰ ਡਿਗਣ ਵਾਲਾ ਹੈ।

" ਤੂੰ ਰੁਕ ਜਾ ਰਾਜ ! ਉੱਥੇ ਜਾਣਾ ਛੱਡ ਦੇ । " ਉਹਦਾ ਦੋਸਤ ਰਾਮ ਦਾਸ ਕਹਿੰਦਾ ਹੁੰਦਾ ਸੀ। " ਇਨ੍ਹਾਂ ਫੁੱਲਝੜੀਆਂ ਨੂੰ ਸਮਝਣਾ ਤੇਰੇ ਵੱਸ ਦੀ ਗੱਲ ਨਈਂ। "

" ਕਿਉਂ ਵੱਸ ਦੀ ਗੱਲ ਨਈਂ । ਫੁੱਲਝੜੀ ਸੁੰਦਰ ਈ ਤਾਂ ਹੁੰਦੀ ਆ। ਜਦੋਂ ਖਿੜਦੀ ਆ ਤਾਂ ਕਿਸ ਤਰ੍ਹਾਂ ਤਾਰੇ ਤਾਰੇ ਟੁੱਟਦੇ ਆ ਇਹਦੇ ਵਿੱਚੋਂ। ਜਿੱਦਾਂ ਸਾਰਾ ਅਕਾਸ਼ ਈ ਉਲਟ ਗਿਆ ਹੁੰਦੈ ਇੱਕ ਪਾਸੇ। " ਹੇਮ ਰਾਜ ਉਹਨੂੰ ਜਵਾਬ ਦਿੰਦਾ।

" ਇਹ ਦੂਰੋਂ ਹੀ ਚੰਗੀ ਲੱਗਦੀ ਆ। " ਰਾਮ ਦਾਸ ਫਿਰ ਕਹਿੰਦਾ।

" ਦੂਰੋਂ ਕਿਉਂ ! ਨੇੜਿਉਂ ਤਾਂ ਜਿਆਦਾ ਚੰਗੀ ਲੱਗਦੀ ਆ। ਨਾਲੇ ਇਹ ਕਿਹੜਾ ਲੂਹਣ ਲੱਗੀ ਆ ਕਿਸੇ ਨੂੰ । ਐਵੇਂ ਫੋਕੇ ਚੰਗਿਆੜੇ ਈ ਤਾਂ ਹੁੰਦੇ ਨੇ ਇਹਦੇ। ਜਗਦੇ ਬੁਝਦੇ ਰਹਿੰਦੇ ਨੇ ਪਲੋ ਪਲੀ। " ਹੇਮ ਰਾਜ ਦਲੀਲ ਦਿੰਦਾ ।

" ਓ ਨਈਂ ਦੋਸਤਾ! ਏਹੀ ਤੈਨੂੰ ਭੁਲੇਖਾ ਏ। ਇਹਦਾ ਜਲਿਆ ਵੀ ਰਾਸ ਨ੍ਹੀਂ ਅਉਂਦਾ। ਜਿਆਦਾ ਨੇੜੇ ਅਉਣ ਤੇ ਇਹ ਏਨਾ ਮੋਹਿਤ ਕਰ ਲੈਂਦੀ ਆ ਕਿ ਆਦਮੀ ਸਾਰੇ ਚੰਗਿਆੜੇ ਘੁੱਟਣ ਸਮੇਟਣ ਲੱਗਾ ਹੱਥ ਈ ਲੂਹ ਬਹਿੰਦਾ। "

ਤੇ ਸੱਚਮੁੱਚ ਅੱਜ ਉਹ ਹਾਰ ਕੇ ਆ ਗਿਆ ਸੀ । ਕਿਸ ਤਰ੍ਹਾਂ ਲਾਜੋ ਉਸ ਨੂੰ ਟੁੱਟ ਕੇ ਪਈ ਸੀ । ਡੈਣਾਂ ਵਾਂਗ ਰੱਖੇ ਨੌਂਹ। ਇੱਕ ਹੀ ਝਪੱਟੇ 'ਚ ਉਹਦੀ ਕਮੀਜ਼ ਚੀਰ ਮਾਰੀ ਸੀ ਉਹਨੇ। ਜੇ ਕੁਝ ਹੋਰ ਬੋਲ ਦਿੰਦਾ ਤਾਂ ਸ਼ਾਇਦ ਉਹ ਉਹਨੂੰ ਵੀ ਝਰੀਟ ਸੁੱਟਦੀ।

ਅਗਲੇ ਹੀ ਪਲ ਹੇਮ ਰਾਜ ਨੇ ਆਪਣਾ ਆਪ ਥਾਂ ਥਾਂ ਤੋਂ ਝਰੀਟਿਆ ਹੋਇਆ ਮਹਿਸੂਸ ਕੀਤਾ। ਖ਼ੂਨ ਜਿਵੇਂ ਉਸ ਨੂੰ ਲੱਥ ਪੱਥ ਕਰੀ ਜਾਂਦਾ ਸੀ। ਪਰ ਨਹੀਂ , ਇਹ ਤਾਂ ਹਵਾ ਨਾਲ ਉੱਡਦੀਆਂ ਲੀਰਾਂ ਸੀ ਤੇ ਉਹ ਪਸੀਨੇ ਨਾਲ ਨਹਾਇਆ ਹੋਇਆ ਸੀ ।

–●♣●–



## ਕਾਗਾ ਕਰੰਗ ਢੰਡੋਲਿਆ

ਸਿਆਲ ਦਾ ਮੌਸਮ, ਮਾਘ ਦਾ ਮਹੀਨਾ ਤੇ ਉਤੋਂ ਵਗਦੀ ਪੁਰੇ ਦੀ ਠੰਡੀ ’ਵਾ, ਤਿੱਖੇ ਖੰਜ਼ਰ ਦੀ ਤਰ੍ਹਾਂ ਸੀਨੇ ਵਿੱਚ ਖੁੱਭਦੀ ਜਾ ਰਹੀ ਸੀ। ਅੱਜ ਸਵੇਰ ਤੋਂ ਹੀ ਅਕਾਸ਼ ਵਿੱਚ ਬੱਦਲਵਾਹੀ ਜਿਹੀ ਹੋਈ ਪਈ ਸੀ। ਦੁਪਿਹਰਾ ਹੋਣ ’ਤੇ ਆਇਆ ਸੀ, ਪਰ ਸੂਰਜ ਨੇ ਅਜੇ ਤੱਕ ਵੀ ਆਪਣਾ ਮੂੰਹ ਨਹੀਂ ਸੀ ਦਿਖਾਇਆ। ਉਲਟਾ ਦੋ ਚਾਰ ਵਾਰੀ ਥੋੜ੍ਹੀ ਥੋੜ੍ਹੀ ਹਲਕੀ ਹਲਕੀ ਬਾਰਿਸ਼ ਹੋ ਗਈ ਸੀ, ਤੇ ਹੁਣ ਬਰਫ਼ ਨਾਲੋਂ ਵੀ ਠੰਡੀ ਹਵਾ ਵਗ ਰਹੀ ਸੀ।

ਕੰਬਲ ਦੀ ਬੁੱਕਲ ਮਾਰੀ ਪ੍ਰੀਤਮ ਬੈਲ ਗੱਡੀ ’ਤੇ ਬੈਠਾ ਠਰੂੰ ਠਰੂੰ ਕਰ ਰਿਹਾ ਸੀ। ਇੱਕ ਦੋ ਵਾਰੀ ਤਾਂ ਉਹਦਾ ਦੰਦੋਂੜਿਕਾ ਵੀ ਵੱਜ ਉੱਠਿਆ। ਉਹਨੇ ਕੰਬਲ ਮੂੰਹ ਉਪਰ ਕਰ ਲਿਆ। ਰਾਤ ਦਾ ਮਰਿਆ ਬਲਦ ਉਹਨੇ ਤੇ ਉਹਦੇ ਭਾਣਜੇ ਬਲਵੰਤ ਨੇ ਸਵੇਰੇ ਲੱਦਿਆ ਸੀ, ਪਰ ਠੰਡ ਵੱਲ ਦੇਖ ਕੇ ਉਨ੍ਹਾਂ ਦਾ ਬਾਹਰ ਨਿਕਲਣ ਲਈ ਚਿੱਤ ਨਹੀਂ ਸੀ ਕੀਤਾ। ਸੋਚਦੇ ਸੀ, ਸ਼ਾਇਦ ਧੁੱਪ ਨਿਕਲ ਹੀ ਆਵੇ।

ਗੱਡੀ ਖਿੱਚਦਾ ਸੰਢਾ ਹੌਲੀ ਹੌਲੀ, ਮੱਠੀ ਮੱਠੀ ਚਾਲੇ ਹੱਡਾ-ਰੋੜੀ ਦੇ ਰਾਹ ਤੁਰਿਆ ਜਾ ਰਿਹਾ ਸੀ। ਰੋਜ਼ ਦੀ ਇਹੋ ਮੰਜਿਲ ਹੋਣ ਕਰਕੇ ਉਹ ਰਾਹ ਦਾ ਵਾਕਫ਼ ਹੋ ਗਿਆ ਸੀ। ਕਿਤੇ ਕਿਤੇ ਪ੍ਰੀਤਮ ਉਹਦੇ ਪਿੰਡੇ ’ਤੇ ਹੱਥ ’ਚ ਫੜੀ ਬੈਂਤ ਦੀ ਸੋਟੀ ਮਾਰ ਦਿੰਦਾ ਤਾਂ ਉਹ ਕੁਝ ਤੇਜ਼ ਹੋ ਜਾਂਦਾ, ਪਰ ਥੋੜ੍ਹੀ ਦੇਰ ਬਾਅਦ ਉਹਦੀ ਚਾਲ ਫਿਰ ਮੱਠੀ ਹੋ ਜਾਂਦੀ।

“ ਮਾਮਾ! ਲੱਗਦੈ ਕਿਤੇ ਗੜ੍ਹੇ ਪਏ ਐ। ” ਬਲਵੰਤ ਨੇ ਪ੍ਰੀਤਮ ਨੂੰ ਕਿਹਾ , ਜੋ ਗੱਡੀ ਉੱਤੇ ਪਿੱਛੇ ਬੈਠਾ ਸੀ।

“ ਹੂੰ! ਤਾਈਉਂ ਤਾਂ ਕੁਲਫੀ ਜੰਮਦੀ ਜਾਂਦੀ ਐ। ਮੈਂ ਸੋਚਿਆ ਸੀ ਦਿਨ ਲੱਗਾ ਤਾਂ ਸ਼ਹਿਰ ਹੀ ਜਾ ਆਊਂ। ਹੁਣ ਓਧਰ ਵੀ ਨਈਂ ਜਾ ਹੋਣੈ। ”

“ ਟੈਮ ਹੋਇਆ ਤਾਂ ਮੈਂ ਜਾ ਆਊਂਗਾ, ਏਹਨੂੰ ਸਾਂਭਣ ਨੂੰ ਵੀ ਕਾਫ਼ੀ ਚਿਰ ਲੱਗ ਜਾਣੈ। ਠੰਡ ਨਾਲ ਤਾਂ ਹੱਥ ਵੀ ਬੁੱਕਲੋਂ ਬਾਹਰ ਨਈਂ ਨਿਕਲਦਾ। ” ਬਲਵੰਤ ਨੇ ਪਿੱਛੇ ਦੇਖਦਿਆਂ ਕਿਹਾ।

" ਚੱਲ ਦੇਖਾਂਗੇ ! ਪਹਿਲਾਂ ਏਥੋਂ ਤਾਂ ਵਿਹਲੇ ਹੋ ਲਈਏ । " ਪ੍ਰੀਤਮ ਨੇ ਕਿਹਾ । ਟਿਕਾਣੇ 'ਤੇ ਪਹੁੰਚ ਕੇ ਸੰਢਾ ਆਪ ਹੀ ਰੁਕ ਗਿਆ। ਹੱਥੋ ਹੱਥੀਂ ਉਨ੍ਹਾਂ ਨੇ ਮਰੇ ਬਲਦ ਦੀ ਲਾਸ਼ ਨੂੰ ਗੱਡੀ ਤੋਂ ਥੱਲੇ ਲਾਹ ਲਿਆ। ਬਲਵੰਤ ਕਾਹਲੀ ਨਾਲ ਸੰਦਾਂ ਵਾਲੇ ਥੈਲੇ 'ਚੋਂ ਹਥਿਆਰ ਕੱਢਣ ਲੱਗ ਪਿਆ।

ਪੱਤਝੜ ਨਾਲ ਹੱਡਾ-ਰੋੜੀ ਦੇ ਦਰੱਖਤਾਂ ਦੇ ਪੱਤੇ ਵੀ ਆਮ ਰੁੱਖਾਂ ਵਾਂਗ ਝੜ ਚੁੱਕੇ ਸਨ ਤੇ ਹੁਣ ਰੁੰਡ ਮਰੁੰਡ ਖੜ੍ਹੇ ਦਰੱਖਤ ਜਿੰਨ੍ਹ ਜਿਹੇ ਲੱਗਦੇ। ਉਨ੍ਹਾਂ ਦੇ ਦੁਸਾਗੜਾਂ 'ਚ ਫਸਾਏ ਪਸ਼ੂਆਂ ਦੇ ਪਿੰਜ਼ਰਾਂ ਵੱਲ ਤਿਰਛੀ ਨਜ਼ਰ ਨਾਲ ਪ੍ਰੀਤਮ ਨੇ ਤੱਕਿਆ, ਸ਼ਾਇਦ ਇਹ ਦੇਖਣ ਲਈ ਕਿ ਕਿਸੇ ਨੇ ਉੱਥੋਂ ਕੁਝ ਚੁੱਕਿਆ ਥੱਲਿਆ ਤਾਂ ਨਈ੍ਹੀਂ।

ਆਲੇ ਦੁਆਲੇ ਸੁੰਨ ਜਿਹੀ ਛਾਈ ਹੋਈ ਸੀ। ਮੌਤ ਵਰਗੀ ਚੁੱਪ। ਏਨੀ ਠੰਡ ਹੋਣ ਕਾਰਨ ਉੱਥੋਂ ਕੁੱਤੇ ਵੀ ਉਰੇ ਪਰੇ ਹੋ ਗਏ ਲੱਗਦੇ ਸਨ ।

ਪ੍ਰੀਤਮ ਕੰਬਲ ਦੀ ਬੁੱਕਲ ਚੰਗੀ ਤਰਾਂ ਸਵਾਰ ਕੇ, ਘੁੱਟ ਕੇ ਕਿੱਕਰ ਦੇ ਮੁੱਢ ਨਾਲ ਢੋਅ ਲਾ ਕੇ ਬਹਿ ਗਿਆ। ਬਲਵੰਤ ਆਪਣਾ ਕੰਮ ਕਰਨ ਲਈ ਅਗਾਂਹ ਹੋ ਤੁਰਿਆ। ਅਜੇ ਉਹਨੇ ਆਪਣਾ ਕੰਮ ਸ਼ੁਰੂ ਵੀ ਨਹੀਂ ਸੀ ਕੀਤਾ ਕਿ ਤੇਜ਼ੀ ਨਾਲ ਇੱਕ ਸਾਇਆ ਜਿਹਾ ਉਹਦੇ ਸਿਰ ਉੱਪਰ ਦੀ ਗੁਜ਼ਰ ਗਿਆ। ਉਹਨੂੰ ਲੱਗਾ ਜਿਵੇਂ ਕੋਈ ਤੇਜ਼ ਝੱਖੜ ਉਸ ਉੱਪਰ ਆ ਝੁੱਲਿਆ ਹੋਵੇ। ਉਸ ਨੇ ਆਸ ਪਾਸ ਦੇਖਿਆ, ਕੁਝ ਨਜ਼ਰ ਨਾ ਆਇਆ।

" ਇਹ ਸ਼ੋਰ ਕਾਹਦਾ ਮਾਮਾ ? " ਲਾਸ਼ ਨੂੰ ਚੀਰਨ ਤੋਂ ਪਹਿਲਾਂ ਉਸ ਨੇ ਪ੍ਰੀਤਮ ਨੂੰ ਪੁੱਛਿਆ।

" ਲੱਗਦੈ ਜਾਨਵਰ ਆ ਗਏ ਐ, ਜ਼ਰਾ ਜਲਦੀ ਕਰ। " ਪ੍ਰੀਤਮ ਨੇ ਅਰਸ਼ੋਂ ਉਤਰਦੇ ਗਿਰਝਾਂ ਨੂੰ ਦੇਖ ਕੇ ਕਿਹਾ। ਉਨ੍ਹਾਂ ਦੇ ਉਤਰਨ ਦੀ ਅਵਾਜ਼ ਤਾਂ ਵੈਸੇ ਵੀ ਇਸ ਤਰ੍ਹਾਂ ਦੀ ਹੁੰਦੀ ਹੈ , ਜਿਵੇਂ ਕੋਈ ਚੀਜ਼ ਆਦਮੀ ਦੇ ਉੱਪਰ ਹੀ ਆ ਡਿਗਣੀ ਹੋਵੇ। ਪਰ ਅੱਜ ਇਹ ਅਵਾਜ਼ ਤੇਜ਼ ਹਵਾ 'ਚ ਰਲ ਕੇ ਡਰਾਉਣੀ ਤੇ ਭਿਆਨਕ ਲੱਗਦੀ ਸੀ।

ਬਲਵੰਤ ਕਾਹਲੀ ਕਾਹਲੀ ਹੱਥ ਮਾਰਨ ਲੱਗ ਪਿਆ। ਕਿਉਂਕਿ ਗਿਰਝਾਂ ਦੀ ਹਾਜ਼ਰੀ 'ਚ ਲਾਸ਼ ਨੂੰ ਛਿੱਲਣਾ ਔਖਾ ਹੋ ਜਾਂਦਾ ਸੀ। ਵਰਜਣ ਤੇ ਵੀ ਉਹ ਪਰੇ ਨਹੀਂ ਹੁੰਦੀਆਂ। ਕੁੱਤੇ ਤਾਂ ਅਜੇ ਡਰ ਹੀ ਜਾਂਦੇ ਆ। ਪਰ ਗਿਰਝਾਂ, ਗਿਰਝਾਂ ਤਾਂ ਲਾਸ਼ 'ਚੋਂ ਮਾਸ ਦਾ ਬੁਰਕ ਮਾਰੇ ਬਿਨਾਂ ਹਟਦੀਆਂ ਹੀ ਨਹੀਂ। ਚੀਂ ਚੀਂ ਕਰਦੀਆਂ ਸਿਰ 'ਤੇ ਆ ਚੜ੍ਹਦੀਐਂ।

ਜਦੋਂ ਉਹ ਆਏ ਸੀ ਤਾਂ ਅਕਾਸ਼ 'ਚ ਉੱਡਦੀ ਕੋਈ ਗਿਰਝ ਉਨ੍ਹਾਂ ਨੇ ਨਹੀਂ ਸੀ ਦੇਖੀ। ਪਲਾਂ 'ਚ ਹੀ ਪਤਾ ਨਹੀਂ ਕਿੱਥੋਂ ਇਹ ਫੌਜ ਇਕੱਠੀ ਹੋ ਗਈ ਸੀ।

ਗਿਰਝ ਦੀ ਨਜ਼ਰ ਬਹੁਤ ਤੇਜ਼ ਹੁੰਦੀ ਹੈ। ਕਈ ਮੀਲਾਂ ਦੀ ਉਚਾਈ ਤੋਂ ਇਹ ਆਪਣੇ ਸ਼ਿਕਾਰ ਦੀ ਸੂਹ ਲੈ ਲੈਂਦੀ ਹੈ। ਨਜ਼ਰ ਕਬੂਤਰ ਦੀ ਵੀ ਇਹਦੇ ਵਾਂਗ ਹੀ ਤੇਜ਼ ਹੈ। ਕਹਿੰਦੇ ਹਨ ਕਿ ਇੱਕ ਵਾਰੀ ਕਬੂਤਰ ਤੇ ਗਿਰਝ ਅਕਾਸ਼ ਵਿੱਚ ਬਹੁਤ ਉਚਾਈ 'ਤੇ ਉੱਡ ਰਹੇ ਸਨ । ਗਿਰਝ ਨੇ ਦੇਖਿਆ, ਜ਼ਮੀਨ 'ਤੇ ਕੋਈ ਪਸੂ ਮਰਿਆ ਪਿਆ ਹੈ, ਤੇ ਕਬੂਤਰ ਨੇ ਉਸ ਪਸ਼ੂ ਦੀ ਲਾਸ਼ ਦੇ ਨੇੜੇ ਹੀ ਅਨਾਜ ਦਾ ਦਾਣਾ ਦੇਖਿਆ । ਬਸ ਫਿਰ ਕੀ ਸੀ । ਕਬੂਤਰ ਅਨਾਜ ਦੇ ਦਾਣੇ ਲਈ ਥੱਲੇ ਉੱਤਰ ਆਇਆ ਤੇ ਗਿਰਝ ਮਾਸ ਦੇ ਲਈ ।

ਪ੍ਰੀਤਮ ਗਿਰਝਾਂ 'ਚ ਘਿਰੇ ਬਲਵੰਤ ਨੂੰ ਦੇਖ ਰਿਹਾ ਸੀ । ਜਿਹੜਾ ਰਹਿ ਰਹਿ ਕੇ ਗਿਰਝਾਂ ਨੂੰ ਪਰ੍ਹੇ ਕਰ ਰਿਹਾ ਸੀ । ਹਥਿਆਰ ਭਾਵੇਂ ਕਾਫੀ ਤੇਜ਼ ਹੁੰਦੇ ਹਨ , ਪਰ ਗਿਰਝਾਂ ਨੂੰ ਮਾਰਨਾ ਸੌਖਾ ਕੰਮ ਨਹੀਂ । ਇਹ ਆਪਣੀ ਲੰਮੀ ਧੌਣ ਖਤਰੇ ਵੇਲੇ ਆਪਣੇ ਖੰਭਾਂ ਵਿੱਚ ਲੁਕੋ ਲੈਂਦੇ ਹਨ ਤੇ ਖੰਭਾਂ ਵਿੱਚ ਵੈਸੇ ਹੀ ਕੋਈ ਅਸਰ ਨਹੀਂ ਹੁੰਦਾ । ਘੀਂ ਘੀਂ ਕਰਦੇ ਪਰ੍ਹਾਂ ਜਾ ਬਹਿੰਦੇ ਹਨ ।

ਗਿਰਝਾਂ ਕਿੰਨੀਆਂ ਖਤਰਨਾਕ ਹੁੰਦੀਆਂ ਹਨ , ਪ੍ਰੀਤਮ ਸੋਚ ਰਿਹਾ ਸੀ । ਉਨ੍ਹਾਂ ਦੀ ਮੁੜਵੀਂ ਚੁੰਝ ਬਲੇਡ ਨਾਲੋਂ ਵੀ ਤਿੱਖੀ ਹੁੰਦੀ ਹੈ। ਤਾਂਈਉਂ ਤਾਂ ਕਰੰਗ ਦੀਆਂ ਹੱਡੀਆਂ ਨਾਲੋਂ ਨਾਈ ਦੇ ਉਸਤਰੇ ਵਾਂਗ ਮਾਸ ਨੋਚ ਲੈਂਦੀਆਂ ਹਨ । ਕੀ ਮਜ਼ਾਲ ਮਾਸ ਦਾ ਰੇਸ਼ਾ ਵੀ ਨਾਲ ਲੱਗਾ ਰਹਿ ਜਾਵੇ । ਇੱਕ ਵਾਰੀ ਪ੍ਰੀਤਮ ਦੀ ਉਂਗਲ ਗਿਰਝ ਦੇ ਮੂੰਹ ਵਿੱਚ ਪੈ ਗਈ ਸੀ । ਉਹ ਤਾਂ ਕਾਹਲੀ ਨਾਲ ਉਹਨੇ ਬਾਹਰ ਖਿੱਚ ਲਈ , ਨਈਂ ਤਾਂ ਉਂਗਲ ਦਾ ਫੁੱਲ ਕੱਟਿਆ ਹੀ ਮਿਲਦਾ । ਖੈਰ ਝਰੀਟ ਜਿਹੀ ਤਾਂ ਫਿਰ ਵੀ ਆ ਹੀ ਗਈ ਸੀ।

ਬਲਵੰਤ ਆਪਣੇ ਕੰਮ ਤੋਂ ਵਿਹਲਾ ਹੋ ਕੇ ਇੱਕ ਪੈਰ ਹੀ ਪਰ੍ਹੇ ਨੂੰ ਹੋਇਆ ਸੀ, ਕਿ ਗਿਰਝਾਂ ਲਾਸ਼ ਉੱਪਰ ਟੁੱਟ ਕੇ ਪੈ ਗਈਆਂ। ਪ੍ਰੀਤਮ ਜਿਵੇਂ ਤੜਫ ਉੱਠਿਆ, ਉਸ ਨੇ ਆਪਣੀਆਂ ਅੱਖਾਂ 'ਤੇ ਹੱਥ ਰੱਖ ਲਏ ।

ਹਰ ਵਾਰੀ ਜਦੋਂ ਵੀ ਇਸ ਤਰਾਂ ਹੁੰਦਾ, ਉਹ ਤੜਫ ਉੱਠਦਾ। ਉਹਨੂੰ ਕੋਈ ਗੱਲ ਯਾਦ ਆ ਜਾਂਦੀ। ਉਹਦੀਆਂ ਅੱਖਾਂ 'ਚ ਪਾਣੀ ਤੈਰ ਆਉਂਦਾ। ਪਰ ਉਹ ਇਸ ਪਾਣੀ ਨੂੰ ਬਾਹਰ ਨਾ ਆਉਣ ਦਿੰਦਾ, ਅੰਦਰੇ ਅੰਦਰ ਪੀ ਜਾਂਦਾ। ਡਰਦਾ ਰਹਿੰਦਾ ਕਿਤੇ ਬਲਵੰਤ ਨਾ ਦੇਖ ਲਵੇ । ਅੱਜ ਵੀ ਇਸੇ ਤਰਾਂ ਹੋਇਆ।

ਓਦੋਂ ਉਹ ਸ਼ਹਿਰ ਦੇ ਵੱਡੇ ਸਰਦਾਰਾਂ ਨਾਲ ਲੱਗਾ ਹੋਇਆ ਸੀ । ਪੱਚੀ ਛੱਬੀ ਸਾਲ ਦਾ ਜਵਾਨ । ਭਰਵਾਂ ਸਰੀਰ । ਲੋਹੜੇ ਦਾ ਸੁਹੱਪਣ ਤੇ ਤਾਕਤ । ਬਹੁਤੇ ਅਣਜਾਣ ਬੰਦੇ ਤਾਂ ਕਈ ਵਾਰੀ ਉਹਨੂੰ ਵੀ ਸਰਦਾਰ ਹੀ ਸਮਝ ਲੈਂਦੇ । ਜੋ ਕੁਝ ਸਰਦਾਰ ਉਹਨੂੰ ਕਰਨ ਲਈ ਕਹਿੰਦੇ , ਉਹ ਕਰਦਾ । ਓਦੋਂ ਉਹਨੂੰ ਇਹ ਹੋਸ਼ ਹੀ ਨਹੀਂ ਸੀ ਕਿ ਉਹ ਸੋਚੇ , ਕਿ ਠੀਕ ਕੀ ਹੈ ਤੇ ਗਲਤ ਕੀ ਹੈ । ਉਹਨੂੰ ਆਪਣੀ ਤਾਕਤ 'ਤੇ ਮਾਣ ਸੀ ਤੇ ਦੂਸਰਾ ਉਹਨੂੰ ਆਪਣੇ ਕੰਮ ਦੀ ਪੂਰੀ ਕੀਮਤ ਮਿਲਦੀ ਸੀ । ਜਿਸ ਨਾਲ ਉਹ ਐਸ਼ ਕਰਦਾ ਸੀ । ਸਰਦਾਰਾਂ ਦੀ ਹਰ ਹਰਕਤ ਦਾ ਉਹ ਵਾਕਿਫ਼ ਸੀ । ਪੈਸਾ ਸਭ ਕੁਝ ਖਰੀਦ ਸਕਦਾ ਹੈ ਤੇ ਪੈਸੇ ਦੀ ਪਰਤ ਹੀ ਹਰ ਅਮੀਰ ਆਦਮੀ ਦੀ ਚੰਗੀ ਮਾੜੀ ਹਰਕਤ ਆਪਣੀ ਓਟ 'ਚ ਛੁਪਾਈ ਰੱਖਦੀ ਹੈ । ਔਰਤ ਦੀ ਬੁੱਕਲ ਵਾਲਾ ਹਿਸਾਬ । ਕੀ ਪਤਾ ਉਸ ਵਿੱਚ ਕੀ ਛੁਪਿਆ ਹੋਵੇ । ਜ਼ਹਿਰ ਮਿਲੀ ਖੀਰ ਵੀ ਹੋ ਸਕਦੀ ਹੈ ਤੇ ਘਿਉ ਵਿੱਚ ਕੁੱਟੀ ਚੂਰੀ ਵੀ । ਸਰਦਾਰਾਂ ਦੇ ਕਿਸੇ ਵੀ ਬੁਰੇ ਕੰਮ ਦੀ ਭਿਣਕ ਨਾ ਪੈਂਦੀ । ਪ੍ਰੀਤਮ ਜਾਣਦਾ ਸੀ ਕਿ ਵੱਡਾ ਸਰਦਾਰ ਵੀ ਹਰ ਰੋਜ਼ ਆਪਣੀ ਧੀ ਦੇ ਹਾਣ ਦੀ ਕੁੜੀ ਨਾਲ ਸੌਣ ਤੋਂ ਗੁਰੇਜ਼ ਨਹੀਂ ਕਰਦਾ ਤੇ ਇਹ ਸਭ ਪ੍ਰੀਤਮ ਨੂੰ ਹੀ ਮੁਹੱਈਆ ਕਰਨਾ ਪੈਂਦਾ ਸੀ ।

ਪ੍ਰੀਤਮ ਕਿੰਨਾਂ ਜ਼ਾਲਿਮ ਤੇ ਨਿਰਦਈ ਸੀ ਉਨ੍ਹੀਂ ਦਿਨੀਂ । ਗਰੀਬ ਦੀ ਇੱਜਤ ਨੂੰ ਉਹ ਇੱਜਤ ਨਾ ਸਮਝਦਾ । ਸਾਥੀ ਬੰਦਿਆਂ ਨਾਲ ਉਹ ਗਰੀਬਾਂ ਦੀਆਂ ਝੁੱਗੀਆਂ 'ਚ ਜਾ

ਵੜਦਾ ਤੇ ਮੱਲੋ -ਜ਼ੋਰੀ ਉਨ੍ਹਾਂ ਦੀਆਂ ਜਵਾਨ ਧੀਆਂ ਨੂੰ ਚੁੱਕ ਕੇ ਲੈ ਆਉਂਦਾ । ਗੱਡੀਆਂ ਕਾਰਾਂ ਦੀ ਤੇਜ਼ ਰਫ਼ਤਾਰ ਉਨ੍ਹਾਂ ਨੂੰ ਝੱਟ ਕਿਤੇ ਦਾ ਕਿਤੇ ਪਹੁੰਚਾ ਦਿੰਦੀ । ਓਦੋਂ ਉਹ ਭੁੱਲ ਜਾਂਦਾ ਸੀ ਕਿ ਉਹਦੇ ਆਪਣੇ ਘਰ ਉਹਦੀ ਵਿਧਵਾ ਜਵਾਨ ਭੈਣ ਬੈਠੀ ਹੈ ।

ਰਣਜੀਤ ਉਹਦੀ ਇੱਕੋ ਇੱਕ ਭੈਣ ਸੀ। ਉਹ ਬਲਵੰਤ ਤੋਂ ਪੰਜ ਕੁ ਸਾਲ ਛੋਟੀ ਸੀ । ਬਚਪਨ ਤੋਂ ਲੈ ਕੇ ਹੁਣ ਤੱਕ ਉਹ ਉਹਦੇ ਗੁੱਟ 'ਤੇ ਰੱਖੜੀ ਬੰਨਦੀ ਆਈ ਸੀ। ਗਰੀਬ ਘਰ 'ਚ ਜੰਮੀ ਜਰੂਰ ਸੀ, ਪਰ ਰੱਬ ਨੇ ਹੁਸਨ ਦੇਣ ਵਿੱਚ ਕੋਈ ਢਿੱਲ ਨਾ ਵਰਤੀ ਸੀ । ਉੱਚੀ ਲੰਮੀ, ਗੋਰੀ ਚਿੱਟੀ ਗੁੰਦਵੇਂ ਸਰੀਰ ਦੀ ਮਾਲਿਕ ਸੀ ਉਹ । ਮਾਂ ਪਿਉ ਦੀ ਲਾਡਲੀ ਧੀ ਸੀ । ਚਾਰ ਕੁ ਸਾਲ ਪਹਿਲਾਂ ਹੀ ਉਹਦੀ ਸ਼ਾਦੀ ਹੋਈ ਸੀ । ਪਤੀ ਉਹਨੂੰ ਉਹਦੀ ਕਦਰ ਕਰਨ ਵਾਲਾ ਮਿਲ ਗਿਆ ਸੀ। ਪਿਆਰ ਵੀ ਬਹੁਤ ਕਰਦਾ ਸੀ। ਪਿਆਰ ਦੀਆਂ ਪੀਘਾਂ ਝੂਟਦੀ ਨੂੰ ਉਹਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਛੇਤੀ ਹੀ ਉਹਦਾ ਸਭ ਕੁਝ ਉਹਦੇ ਕੋਲੋਂ ਖੁਸ ਜਾਣ ਵਾਲਾ ਹੈ ।

ਵਿਆਹ ਤੋਂ ਸਾਲ ਕੁ ਬਾਅਦ ਹੀ ਇੱਕ ਐਕਸੀਡੈਂਟ ਵਿੱਚ ਉਹਦੇ ਮਾਂ ਬਾਪ ਰੱਬ ਨੂੰ ਪਿਆਰੇ ਹੋ ਗਏ । ਰੋ ਪਿੱਟ ਕੇ ਇਹ ਸਦਮਾ ਸਹਾਰਿਆ। ਜ਼ਖ਼ਮ ਅਜੇ ਅੱਲੇ ਹੀ ਸਨ ਕਿ ਛੇ ਮਹੀਨੇ ਬਾਅਦ ਉਹਦੇ ਘਰ ਵਾਲਾ ਉਹਨੂੰ ਛੱਡ ਕੇ ਅਣਜਾਣੇ ਰਾਹਾਂ ਦਾ ਰਾਹੀ ਬਣ ਗਿਆ । ਸ਼ਹਿਰ ਦੀ ਨਗਰ ਪਾਲਿਕਾ ਵਿੱਚ ਸਫਾਈ ਸੇਵਕ ਦੀ ਨੌਕਰੀ ਕਰਦਾ ਸੀ । ਚੰਗੀ ਭਲੀ ਗੁਜਰ ਬਸਰ ਹੋ ਰਹੀ ਸੀ। ਇੱਕ ਦਿਨ ਗਟਰ ਸਾਫ਼ ਕਰਨ ਗਿਆ। ਦੋ ਤਿੰਨ ਜਣੇ ਹੋਰ ਵੀ ਸਨ । ਬਾਕੀ ਤਾਂ ਬਾਹਰ ਨਿਕਲ ਆਏ ਪਰ ਉਹ ਨਾ ਮੁੜਿਆ। ਜ਼ਹਿਰੀਲੀ ਗੈਸ 'ਚ ਉਹਦਾ ਦਮ ਘੁੱਟਿਆ ਗਿਆ ਸੀ ਜਾਂ ਰੱਬ ਜਾਣੇ ਕੀ ਭਾਣਾ ਵਰਤਿਆ, ਉਹਦੀ ਲਾਸ਼ ਹੀ ਬਾਹਰ ਨਿਕਲੀ । ਹੱਸਦਾ ਵਸਦਾ ਘਰ ਵੀਰਾਨ ਹੋ ਗਿਆ । ਉਹਦੀ ਜਿੰਦਗੀ ਨੂੰ ਜਿਵੇਂ ਗ੍ਰਹਿਣ ਲੱਗ ਗਿਆ ਸੀ।

ਰਣਜੀਤ ਫਿਰ ਪੇਕੇ ਘਰ ਆ ਬੈਠੀ। ਬਲਵੰਤ ਓਦੋਂ ਅਜੇ ਉਹਦੇ ਜਿਸਮ ਦਾ ਇੱਕ ਹਿੱਸਾ ਹੀ ਸੀ। ਸਾਰੀ ਜਿੰਦਗੀ ਇਸ ਢਿੱਡ ਦੀ ਆਂਦਰ ਦੇ ਸਹਾਰੇ ਕੱਟਣ ਲਈ ਰਣਜੀਤ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਸੀ। ਪ੍ਰੀਤਮ ਚਾਹੇ ਘਰ ਨਹੀਂ ਸੀ ਰਹਿੰਦਾ, ਪਰ ਉਹਨੇ ਕਦੇ ਵੀ ਰਣਜੀਤ ਨੂੰ ਕਿਸੇ ਕਿਸਮ ਦੀ ਤੰਗੀ ਮਹਿਸੂਸ ਨਾ ਹੋਣ ਦਿੱਤੀ। ਜਵਾਨ ਧੀ ਭੈਣ ਘਰ ਬੈਠੀ ਹੋਵੇ ਤਾਂ ਮਾਪਿਆਂ ਨੂੰ ਚੈਨ ਦੀ ਨੀਂਦ ਕਦੇ ਨਹੀਂ ਆਉਂਦੀ। ਰਣਜੀਤ ਲਈ ਤਾਂ ਹੁਣ ਪ੍ਰੀਤਮ ਹੀ ਮਾਂ ਪਿਉ ਦੋਵੇਂ ਸੀ। ਪਰ ਉਹ ਪਿਉ ਦਾ ਪੁੱਤ ਸੁੱਤਾ ਰਿਹਾ, ਮਸਤ ਰਿਹਾ।

ਜਿਨ੍ਹਾਂ ਗਿਰਝਾਂ 'ਚ ਉਹ ਆਪ ਹਰ ਰਾਤ ਨੂੰ ਅੱਧ ਖਿਲੀਆਂ ਕਲੀਆਂ ਸੁੱਟ ਆਉਂਦਾ ਸੀ। ਸਵੇਰ ਹੋਣ ਤੇ ਉਨ੍ਹਾਂ ਕਲੀਆਂ ਦੀ ਹਾਲਤ ਸੁੱਕੇ ਭੁਰੇ ਹੋਏ ਫੁੱਲਾਂ ਦੀ ਤਰ੍ਹਾਂ ਹੋਈ ਹੁੰਦੀ। ਉਨ੍ਹਾਂ ਦੀ ਪੱਤੀ ਪੱਤੀ, ਪੋਰ ਪੋਰ ਟੁੱਟਾ ਹੁੰਦਾ, ਜਦੋਂ ਉਹ ਸਰਦਾਰਾਂ ਦੀ ਦਹਿਲੀਜ਼ ਤੋਂ ਬਾਹਰ ਕਦਮ ਰੱਖਦੀਆਂ। ਕਾਗਜ਼ ਦੇ ਚੰਦ ਟੁਕੜਿਆਂ ਨਾਲ ਉਨ੍ਹਾਂ ਦੀ ਇੱਜਤ ਦਾ ਮੁੱਲ ਤਾਰਿਆ ਜਾਂਦਾ। ਤੇ ਉਹ ਮੁਰਝਾਏ ਫੁੱਲ, ਸੀ ਨਾ ਕਰ ਸਕਦੇ।

ਓਦੋਂ ਪ੍ਰੀਤਮ ਬਰਾਂਡੇ ਵਿੱਚ ਬੈਠਾ ਗਾਂਜੇ ਦੀ ਚਿਲਮ ਪੀਂਦਾ ਹੀ - ਹੀ ਕਰਦਾ

ਦੰਦ ਕੱਢਦਾ ਹੁੰਦਾ। ਇਸ ਗੱਲ ਤੋਂ ਅਣਜਾਣ ਕਿ ਇਨ੍ਹਾਂ ਗਿਰਝਾਂ ਦੇ ਤਿੱਖੇ ਪੰਜੇ ਇੱਕ ਦਿਨ ਉਹਦੇ ਘਰ ਵੱਲ ਵੀ ਵਧ ਸਕਦੇ ਹਨ ।

ਤੇ ਇੱਕ ਦਿਨ ਇਹੀ ਹੋਇਆ। ਸਰਦਾਰ ਬਲਬੀਰ ਸਿੰਘ ਕਈ ਦਿਨਾਂ ਬਾਅਦ ਕਿਸੇ ਲੰਬੇ ਟੂਰ ਤੋਂ ਘਰ ਵਾਪਿਸ ਆਇਆ ਸੀ। ਪ੍ਰੀਤਮ ਨੇ ਬਹੁਤ ਨੱਠ ਭੱਜ ਕੀਤੀ, ਪਰ ਉਸ ਦਿਨ ਕੋਈ ਵੀ ਮਾਸੂਮ ਜਿੰਦ ਉਹਦੇ ਹੱਥ ਨਾ ਲੱਗੀ। ਸ਼ਰਮਿੰਦਾ ਜਿਹਾ ਉਹ ਬਲਵੀਰ ਸਿੰਘ ਦੇ ਸਾਹਮਣੇ ਖੜਾ ਸੀ।

" ਕੀ ਗੱਲ ਪ੍ਰੀਤਮ, ਅਜੇ ਤੱਕ ਕੋਈ ਹੁਸਨ ਦੀ ਮਲਿਕਾ ਮੇਰੀ ਸਾਥਣ ਨਈਂ ਬਣੀ। "

ਪ੍ਰੀਤਮ ਛਿੱਥਾ ਪੈ ਗਿਆ। ਉਹਦੀ ਜੁਬਾਨ ਤਾਲੂ ਨਾਲ ਜਾ ਲੱਗੀ। ਬੜੀ ਮੁਸ਼ਕਿਲ ਨਾਲ ਉਹਦੇ ਮੂੰਹੋਂ ਨਿਕਲਿਆ।

" ਸਰਦਾਰ ਅੱਜ ਕੋਈ ਮਿਲੀ ਨਈਂ।"

" ਕੀ ਕਿਹਾ, ਕੋਈ ਮਿਲੀ ਨਈਂ ? ਕਿਉਂ ਨਈਂ ਮਿਲੀ ? ਤੈਨੂੰ ਪਤਾ ਨਈਂ ਕਿ ਸਰਦਾਰ ਇਹ ਕਦੇ ਬਰਦਾਸ਼ਤ ਨਹੀਂ ਕਰਦੇ ਕਿ ਕੋਈ ਉਨ੍ਹਾਂ ਦੇ ਸਾਹਮਣੇ 'ਨਾਂਹ' ਦਾ ਹੁੰਗਾਰਾ ਭਰੇ। "

" ਪਰ ਸਰਦਾਰ ਮਜਬੂਰੀ ਵੀ ਕੋਈ ਚੀਜ਼ ਐ, ਜਰੂਰੀ ਨਈਂ ਕਿ ਹਰ ਰੋਜ਼ .........।" ਉਹਨੇ ਕੁਝ ਕਹਿਣਾ ਚਾਹਿਆ।

" ਬਕਵਾਸ ਬੰਦ ਕਰ ਓਏ, ਤੈਨੂੰ ਤੇਰੇ ਇਸ ਕੰਮ ਦੀ ਪੂਰੀ ਕੀਮਤ ਦਿੱਤੀ ਜਾਂਦੀ ਆ। ਫਿਰ ਤੂੰ ਕਿਵੇਂ ਕਹਿ 'ਤਾ......? ਪੈਸੇ ਨਾਲ ਤਾਂ ਹਰ ਚੀਜ਼ ਖਰੀਦੀ ਜਾ ਸਕਦੀ ਆ। ਫਿਰ ਕਾਹਦੀ ਮਜਬੂਰੀ ? ਨਾਲੇ ਤੇਰੇ ਤਾਂ ਘਰ ਵਿੱਚ ਈ ..... । ਅੱਜ ਦੀ ਰਾਤ ਤੇਰੀ ਵਿਧਵਾ ਭੈਣ ਕੀ ਇਹ ਕੰਮ ਨਈਂ ਕਰ ਸਕਦੀ। ਅੱਜ ਦੀ ਰਾਤ । ਬਸ ਅੱਜ ਦੀ ਰਾਤ। ਤੈਨੂੰ ਤੇਰੀ ਪੂਰੀ ਕੀਮਤ ਮਿਲੇਗੀ। ਸਗੋਂ ਵੱਧ ਹੀ, ਮੁਫ਼ਤ ਨਈਂ । ਵੈਸੇ ਵੀ ਮਰਦ ਤੋਂ ਸੱਖਣੀ ਪਤਾ ਨਈਂ ਕਿਵੇਂ .........। " ਬਲਬੀਰ ਸਿੰਘ ਪਹਿਲਾਂ ਤਾਂ ਉਹਨੂੰ ਵੱਢ ਖਾਣੇ ਕੁੱਤੇ ਦੀ ਤਰ੍ਹਾਂ ਟੁੱਟ ਕੇ ਪਿਆ ਤੇ ਫਿਰ ਸਲਾਹ ਜਿਹੀ ਨਾਲ ਕਹਿਣ ਲੱਗਾ ਜਿਵੇਂ ਉਸ ਉੱਪਰ ਕੋਈ ਅਹਿਸਾਨ ਕਰ ਰਿਹਾ ਹੋਵੇ।

" ਸਰਦਾਰ! " ਗੁੱਸੇ ਨਾਲ ਪ੍ਰੀਤਮ ਦੀ ਚੀਖ ਨਿਕਲ ਗਈ। " ਮੈਂ ਤੈਨੂੰ ਜੀਂਦਾ ਨਈਂ ਛੱਡਾਂਗਾ।" ਉਹਨੇ ਬਲਬੀਰ ਸਿੰਘ ਨੂੰ ਕਾਲਰ ਤੋਂ ਫੜ ਲਿਆ ਸੀ। ਗੁੱਸੇ ਨਾਲ ਉਹਦੀਆਂ ਅੱਖਾਂ 'ਚੋਂ ਅੱਗ ਨਿਕਲ ਰਹੀ ਸੀ, ਤੇ ਸਰੀਰ ਕੰਬ ਰਿਹਾ ਸੀ।

" ਕੁੱਤਿਆ ਤੇਰੀ ਇਹ ਮਜ਼ਾਲ, ਸਾਡੀ ਬਿੱਲੀ ਸਾਨੂੰ ਮਿਆਊਂ । ਲੁੱਚਿਆ ਰੋਜ਼ ਸਾਡਾ ਗੂੰਹ ਖਾਨੈਂ । ਮੂਤ ਪੀਨੈਂ ਕਮੀਨਿਆਂ। ਅੱਜ ਗਲ ਨੂੰ ਹੱਥ ਪਾਇਆ, ਕਲ੍ਹ ਸਿਰ ਨੂੰ ਪਾਏਂਗਾ। ਤੇਰੀ ਤਾਂ ਮੈਂ........। " ਬਲਬੀਰ ਸਿੰਘ ਨੇ ਉਹਨੂੰ ਪਰ੍ਹੇ ਵਗਾਹ ਮਾਰਿਆ ਸੀ ਤੇ ਅੰਦਰ ਦੌੜ ਗਿਆ ਸੀ।

ਸਰਦਾਰ ਦੀਆਂ ਕਹੀਆਂ ਗੱਲਾਂ ਪ੍ਰੀਤਮ ਦੇ ਕੰਨਾਂ ਵਿੱਚ ਪਿਘਲੇ ਸ਼ੀਸ਼ੇ ਦੀ ਤਰਾਂ ਪਈਆਂ। " ਅੱਜ ਦੀ ਰਾਤ ......ਬਸ ਅੱਜ ਦੀ ਰਾਤ ....... ਤੇਰੀ ਵਿਧਵਾ ਭੈਣ......

ਪੂਰੀ ਕੀਮਤ ।

ਬਲਬੀਰ ਸਿੰਘ ਅੰਦਰੋਂ ਰਾਈਫਲ ਲੈ ਕੇ ਬਾਹਰ ਨਿਕਲਿਆ। ਪਰ ਪ੍ਰੀਤਮ ਤਾਂ ਪਾਗਲ ਹੋ ਗਿਆ ਸੀ। ਉਹਨੇ ਬਲਬੀਰ ਸਿੰਘ ਨੂੰ ਬੱਬਰ ਸ਼ੇਰ ਦੀ ਤਰ੍ਹਾਂ ਢਾਹ ਲਿਆ। ਰਾਈਫਲ ਖੋਹ ਕੇ ਬੱਟ ਮਾਰ ਮਾਰ ਕੇ ਉਹਨੂੰ ਲਹੂ ਲੁਹਾਨ ਕਰ ਦਿੱਤਾ। ਰੌਲਾ ਸੁਣ ਕੇ ਦੂਸਰੇ ਨੌਕਰ ਦੌੜੇ ਆਏ। ਬੜੀ ਮੁਸ਼ਕਿਲ ਨਾਲ ਉਨ੍ਹਾਂ ਨੇ ਬਲਬੀਰ ਸਿੰਘ ਨੂੰ ਪ੍ਰੀਤਮ ਕੋਲੋਂ ਛੁਡਾਇਆ।

" ਲੈ ਜਾਓ ਇਹਨੂੰ , ਕਰ ਦਿਓ ਮੇਰੀਆਂ ਨਜ਼ਰਾਂ ਤੋਂ ਪਰ੍ਹੇ ਹਰਾਮਜ਼ਾਦੇ ਨੂੰ । ਤੇ ਬੰਦ ਕਰ ਦਿਓ....... । " ਅਵਾਜ਼ ਜਿਵੇਂ ਸਰਦਾਰ ਦੇ ਸੰਘ 'ਚ ਫਸ ਗਈ।

ਅਗਲੇ ਦਿਨ ਜਦੋਂ ਪ੍ਰੀਤਮ ਘਰ ਗਿਆ ਤਾਂ ਉਹਦੀ ਭੈਣ ਦੀ ਲਾਸ਼ ਛੱਤ ਦੇ ਪੱਖੇ ਨਾਲ ਲਟਕ ਰਹੀ ਸੀ। ਬਲਵੰਤ ਜੋ ਓਦੋਂ ਮਸੀਂ ਦੋ ਤਿੰਨ ਸਾਲ ਦਾ ਹੀ ਸੀ । ਇੱਕ ਪਾਸੇ ਬੇਖਬਰ ਸੌਂ ਰਿਹਾ ਸੀ । ਬੇਫਿਕਰ ਪ੍ਰੀਤਮ ਦੀ ਧਾਹ ਨਿਕਲ ਗਈ। ਭਾਣਾ ਵਰਤ ਚੁੱਕਾ ਸੀ। ਬਲਬੀਰ ਸਿੰਘ ਦਾ ਚਿਹਰਾ ਉਹਦੀਆਂ ਅੱਖਾਂ ਸਾਹਮਣੇ ਘੁੰਮ ਗਿਆ। ਅੱਜ ਦੀ ਰਾਤ.... ਸਿਰਫ ਅੱਜ ਦੀ ਰਾਤ... . । ਉਹਦਾ ਨਤੀਜਾ ਸਾਹਮਣੇ ਸੀ। ਉਹਦੀ ਭੈਣ ਰਣਜੀਤ ਨੇ ਆਤਮ ਹੱਤਿਆ ਕਰ ਲਈ ਸੀ। ਕਸੂਰ ਕਿਸ ਦਾ। ਉਸ ਦਾ । ਖ਼ੁਦ ਪ੍ਰੀਤਮ ਦਾ। ਕਰੇ ਕੋਈ , ਭਰੇ ਕੋਈ। ਪਛਤਾਵਾ ਹੀ ਰਹਿ ਗਿਆ ਸੀ। ਜੇ ਉਹ ਸੋਚਦਾ। ਭਲਾ 'ਜੇ' ਵੀ ਕਿਸੇ ਨੇ ਵਿਆਹੀ ਆ। ਬਸ ਇਹ ਜੇ ਹੀ ਰਹਿ ਗਈ ਸੀ ਉਸ ਕੋਲ ।

" ਮਾਮਾ, ਮਾਮਾ! ਕੀ ਸੋਚ ਰਿਐਂ ਏਂ ਮਾਮਾ ? " ਬਲਵੰਤ ਦੀ ਅਵਾਜ਼ ਉਹਦੇ ਕੰਨੀਂ ਪਈ।

" ਹਾਂ....ਆਂ ।" ਉਹ ਆਪਣੀਆਂ ਯਾਦਾਂ 'ਚੋਂ ਉਖੜ ਗਿਆ।

" ਮੈਂ ਏਨੀਆਂ ਅਵਾਜ਼ਾਂ ਦਿੱਤੀਆਂ, ਤੂੰ ਕੋਈ ਜਵਾਬ ਈ ਨਈਂ ਦਿੱਤਾ। ਕੀ ਸੋਚ ਰਿਐਂ ? "

" ਕੁਛ ਵੀ ਨਈਂ।"

" ਮਾਮਾ! ਜੇ ਆਦਮੀ ਤੇ ਕੁੱਤੇ ਮਿਲ ਕੇ ਵੀ ਇਹ ਗੰਦ ਖਤਮ ਕਰਨਾ ਚਾਹੁਣ ਤਾਂ ਕਦੇ ਖਤਮ ਨਾ ਹੋਵੇ। ਗਿਰਝ ਦਿਨਾਂ 'ਚ ਹੀ ਸਾਫ ਕਰ ਜਾਂਦੇ ਐ , ਹੈ ਨਾ।"

ਉਹਨੇ ਠੰਡਾ ਸਾਹ ਭਰਿਆ। ਉਹ ਜਾਣਦਾ ਸੀ ਕਿ ਬਲਵੰਤ ਕੁਝ ਨਹੀਂ ਜਾਣਦਾ। ਇਨ੍ਹਾਂ ਗਿਰਝਾਂ ਤੋਂ ਬਿਨਾਂ ਕੁਛ ਗਿਰਝ ਅਜਿਹੇ ਵੀ ਹਨ ਜਿਹੜੇ ਗੰਦ ਚੁੱਕਦੇ ਨਈਂ ਸਗੋਂ ਵਧਾਉਂਦੇ ਹਨ । ਸਰਦਾਰਾਂ ਨੂੰ ਛੱਡਿਆ, ਪ੍ਰੀਤਮ ਨੇ ਇਹ ਕੰਮ ਫੜ ਲਿਆ। ਭੈਣ ਦੀ ਮੌਤ ਨੇ ਉਹਨੂੰ ਤੋੜ ਕੇ ਰੱਖ ਦਿੱਤਾ ਸੀ। ਵੈਸੇ ਵੀ ਹੁਣ ਉਸ ਦੇ ਬਿਨਾਂ ਬਲਵੰਤ ਨੂੰ ਸਾਂਭਣ ਵਾਲਾ ਘਰ ਵਿੱਚ ਬਚਿਆ ਕਿਹੜਾ ਸੀ। ਬਲਵੰਤ ਜੋ ਓਦੋਂ ਮਸੀਂ ਦੋ ਤਿੰਨ ਸਾਲ ਦਾ ਹੀ ਸੀ । ਉਹਨੇ ਬਲਵੰਤ ਨੂੰ ਪਾਲਿਆ। ਇੱਜਤ ਕੀ ਹੁੰਦੀ ਹੈ, ਇਹ ਉਸ ਨੂੰ ਓਦੋਂ ਪਤਾ ਲੱਗਾ ਸੀ।

ਬਲਵੰਤ ਹੁਣ ਗਭਰੂ ਹੋ ਗਿਆ ਸੀ। ਪ੍ਰੀਤਮ ਨੇ ਉਹਨੂੰ ਕੁਝ ਨਈਂ ਸੀ ਦੱਸਿਆ। ਉਹ ਨਈਂ ਸੀ ਚਾਹੁੰਦਾ ਕਿ ਉਹਦੀ ਭੈਣ ਦੀ ਆਖਰੀ ਨਿਸ਼ਾਨੀ ਵੀ ਉਹਦੇ ਹੱਥੋਂ

ਤਿਲਕ ਜਾਵੇ। ਇੰਤਕਾਮ ਦੀ ਅੱਗ 'ਚ ਜਲਣ ਨਾਲੋਂ ਉਹ ਪਛਤਾਵੇ ਦੀ ਭੱਠੀ 'ਚ ਜਲ ਰਿਹਾ ਸੀ।

ਗੱਡੀ ਖਿੱਚਦਾ ਸੰਢਾ ਆਪਣੀ ਮਸਤ ਚਾਲੇ ਤੁਰਿਆ ਜਾ ਰਿਹਾ ਸੀ। ਉਹ ਕਿਹੜਾ ਜਾਣਦਾ ਸੀ ਕਿ ਜਿਸ ਗੱਡੀ ਨੂੰ ਅੱਜ ਉਹ ਖਿੱਚ ਰਿਹਾ ਹੈ , ਇੱਕ ਦਿਨ ਉਸ ਨੇ ਖੁਦ ਇਸ ਗੱਡੀ ਦਾ ਭਾਰ ਬਣਨਾ ਹੈ। ਉਸ ਤੋਂ ਪਹਿਲਾਂ ਤਿੰਨਾਂ ਨਾਲ ਇਸ ਤਰ੍ਹਾਂ ਹੋ ਚੁੱਕਾ ਸੀ।

ਪ੍ਰੀਤਮ ਕੋਲ ਹੁਣ ਪੈਸਾ ਸੀ। ਜਰੂਰਤ ਦੀ ਹਰ ਚੀਜ਼ ਵੀ ਸੀ। ਪਰ ਕੀ ਉਹ ਪੈਸੇ ਨਾਲ ਬਲਵੰਤ ਨੂੰ ਉਸ ਦੀ ਮਾਂ ਵਾਪਿਸ ਲਿਆ ਕੇ ਦੇ ਸਕਦਾ ਸੀ। ਨਈਂ, ਕਦੇ ਨਈਂ। ਬਲਵੰਤ ਨੂੰ ਉਸ ਨੇ ਔਲਾਦ ਦੀ ਤਰ੍ਹਾਂ ਪਾਲਿਆ ਸੀ। ਆਪਣੀ ਸ਼ਾਦੀ ਬਾਰੇ ਤਾਂ ਉਸ ਨੇ ਦਿਲ ਦੀ ਕਿਤਾਬ 'ਚੋਂ ਵਰਕਾ ਹੀ ਪਾੜ ਦਿੱਤਾ ਸੀ। ਹੁਣ ਤਾਂ ਇੱਕ ਪਛਤਾਵਾ ਹੀ ਸੀ ਜੋ ਉਸ ਨੂੰ ਗਿਰਝਾਂ ਦੀ ਤਰ੍ਹਾਂ ਖਾ ਰਿਹਾ ਸੀ। ਪਛਤਾਵਾ ਜੇ ਕਿਸੇ ਜੁਰਮ ਨੂੰ ਤਸਲੀਮ ਕਰਨ ਦੀ ਦਵਾ ਹੈ, ਤਾਂ ਉਹ ਬਹੁਤ ਵੱਡੀ ਸਜ਼ਾ ਵੀ ਹੈ। ਵੈਸੇ ਵੀ ਦਵਾ ਕੌੜੀ ਹੀ ਹੁੰਦੀ ਹੈ।

ਆਸ਼ਕ ਦੀ ਮੜ੍ਹੀ 'ਤੇ ਦੀਵਾ ਬਾਲਣ ਜਾਂਦੀ ਮਾਸ਼ੂਕ ਦੀ ਤਰ੍ਹਾਂ ਹਰ ਵਾਰੀ ਪ੍ਰੀਤਮ ਬਲਵੰਤ ਨਾਲ ਹੱਡਾ-ਰੋੜੀ ਆਉਂਦੈ ਤੇ ਉਸ ਸਦਮੇ ਨੂੰ 'ਜੀ ਆਇਆਂ' ਕਹਿੰਦੈ, ਜਿਹੜਾ ਉਹਨੂੰ ਗਿਰਝਾਂ ਦੇ ਲਾਸ਼ ਉੱਪਰ ਟੁੱਟ ਪੈਣ 'ਤੇ ਪਹੁੰਚਦੈ। ਉਹਦੀਆਂ ਅੱਖਾਂ ਦਾ ਨਮਕੀਨ ਪਾਣੀ ਉਸ ਦੇ ਇਸ ਦਰਦ ਦੀ ਦਵਾ ਬਣਦੈ। ਇਹ ਸਭ ਕੁਝ ਜਾਂ ਤਾਂ ਪ੍ਰੀਤਮ ਜਾਣਦਾ ਹੈ ਤੇ ਜਾਂ ਫਿਰ ਉਸ ਦਾ ਰੱਬ।

-•♣•-



## ਸਰਵਣ ਪੁੱਤਰ

" ਹਾਂ....ਆਂ! ਹਾਏ ਮਾਂ! ਉਏ ਹੋਏ ! ਓਹ ਰੱਬਾ ਬੜਾ ਈ ਜ਼ਾਲਮ ਏਂ ਤੂੰ ਵੀ – ਕਹਿੰਦੇ ਨੇ ਤੇਰੇ ਘਰ ਦੇਰ ਐ ਪਰ ਅੰਧੇਰ ਨਈਂ, ਪਰ ਤੂੰ ਤਾਂ 'ਨ੍ਹੇਰ ਈ ਪਾ ਦਿੱਤਾ। ਬਹੁਤ ਚਿਰ ਹੋ ਗਿਆ..... ਮੰਜੇ ਤੇ ਗੋਡੇ ਰਗੜੌਂਦਿਆਂ..... ਬਥੇਰੀਆਂ ਖਾ ਲਈਆਂ ਦਵਾਈਆਂ...... ਅਜੇ ਵੀ ਤੂੰ ਨ੍ਹੀਂ ਬਹੁੜਦਾ.......ਕੀ ਤੇਰੇ ਕੋਲ ਵੀ ਮੇਰੇ ਲਈ ਕੋਈ ਥਾਂ ਨ੍ਹਈਂ ਰਹੀ। ਹੁਣ ਤਾਂ ਨੂਆਂ ਪੁੱਤਾਂ ਨੂੰ ਵੀ ਬੁਰਾ ਲਗਦਾ ਆਂ। ਇੱਕ ਛੋਟਾ ਆ, ਉਹ ਵੀ ਕਿੰਨਾਂ ਕੁ ਚਿਰ ਸੇਵਾ ਕਰਦਾ ਰਹੇਗਾ। ਹੁਣ ਤਾਂ ਮੌਤ ਈ ਦੇ ਦਏਂ ਤਾਂ ਚੰਗਾ ਆ.....ਬਥੇਰਾ ਚਿਰ ਜੀਅ ਲਿਆ ।" ਬੁੱਢਾ ਦੀਨੂੰ ਮੰਜੇ ਤੇ ਪਿਆ ਸਾਰੀ ਰਾਤ ਇਸ ਤਰ੍ਹਾਂ ਬੁੜ ਬੁੜ ਕਰਦਾ ਰਹਿੰਦਾ। ਅੱਜ ਵੀ ਕਰ ਰਿਹਾ ਸੀ।

" ਕੀ ਚਾਹੀਦਾ ਬਾਪੂ ?" ਉਹਦੇ ਛੋਟੇ ਮੁੰਡੇ ਕਰਮੇ ਨੇ ਅੰਦਰ ਆਉਂਦਿਆਂ ਪੁੱਛਿਆ।

" ਕੁਛ ਨ੍ਹੀਂ ਪੁੱਤਰਾ।"

" ਫਿਰ ਤੂੰ ਕੀ ਕਹਿੰਦਾ ਸੀ ਹੌਲੀ ਹੌਲੀ ।"

" ਆਪਣੇ ਭਾਗਾਂ ਨੂੰ ਕੋਸ ਰਿਹਾ ਸੀ। ਮੌਤ ਵੀ ਤਾਂ ਨ੍ਹਈਂ ਆਉਂਦੀ ਨਾ।"

" ਬਾਪੂ ! ਤੂੰ ਇਹ ਕੀ ਸੋਚਦਾ ਰਹਿਨੈ ਬਾਪੂ ? ਹੁਣ ਤੈਨੂੰ ਛੇਤੀ 'ਰਾਮ ਆ ਜਾਣੈ। ਬਸ ਹੌਸਲਾ ਨਾ ਹਾਰੀਂ।" ਮੁੰਡੇ ਦੀ ਅਵਾਜ਼ ਵਿੱਚ ਦੁੱਖ ਝਲਕ ਰਿਹਾ ਸੀ। ਹੰਝੂ ਅੱਖਾਂ ਵਿੱਚ ਤੈਰਦੇ ਹੀ ਸਨ ਕਿ ਬਾਹਰ ਨਿਕਲਣ ਤੋਂ ਪਹਿਲਾਂ ਪਹਿਲਾਂ ਹੀ ਜਵਾਨ ਮੁੰਡਾ ਉਨ੍ਹਾਂ ਨੂੰ ਵਿੱਚੇ ਵਿੱਚ ਪੀ ਗਿਆ।

" ਉਦਾਸ ਨਾ ਹੋ ਕਰਮਿਆ ! ਜਿਹੜਾ ਬਣਿਆ ਉਹਨੇ ਇੱਕ ਦਿਨ ਟੁੱਟਣਾ ਵੀ ਹੈ ਨਾ। ਤੂੰ ਮੇਰੀ ਬੜੀ ਸੇਵਾ ਕੀਤੀ ਐ। ਤੇਰੇ ਦੂਜੇ ਭਰਾ ਤੇਰੇ 'ਨਾ ਨਰਾਜ਼ ਸਨ ਪਰ ਉਨ੍ਹਾਂ ਆਪਣੇ ਬਾਪ ਦੀ ਕੋਈ ਖਬਰ ਨ੍ਹਈਂ ਲਈ। ਕੋਈ ਗੱਲ ਨ੍ਹੀਂ। ਤੇਰੀ ਸੇਵਾ ਦਾ ਫਲ ਤੈਨੂੰ ਮਿਲੇਗਾ।" ਬੁੱਢੇ ਦੀਨੂੰ ਦੇ ਮੂੰਹ 'ਤੇ ਕੋਈ ਉਦਾਸੀ ਨਹੀਂ ਸੀ। ਉਹਦਾ ਹੱਥ ਕਰਮੇ ਦੇ

ਸਿਰ 'ਤੇ ਸੀ, ਜਿਵੇਂ ਉਹਨੂੰ ਅਸੀਸ ਦੇ ਰਿਹਾ ਹੋਵੇ।"ਕੋਈ ਨ੍ਹੀਂ ਬਾਪੂ ! ਜੇ ਉਨ੍ਹਾਂ ਪਤਾ ਨਈਂ ਲਿਆ, ਮੈਂ ਜੁ ਆਂ ਤੇਰੀ ਸੇਵਾ ਕਰਨ ਲਈ। ਫਿਰ ਤੇਰੀ ਨੂੰਹ ਆਂ, ਤੇਰੇ ਇਹ ਛੋਟੇ ਛੋਟੇ ਪੋਤੇ ਆ। ਅਸੀਂ ਤੈਨੂੰ ਮਰਨ ਨਈਂ ਦੇਣਾ ਬਾਪੂ। " ਕਰਮੇ ਨੇ ਆਪਣੀ ਤੀਵੀਂ ਕੁਲਦੀਪ ਤੇ ਦੋ ਪੁੱਤਰਾਂ ਵੱਲ ਇਸ਼ਾਰਾ ਕਰਦਿਆਂ ਕਿਹਾ। ਜਿਵੇਂ ਉਹਨੂੰ ਪੂਰਾ ਯਕੀਨ ਸੀ ਕਿ ਉਹ ਉਹਨੂੰ ਮਰਨ ਨਈਂ ਦੇਣਗੇ। ਮੇਜ਼ 'ਤੇ ਬਲਦੀ ਬੱਤੀ ਦੀ ਲੋਅ ਕਰਮੇ ਨੇ ਹੋਰ ਵਧਾ ਦਿੱਤੀ। ਸ਼ਾਇਦ ਉਸ ਨੂੰ ਲੱਗਾ ਹੋਵੇ ਲੋਅ ਦੇ ਵਧਣ ਨਾਲ ਦੀਨੂੰ ਦੇ ਸਾਹ ਵੀ ਵਧ ਜਾਣਗੇ।

ਦੀਨੂੰ ਦੇ ਹੋਰ ਤਿੰਨ ਲੜਕੇ ਤੇ ਦੋ ਲੜਕੀਆਂ ਸਨ । ਕਰਮਾ ਸਾਰਿਆਂ ਤੋਂ ਛੋਟਾ ਸੀ। ਦੀਨੂੰ ਇਸ ਕੋਲ ਹੀ ਰਹਿ ਰਿਹਾ ਸੀ। ਕਰਮੇ ਤੋਂ ਵੱਡਾ ਧਰਮਾ, ਉਸ ਤੋਂ ਵੱਡਾ ਸਰਵਣ ਤੇ ਸਾਰਿਆਂ ਤੋਂ ਵੱਡਾ ਹੰਸਾ। ਜਿੰਨਾਂ ਚਿਰ ਉਹ ਤਕੜਾ ਰਿਹਾ, ਉਸ ਨੇ ਰੱਜ ਕੇ ਕਮਾਈ ਕੀਤੀ । ਸੌਂਹ ਖਾਣ ਨੂੰ ਵੀ ਉਸ ਨੇ ਬਿਨਾਂ ਵਜ੍ਹਾ ਕਦੇ ਦਿਹਾੜੀ ਨਹੀਂ ਸੀ ਭੰਨੀ । ਬਾਲਣ ਲੱਕੜੀ ਪੱਠੇ ਦੱਥੇ ਉਹਦੀ ਘਰ ਵਾਲੀ ਰਤਨੀ ਆਪ ਹੀ ਲੈ ਆਉਂਦੀ ਰਹੀ । ਦੋਵੇਂ ਧੀਆਂ ਜੀਤੋ ਤੇ ਮੀਤੋ ਆਪੋ ਆਪਣੇ ਘਰ ਸੁੱਖ ਨਾਲ ਰਹਿ ਰਹੀਆਂ ਸਨ । ਮੁੰਡੇ ਵੀ ਵਿਆਹੇ ਗਏ ਸਨ । ਵੱਖੋ ਵੱਖ ਰਹਿ ਰਹੇ ਸਨ । ਕੋਈ ਵੀ ਧਿਰ ਕਿਸੇ ਪੱਖੋਂ ਦੁਖੀ ਨਹੀਂ ਸੀ। ਸਭ ਕੁਝ ਰੱਬ ਨੇ ਦਿੱਤਾ ਹੋਇਆ ਸੀ ।

ਕਰਮੇ ਦੇ ਘਰ ਜਿਸ ਦਿਨ ਦੂਸਰਾ ਪੁੱਤਰ ਪੈਦਾ ਹੋਇਆ , ਚੰਗੀ ਭਲੀ ਰਤਨੀ ਉਸੇ ਦਿਨ ਰੱਬ ਨੂੰ ਪਿਆਰੀ ਹੋ ਗਈ ।

ਬੜੀ ਅਜੀਬ ਸਥਿਤੀ ਸੀ । ਲੋਕ ਰਤਨੀ ਦਾ ਅਫ਼ਸੋਸ ਵੀ ਕਰ ਜਾਣ, ਮੁੰਡੇ ਦੀਆਂ ਵਧਾਈਆਂ ਵੀ ਦੇ ਜਾਣ। ਰਤਨੀ ਦੇ ਮਰਨ ਤੋਂ ਬਾਅਦ ਦੀਨੂੰ ਨੇ ਪੱਠੇ ਦੱਥੇ ਦਾ ਕੰਮ ਆਪ ਸਾਂਭ ਲਿਆ । ਕਰਮੇ ਦੀ ਵਹੁਟੀ ਕੁਲਦੀਪ ਨੂੰ ਉਸ ਨੇ ਕਦੇ ਵੀ ਖੇਤੀਂ ਬੰਨੀਂ ਜਾਣ ਨਹੀਂ ਸੀ ਦਿੱਤਾ । ਜੇ ਕਰਮਾ ਕਹਿ ਵੀ ਦਿੰਦਾ ਤਾਂ ਉਹ ਕਹਿੰਦਾ " ਦਾਲ ਰੋਟੀ ਬਣਾਏਗੀ , ਨਿੱਕੇ ਨਿਆਣੇ ਸਾਂਭੇਗੀ ।

ਦੀਨੂੰ ਦਾ ਸਭ ਤੋਂ ਵੱਡਾ ਮੁੰਡਾ ਹੰਸਾ ਚੰਡੀਗੜ੍ਹ ਸੈਕਟਰੀਏਟ 'ਚ ਨੌਕਰੀ ਕਰਦਾ ਸੀ । ਪੱਚੀ ਤੀਹ ਸਾਲ ਪਹਿਲਾਂ ਦਸਵੀਂ ਕਰਨ ਤੋਂ ਬਾਅਦ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਕਿਸੇ ਨਾ ਕਿਸੇ ਮਹਿਕਮੇ 'ਚ ਰੁਜਗਾਰ ਮਿਲ ਹੀ ਜਾਂਦਾ ਸੀ। ਇਨ੍ਹਾਂ ਜਾਤਾਂ ਦੇ ਬੱਚੇ ਸਕੂਲਾਂ ਵਿੱਚ ਆਉਂਦੇ ਵੀ ਤਾਂ ਬਹੁਤ ਘੱਟ ਸਨ । ਜੇ ਆਉਂਦੇ ਵੀ ਸਨ ਤਾਂ ਮਿਡਲ ਪਾਸ ਕਰਨ ਤੋਂ ਪਹਿਲਾਂ ਪਹਿਲਾਂ ਝੜ ਜਾਂਦੇ ਸਨ । ਮਾਪੇ ਉਨ੍ਹਾਂ ਨੂੰ ਕਿਤੇ ਨਾ ਕਿਤੇ ਕੰਮ ਧੰਦੇ ਤੇ ਲਾ ਦਿੰਦੇ । ਹੰਸਾ ਅਜਿਹਾ ਪਿੰਡੋਂ ਗਿਆ । ਚੰਡੀਗੜ੍ਹ ਦਾ ਹੀ ਹੋ ਕੇ ਰਹਿ ਗਿਆ । ਪਹਿਲਾਂ ਮਹੀਨੇ ਦੋ ਮਹੀਨੇ ਬਾਅਦ ਆਉਂਦਾ ਰਿਹਾ । ਫਿਰ ਸਾਲ ਛਿਮਾਹੀ ਬਾਅਦ । ਕਦੇ ਕਦੇ ਖਤ ਲਿਖਦਾ। ਉਹ ਵੀ ਘੁੰਮ ਘੁਮਾ ਕੇ ਮਿਲਦੇ । ਉਸ ਨੇ ਆਪਣੇ ਨਾਂਅ ਨਾਲ ਸ਼ਰਮਾ ਲਿਖਣਾ ਸ਼ੁਰੂ ਕਰ ਦਿੱਤਾ ਸੀ । ਹੰਸ ਰਾਜ ਸ਼ਰਮਾ । ਵਿਆਹ ਵੀ ਉਹਨੇ ਆਪਣੀ ਮਰਜ਼ੀ ਨਾਲ ਪੰਡਤਾਂ ਦੀ ਕੁੜੀ ਨਾਲ ਕਰਵਾ ਲਿਆ ਸੀ । ਬਿਨਾਂ ਕਿਸੇ ਰਿਸ਼ਤੇਦਾਰ ਨੂੰ ਸੱਦਿਆਂ , ਬੁਲਾਇਆਂ । ਉਹਦੇ ਖ਼ਤ ਬਰ੍ਹਾਮਣਾਂ ਦੇ ਘਰਾਂ ਵੱਲ ਘੁੰਮਦੇ ਰਹਿੰਦੇ । ਕਦੇ ਵਾਪਿਸ ਹੋ ਜਾਂਦੇ । ਕਦੇ ਕੋਈ ਖੋਲ੍ਹ ਕੇ ਪੜ੍ਹ ਲੈਂਦਾ ਤਾਂ ਦੀਨੂੰ ਦੇ ਘਰ ਦੇ ਜਾਂਦਾ । ਦੀਨੂੰ

ਨੂੰ ਬੜਾ ਗੁੱਸਾ ਆਉਂਦਾ ।' ਓਏ ਕੰਜਰਾ ! ਇਹ ਕੀ ਚੰਦ ਚਾੜ੍ਹੀ ਜਾਨੈ । ਦੀਨ ਮਜ਼ਬ ਈ ਭੁੱਲ ਗਿਆਂ । ਤੂੰ ਕਿਹੜਾ ਨਵਾਂ ਬਾਪ ਬਣਾ ਲਿਆ ਓਏ , ਕੋਹੜੀਆ ।' ਬੁੜ ਬੁੜ ਕਰਦਾ ਉਹ ਹੰਸੇ ਨੂੰ ਕੋਸੀ ਜਾਂਦਾ ਤੇ ਨਾਲੇ ਗਾਲਾਂ ਕੱਢੀ ਜਾਂਦਾ । ਤਰੱਕੀ ਦੀ ਪੌੜੀ ਚੜ੍ਹਦਾ ਚੜ੍ਹਦਾ ਹੰਸ ਰਾਜ ਅੰਡਰ ਸੈਕਟਰੀ ਦੀ ਪੋਸਟ ਤੇ ਜਾ ਪਹੁੰਚਾ ਸੀ । ਉਹਨੂੰ ਸਰਕਾਰੀ ਕੋਠੀ ਅਲਾਟ ਹੋ ਗਈ ਸੀ । ਕਦੇ ਕਦੇ ਪਿੰਡ ਦੇ ਲੋਕ ਚੰਡੀਗੜ੍ਹ ਜਾਂਦੇ , ਉਹਨੂੰ ਮਿਲਦੇ । ਵੇਲੇ ਕੁਵੇਲੇ ਉਹਦੇ ਘਰ ਰਾਤ ਵੀ ਕੱਟ ਆਉਂਦੇ । ਪਿੰਡ ਆ ਕੇ ਉਹਦੇ ਠਾਠ ਦੀਆਂ ਗੱਲਾਂ ਕਰਦੇ । ਦੋ ਤਿੰਨ ਨੌਕਰ ਘਰ ਆਉਂਦੇ । ਕੋਈ ਝਾੜੂ ਪੋਚਾ ਕਰ ਜਾਂਦਾ । ਕੋਈ ਕੱਪੜੇ ਧੋ ਜਾਂਦਾ । ਘਰ ਦੀ ਬਗੀਚੀ 'ਚ ਫੁੱਲ ਬੂਟੇ ਲਾਉਣ ਵਾਲਾ ਵੱਖਰਾ ।

ਇੱਕ ਵਾਰੀ ਦੀਨੂੰ ਉਹਨੂੰ ਮਿਲਣ ਲਈ ਚੰਡੀਗੜ੍ਹ ਚਲਾ ਗਿਆ । ਗਲ ਲੰਬੀ ਕਮੀਜ਼ ਤੇ ਤੇੜ ਚਾਦਰ । ਸਰਸਰੀ ਤੌਰ ਤੇ ਨੂੰਹ ਰਾਣੀ ਪੈਰੀਂ ਹੱਥ ਲਾ ਗਈ । ਨਿਆਣਾ ਕੋਈ ਪਾਸ ਉਹਦੇ ਆਇਆ ਨਾ। ਹੰਸ ਰਾਜ ਦਸ ਮਿੰਟ ਬਹਿ ਕੇ ਕਿਸੇ ਪਾਰਟੀ 'ਚ ਜਾ ਬੈਠਾ । ਜਿਸ ਕਮਰੇ 'ਚ ਉਹ ਜਾ ਕੇ ਬੈਠਾ ਸੀ , ਸਵੇਰ ਤੱਕ ਕੈਦੀਆਂ ਵਾਂਗ ਉਸੇ ਕਮਰੇ 'ਚ ਤੜਿਆ ਰਿਹਾ । ਦਿਨ ਚੜ੍ਹੇ ਰੋਟੀ ਪਾਣੀ ਖਾ ਕੇ ਦੀਨੂੰ ਡਰਾਇੰਗ ਰੂਮ ਦੇ ਬਾਹਰ ਵਰਾਂਡੇ 'ਚ ਬੈਠਾ ਸੀ । ਹੰਸ ਰਾਜ ਦੇ ਕੁਝ ਦੋਸਤ ਘਰ ਆਏ । ਗੱਲਾਂ ਗੱਲਾਂ 'ਚ ਇੱਕ ਨੇ ਦੀਨੂੰ ਬਾਰੇ ਪੁੱਛਿਆ , ਕਿ ਬਈ ਕੌਣ ਏ । ਤਾਂ ਹੰਸ ਰਾਜ ਨੇ ' ਪਿੰਡ ਤੋਂ ਐ, ਇੱਥੇ ਕਿਸੇ ਕੰਮ ਆਇਆ ਸੀ, ਰਾਤੀਂ ਕੁਵੇਲਾ ਹੋ ਗਿਆ ਤਾਂ ਘਰ ਆ ਗਿਆ। ' ਕਹਿ ਕੇ ਖਹਿੜਾ ਛੁਡਾ ਲਿਆ । ਦੀਨੂੰ ਨੇ ਇਹ ਸੁਣ ਲਿਆ । ਬਿਨਾਂ ਕੁਛ ਕਹੇ ਉਹ ਉਸੇ ਵੇਲੇ ਪਿੰਡ ਦੇ ਰਾਹ ਪੈ ਗਿਆ ਸੀ । ਉਹ ਸੋਚਦਾ ਜਿਹੜਾ ਪੁੱਤ ਚੌਂਹ ਬੰਦਿਆਂ 'ਚ ਪਿਉ ਨੂੰ ਪਿਉ ਨਈਂ ਕਹਿ ਸਕਦਾ । ਉਹਦੀ ਅਫਸਰੀ ਨੂੰ ਉਸ ਨੇ ਕੀ ਕਰਨਾ । ਚੰਗਾ ਹੋਇਆ ਉਹਨੇ ਹੋਰ ਕੋਈ ਨਿਆਣਾ ਨਹੀਂ ਪੜ੍ਹਾਇਆ। ਨਹੀਂ ਤਾਂ ਔਲਾਦ ਹੁੰਦਿਆਂ ਸੁੰਦਿਆਂ ਵੀ ਬੇਔਲਾਦ ਹੋ ਜਾਂਦਾ । ਮੁੜ ਕੇ ਕਦੀ ਵੀ ਉਸ ਨੇ ਹੰਸ ਰਾਜ ਦਾ ਨਾਂਅ ਜ਼ੁਬਾਨ 'ਤੇ ਨਾ ਆਉਣ ਦਿੱਤਾ। ਉਹਨੇ ਚਾਰ ਦੀ ਜਗਹ ਤਿੰਨ ਪੁੱਤਰਾਂ 'ਤੇ ਹੀ ਸਬਰ ਕਰ ਲਿਆ । ਹੰਸ ਰਾਜ ਨੇ ਤਾਂ ਉਸ ਤੋਂ ਬਾਅਦ ਮਰਨੇ ਜੰਮਣੇ 'ਤੇ ਆਉਣਾ ਵੀ ਛੱਡ ਦਿੱਤਾ ਸੀ ।

ਕਦੇ ਕਦੇ ਦੀਨੂੰ ਧਰਮੇ ਤੇ ਸਰਵਣ ਵੱਲ ਵੀ ਚਲਾ ਜਾਂਦਾ । ਉਨ੍ਹਾਂ ਦਾ ਵੀ ਕੁਝ ਨਾ ਕੁਝ ਸੰਵਾਰ ਆਉਂਦਾ । ਉਨ੍ਹਾਂ ਦੇ ਬੱਚੇ ' ਬਾਬਾ ਆਹ ਦੇ , ਬਾਬਾ ਔਹ ਦੇ ' ਲਾਈ ਰੱਖਦੇ । ਉਹ ਉਨ੍ਹਾਂ ਨੂੰ ਵੀ ਕੋਈ ਨਾ ਕੋਈ ਚੀਜ਼ ਲੈ ਦਿੰਦਾ । ਪੁੱਤਰ ਵੀ ਬਾਪੂ ਬਾਪੂ ਕਰਦੇ ਰਹਿੰਦੇ । ਦੋਵੇਂ ਭਰਾ ਕਦੇ ਕਦੇ ਕਰਮੇ ਵੱਲ ਗੇੜਾ ਮਾਰ ਜਾਂਦੇ ਸੀ ।

ਦੀਨੂੰ ਓਦੋਂ ਸੱਤਰਾਂ ਨੂੰ ਪਾਰ ਕਰ ਗਿਆ ਸੀ ਜਦੋਂ ਰੋਗਾਂ ਨੇ ਉਸ ਨੂੰ ਹਲਕਾ ਹਲਕਾ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ । ਹੱਡੀ ਦਾ ਚੀੜ੍ਹਾ ਹੋਣ ਕਰਕੇ ਛੇਤੀ ਕੀਤਿਆਂ ਉਹ ਮੰਜੇ 'ਤੇ ਘੱਟ ਹੀ ਡਿਗਦਾ । ਪਰ ਪਿਛਲੇ ਦੋ ਕੁ ਸਾਲ ਤੋਂ ਸਾਹ ਦੀ ਸਿਕਾਇਤ ਤੇ ਜੋੜਾਂ ਦੇ ਦਰਦਾਂ ਨੇ ਉਸ ਨੂੰ ਤੁਰਨ ਫਿਰਨ ਤੋਂ ਆਕੀ ਕਰ ਦਿੱਤਾ ਸੀ । ਕਰਮਾ ਆਪਣੇ ਵਿੱਤ ਮੁਤਾਬਿਕ ਉਹਦੀ ਦਵਾਈ ਦਾਰੂ ਕਰੀ ਜਾਂਦਾ ਸੀ । ਦੀਨੂੰ ਨੇ ਸਾਰੀ ਉਮਰ ਕਦੇ ਪੁੱਤਰਾਂ ਦੇ ਹੱਥਾਂ ਵੱਲ ਨਹੀਂ ਸੀ ਝਾਕਿਆ । ਕਿਸੇ ਤੋਂ ਕੁਛ ਲਿਆ ਨਹੀਂ ਸੀ, ਉਲਟਾ

ਦਿੱਤਾ ਹੀ ਸੀ । ਹੁਣ ਜਦੋਂ ਉਹ ਬੀਮਾਰ ਹੋਇਆ ਸੀ, ਧਰਮੇ ਤੇ ਸਰਵਣ ਵਿੱਚੋਂ ਕੋਈ ਵੀ ਨੇੜੇ ਨਹੀਂ ਸੀ ਢੁੱਕਾ । ਬਹਾਨੇ ਨਾਲ ਹੀ ਮਾੜੀ ਜਿਹੀ ਗੱਲ ਤੋਂ ਸਰਵਣ ਕਰਮੇ ਨਾਲ ਝਗੜ ਪਿਆ । ਦੂਜਾ ਵੀ ਉਹਦੇ ਮਗਰ ਹੋ ਤੁਰਿਆ । ਫਿਰ ਕਿਸੇ ਨੇ ਬਾਤ ਨਾ ਪੁੱਛੀ, ਜਿਵੇਂ ਡਰਦੇ ਹੋਣ ਕਿ ਬਾਪੂ 'ਤੇ ਕੋਈ ਪੈਸਾ ਨਾ ਖਰਚ ਹੋ ਜਾਏ । ਕਰਮੇ ਨੇ ਹੀ ਉਸ ਨੂੰ ਸਾਂਭਿਆ, ਉਸਦਾ ਦੁੱਖ ਸੁੱਖ ਦੇਖਿਆ । ਸਿਆਣਿਆਂ ਦੀ ਕਹੀ ਗੱਲ ਕਿਤੇ ਕਿਤੇ ਉਹਨੂੰ ਯਾਦ ਆਉਂਦੀ ਕਿ ਸਭ ਚਲਦੀਆਂ ਦੇ ਹੀ ਯਾਰ ਨੇ ।

ਆਖਿਰ ਦੀਨੂੰ ਮਰ ਹੀ ਗਿਆ । ਕਰਮੇ ਨੇ ਬਥੇਰਾ ਦਵਾ ਦਾਰੂ ਕੀਤਾ, ਪਰ ਰੱਬ ਦੀ ਮਰਜ਼ੀ ਅੱਗੇ ਉਹਦੀ ਕੋਈ ਪੇਸ਼ ਨਾ ਗਈ। ਉਹਦੇ ਘਰ ਰੋਣਾ ਪਿੱਟਣਾ ਸ਼ੁਰੂ ਹੋ ਗਿਆ। ਉਹਦੇ ਭਰਾ ਪਿਉ ਦੇ ਮਰਨੇ 'ਤੇ ਆਏ, ਭਰਜਾਈਆਂ ਚੀਕਾਂ ਮਾਰ ਮਾਰ ਰੋਈਆਂ। ਛਾਤੀਆਂ ਪਿੱਟੀਆਂ । ਦੁਹੱਥੜ ਮਾਰ ਮਾਰ ਉਨ੍ਹਾਂ ਆਪਣੇ ਪੱਟ ਸੁਜਾ ਲਏ । ਕਰਮੇ ਨੇ ਕਿਸੇ ਨੂੰ ਕੁਝ ਨਾ ਕਿਹਾ ।

" ਜੀਅ ਤਾਂ ਕਰਦੈ , ਇਨ੍ਹਾਂ ਨੂੰ ਜਿੱਦਾਂ ਆਏ ਉਸੇ ਤਰਾਂ ਘਰੋਂ ਬਾਹਰ ਕੱਢ ਦਿਆਂ । " ਕੁਲਦੀਪ ਨੇ ਕਰਮੇ ਨੂੰ ਕਿਹਾ ।

" ਨਹੀਂ ਦੀਪ ! ਆਪਾਂ ਇਸ ਤਰਾਂ ਨ੍ਹੀਂ ਕਰਨਾਂ । ਉਨ੍ਹਾਂ ਦਾ ਬਾਪ ਵੀ ਤਾਂ ਇਹੀ ਆ । " ਕਰਮੇ ਨੇ ਕਿਹਾ ।

" ਬਾਪ ! ਇਹੀ ਬਾਪ ਐ ਇਨ੍ਹਾਂ ਦਾ , ਉਸ ਵੇਲੇ ਕਿੱਥੇ ਸੀ ਇਹ -- ਜਦੋਂ ਉਹ ਮੌਤ ਨਾਲ ਘੁਲ ਰਿਹਾ ਸੀ । ਹੁਣ ਸਾਡੇ ਤੋਂ ਕਿਹੜਾ ਫੂਕ ਨਾ ਹੋਊ ਜਾਂ ਖੱਫਣ ਨਾ ਪਾ ਹੋਊ । " ਕੁਲਦੀਪ ਦਾ ਰੋ ਰੋ ਬੁਰਾ ਹਾਲ ਸੀ । ਸ਼ਰੀਕਾਂ ਦੇ ਅੰਦਰ ਆਉਣ 'ਤੇ ਉਹਦਾ ਦਿਲ ਪਾਟਣਾ ਆ ਗਿਆ , ਕਰਮੇ ਦੇ ਸਬਦਾਂ ਨੇ ਉਲਟਾ ਬਲਦੀ 'ਤੇ ਤੇਲ ਵਾਲਾ ਅਸਰ ਕੀਤਾ ਸੀ ।

" ਬਸ ਕਰ ਦੀਪਾਂ ! ਬਸ ਕਰ । ਦੇਖ ਤੇਰਾ ਕੀ ਹਾਲ ਐ, ਕੀ ਕਹਿਣਗੇ ਲੋਕੀ, ਆਪਾ ਸੰਭਾਲ ਤੇ ਜਾਹ ਜਾ ਕੇ ਵਿਹੜੇ
ਵਿੱਚ ਬੈਠ । " ਕਰਮਾ ਦੁਚਿੱਤੀ 'ਚ ਫਸ ਗਿਆ। ਵਿਹੜੇ 'ਚ ਬਾਪ ਦੀ ਲਾਸ਼ ਪਈ ਸੀ ਤੇ ਪਤਨੀ ਦਾ ਉਂਜ ਹੀ ਬੁਰਾ ਹਾਲ ਸੀ।

" ਕਰਮਿਆ ! ਜੇ ਪੈਸੇ ਧੇਲੇ ਦੀ ਲੋੜ ਹੋਈ ਤਾਂ ਸਾਨੂੰ ਦੱਸ ਦਈਂ ।" ਉਹਦੇ ਵੱਡੇ ਭਰਾ ਸਰਵਣ ਨੇ ਕਿਹਾ। ਜਿਵੇਂ ਕੋਈ ਦੋਸਤ ਆਪਣੇ ਦੋਸਤ ਨੂੰ ਬਾਹਲ ਦੇਣ ਆਇਆ ਹੋਵੇ ।

" ਨਹੀਂ , ਮੇਰੇ ਕੋਲ ਹੈਗੇ ਆ । " ਕਰਮੇ ਨੇ ਬੇਰੁੱਖੀ ਨਾਲ ਜਵਾਬ ਦਿੱਤਾ । ਉਹਦਾ ਦਿਲ ਤਾਂ ਕਰਦਾ ਸੀ ਕਿ ਵੱਟ ਕੇ ਚਪੇੜ ਸਰਵਣ ਦੇ ਮੂੰਹ 'ਤੇ ਮਾਰੇ ਪਰ ਆਪ ਤੋਂ ਵੱਡਾ ਹੋਣ ਕਰਕੇ ਤੇ ਲੋਕਾਂ ਦੀ ਚਰਚਾ ਤੋਂ ਡਰਦਾ ਉਹ ਚੁੱਪ ਹੀ ਰਿਹਾ ।

ਦੀਨੂੰ ਦਾ ਦਾਹ ਸੰਸਕਾਰ ਕਰਕੇ ਕਰਮਾ ਆਪਣੇ ਘਰ ਆ ਗਿਆ । ਸ਼ਰੀਕੇ ਦੇ ਤੀਵੀਂਆਂ ਮਰਦ ਆਪੋ ਆਪਣੇ ਘਰਾਂ ਨੂੰ ਚਲੇ ਗਏ । ਨਾਲ ਦੇ ਘਰ ਵਾਲਿਆਂ ਨੇ ਰੋਟੀ ਬਣਾ ਲਈ ਸੀ, ਜਿਹੜੀ ਉਨ੍ਹਾਂ ਬੁਰਕੀ ਬੁਰਕੀ ਹੀ ਖਾਧੀ।

ਰੋਣ ਧੋਣ ਦਾ ਕੰਮ ਖਤਮ ਹੋ ਗਿਆ ਸੀ । ਹੁਣ ਜਿਸ ਕਿਸੇ ਨੇ ਅਫ਼ਸੋਸ ਲਈ ਆਉਣਾ ਸੀ , ਥੋੜ੍ਹਾ ਠਹਿਰ ਕੇ ਹੀ ਆਉਣਾ ਸੀ। ਜਦੋਂ ਹੋਰ ਸਭ ਕੁਛ ਸਹਾਰਿਆ ਸੀ। ਕਰਮਾ ਹੁਣ ਵੀ ਪਿੱਛੇ ਨਹੀਂ ਸੀ ਰਹਿਣਾ ਚਾਹੁੰਦਾ । ਮਕਾਣਾਂ ਦਾ ਢੋਅ ਉਸ ਨੇ ਇੱਕੋ ਦਿਨ ਦਾ ਰੱਖ ਲਿਆ ਸੀ। ਕਈ ਲੋਕ ਗਲਤੀਆਂ ਕਰਦੇ ਕਰਦੇ ਇੱਥੋਂ ਤੱਕ ਪਹੁੰਚ ਜਾਂਦੇ ਹਨ ਕਿ ਉਨ੍ਹਾਂ ਨੂੰ ਗਲਤੀਆਂ ਕਰਕੇ ਖੁਸ਼ੀ ਮਹਿਸੂਸ ਹੋਣ ਲੱਗਦੀ ਹੈ ਤੇ ਦੇਖਣ ਵਾਲਾ ਉਨ੍ਹਾਂ 'ਤੇ ਹੱਸਦਾ ਤੇ ਮਖੌਲ ਉਡਾਉਂਦਾ ਹੈ ।

ਜਿਹੜਾ ਮਾਂ ਬਾਪ ਆਪਣੇ ਧੀਆਂ ਪੁੱਤਾਂ ਨੂੰ ਜਨਮ ਦਿੰਦਾ ਹੈ , ਫਿਰ ਪਾਲਦਾ ਪੋਸਦਾ ਹੈ। ਉਹਨਾਂ ਦਾ ਨਰਕ ਧੋਚਦਾ ਹੈ। ਮਾਂ ਬੱਚੇ ਨੂੰ ਸੁੱਕੇ ਥਾਂ ਪਾ ਕੇ ਆਪ ਗਿੱਲੇ ਥਾਂ ਪੈਂਦੀ ਹੈ , ਬਾਪ ਉਨ੍ਹਾਂ ਨੂੰ ਖਾਣ ਪੀਣ ਤੇ ਪਹਿਨਣ ਲਈ ਦਿੰਦਾ ਹੈ । ਵੱਡੇ ਹੋਣ ਤੇ ਪੜ੍ਹਾਉਂਦਾ ਹੈ, ਵਿਆਹੁੰਦਾ ਹੈ । ਉਸ ਕੁਰਬਾਨੀ ਦੇ ਬਦਲੇ ਜੇ ਉਨ੍ਹਾਂ ਦਾ ਮਰਨਾ ਵੀ ਖਰਾਬ ਹੋਵੇ ਤਾਂ ਫਿਰ ਲਾਹਨਤ ਹੈ ਅਜਿਹੇ ਧੀਆਂ ਪੁੱਤਾਂ ਦੇ ।

ਧੀਆਂ ਪੁੱਤਾਂ ਤੋਂ ਸੁੱਖ ਤਾਂ ਕਰਮਾਂ ਨਾਲ ਹੀ ਮਿਲਦਾ ਹੈ। ਹਰ ਮਾਂ ਬਾਪ ਦਾ ਫਰਜ਼ ਹੁੰਦਾ ਹੈ ਕਿ ਉਹ ਆਪਣੀ ਔਲਾਦ ਨੂੰ ਚੰਗਾ ਆਦਮੀ ਬਣਾਵੇ। ਬਾਪ ਆਪ ਭਾਵੇਂ ਸਾਦਾ ਕੱਪੜਾ ਪਾਵੇ , ਰੁੱਖੀ ਮਿੱਸੀ ਖਾਵੇ । ਪਰ ਧੀਆਂ ਪੁੱਤਾਂ ਦੀ ਉਹ ਕੋਈ ਗੱਲ ਨਹੀਂ ਮੋੜਦਾ । ਪਰ ਇਸ ਦੇ ਇਵਜ ਵਿੱਚ ਜੋ ਕੁਛ ਉਸ ਨੂੰ ਮਿਲਦਾ ਹੈ , ਉਹ ਸਭ ਕਰਮਾਂ 'ਤੇ ਸੁੱਟ ਦਿੱਤਾ ਜਾਂਦਾ ਹੈ।

ਦੀਨੂੰ ਨਾਲ ਵੀ ਇਹੀ ਕੁਝ ਹੋਇਆ। ਪਰ ਮਰਨ ਦੀ ਗੱਲ ਕੁਝ ਖਾਸ ਹੀ ਹੋਈ। ਜਿਸ ਦਿਨ ਮਕਾਣਾਂ ਦਾ ਢੋਅ ਕਰਮੇ ਨੇ ਰੱਖਿਆ, ਉਸੇ ਦਿਨ ਹੀ ਸਰਵਣ ਹੁਰਾਂ ਨੇ ਰੱਖ ਲਿਆ । ਮਕਾਣਾਂ ਆਉਂਦੀਆਂ ਰਹੀਆਂ । ਪਹਿਲਾਂ ਇੱਕ ਦੇ ਆਉਂਦੀਆਂ ਫਿਰ ਦੂਜੇ ਦੇ । ਸ਼ਰੀਕੇ ਦੀਆਂ ਔਰਤਾਂ ਕਦੇ ਇੱਕ ਪਾਸੇ ਦੌੜਦੀਆਂ ਕਦੇ ਦੂਜੇ ਪਾਸੇ । ਕੁਝ ਰਿਸ਼ਤੇਦਾਰ ਅਜਿਹੇ ਵੀ ਸਨ ਜਿਹੜੇ ਇੱਕੋ ਪਾਸੇ ਹੀ ਜਾਂਦੇ ਸਨ ।

ਦੀਨੂੰ ਦੀ ਆਤਮਾ ਦੀ ਸਾਂਤੀ ਲਈ ਕਰਮੇ ਨੇ ਘਰ ਵਿੱਚ ਸਹਿਜ ਪਾਠ ਰਖਵਾ ਲਿਆ । ਸਰਵਣ ਕਿਹੜਾ ਘੱਟ ਸੀ। ਚਾਰ ਦਿਨ ਬਾਅਦ ਉਸ ਨੇ ਆਪਣੇ ਘਰ ਵਿੱਚ ਅਖੰਡ ਪਾਠ ਸ਼ੁਰੂ ਕਰਵਾ ਲਿਆ । ਦੋਹਾਂ ਘਰਾਂ 'ਚ ਪਾਠ ਦੇ ਭੋਗ ਇੱਕੋ ਦਿਨ ਪਾਏ ਗਏ। ਸਰਵਣ ਨੇ ਤਾਂ ਪਾਠੀ ਸੱਜਣਾਂ ਨੂੰ ਬਸਤਰ ਤੇ ਬਿਸਤਰ ਦੇ ਕੇ ਤੋਰਿਆ । ਕਰਮੇ ਦੇ ਘਰ ਰੋਟੀ ਦੇ ਨਾਲ ਕੜਾਹ ਪ੍ਰਸਾਦ ਦੀ ਦੇਗ ਵਰਤਾਈ ਗਈ ਤਾਂ ਸਰਵਣ ਦੇ ਘਰ ਜਲੇਬੀਆਂ ਦਾ ਲੰਗਰ ਲਾਇਆ ਗਿਆ ।

ਗੱਲ ਕੀ ਚੰਗੀ ਜੱਗ ਹਸਾਈ ਹੋਈ। ਜਿਥੋਂ ਜਿਥੋਂ ਵੀ ਕੋਈ ਆਇਆ ਸੀ, ਉੱਥੇ ਉੱਥੇ ਹੀ ਇਸ ਗੱਲ ਦਾ ਮਖੌਲ ਉਡਾਇਆ ਗਿਆ । ਇੱਕ ਨੇ ਦੂਜੀ ਕੋਲ , ਦੂਜੀ ਨੇ ਤੀਜੀ ਕੋਲ । ਇਸ ਤਰ੍ਹਾਂ ਹਰ ਪਾਸੇ ਇਸ ਗੱਲ ਦੀ ਚਰਚਾ ਹੋ ਰਹੀ ਸੀ। ਮਰਨ ਤੋਂ ਬਾਅਦ ਦੀਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ। ਵੰਡਿਆ ਕਿਸ ਨੇ , ਉਸ ਦੇ ਸਰਵਣ ਵਰਗੇ ਪੁੱਤਰ ਨੇ । ਬਈ ਰੱਬ ਹੀ ਬਚਾਏ ਇਹੋ ਜਿਹੇ ਸਰਵਣ ਪੁੱਤਰ ਤੋਂ ।



# ਨਾ ਪੁੱਤ, ਨਾ

ਸ਼ਾਮ ਪੈ ਗਈ ਐ। ਸਵੇਰ ਦੇ ਕੰਮਾਂ ਕਾਰਾਂ ’ਤੇ ਗਏ ਲੋਕ ਘਰਾਂ ਨੂੰ ਮੁੜ ਆਏ ਨੇ। ਰਾਤ ਦਾ ਘਰੋਂ ਨਿਕਲਿਆ ਬੀਰੂ ਅਜੇ ਤੱਕ ਆਇਆ ਨਈਂ । ਜਰੂਰ ਭੈਣ ਸੀਤੋ ਦੇ ਘਰ ਚਲਾ ਗਿਆ ਹੋਣੈ । ਸਵੇਰੇ ਮਿਲੀ ਸੀ । ਰਾਤੀਂ ਵੀ ਤਾਂ ਉੱਥੇ ਹੀ ਜਾ ਕੇ ਸੁੱਤਾ ਰਿਹਾ। ਉੱਥੋਂ ਈ ਕੰਮ ’ਤੇ ਚਲਾ ਗਿਆ । ਚਲ ਆ ਜਾਊ, ਜਦੋਂ ਉਹਦਾ ਗੁੱਸਾ ਲਹਿ ਗਿਆ । ਅੱਜ ਨ੍ਹੀਂ ਤਾਂ ਕੱਲ੍ਹ ਆ ਜਾਊ। ਕਦ ਤੱਕ ਨਾ ਆਊ । ਆ ਕੇ ਈ ਸਰਨੈ। ਬਾਹਰ ਕਿਹੜਾ ਹੋਰ ਮਾਂ ਬੈਠੀ ਆ, ਜੇਹੜੀ ਪਕਾ ਪਕਾ ਖੁਲਾਉਂਦੀ ਰਹੂ। ਮਨ ’ਚ ਅਉਂਦੇ ਬੀਰੂ ਦੇ ਖਿਆਲਾਂ ਨੂੰ ਧੱਕਾ ਦੇ ਕੇ ਮੈਂ ਮੰਜੇ ਤੋਂ ਉੱਠਦੀ ਹਾਂ। ਸਵੇਰ ਦੀ ਕੰਮ ਨੂੰ ਉੱਕਾ ਰੂਹ ਨ੍ਹੀਂ ਕੀਤੀ । ਸਾਰਾ ਦਿਨ ਉਤਰਦੀਆਂ ਚੜ੍ਹਦੀਆਂ ਰਹੀਆਂ। ਚਾਦਰ ਤਾਣ ਕੇ ਮੰਜੇ ’ਤੇ ਪਈ ਰਹੀ। ਸਰੀਰ ਦੁੱਖਦਾ ਰਿਹਾ। ਸਿਰ ਭਾਰਾ ਜਿਹਾ ਹੋਇਆ ਪਿਆ ਜਿਵੇਂ ਇਹਦੀ ਹਰ ਨਾੜੀ ਜਾਮ ਹੋ ਗਈ ਹੋਵੇ। ਦੀਪੀ ਨੇ ਚਾਹ ਬਣਾ ਕੇ ’ਵਾਜ ਮਾਰੀ ਸੀ । ਸਿਰ੍ਹਾਣੇ ਪਈ ਠੰਡੀ ਹੋ ਗਈ , ਚੱਕ ਕੇ ਪੀਣ ਨੂੰ ਚਿੱਤ ਨ੍ਹੀਂ ਕੀਤਾ। ਨਲਕੇ ਲਾਗੇ ਸਵੇਰ ਦੇ ਈ ਭਾਂਡੇ ਮਾਂਜਣ ਵਾਲੇ ਪਏ ਐ। ਦਾਲ ਚੁੱਲੇ ’ਤੇ ਰੱਖ ਦਿੱਤੀ ਆ। ਰਾਜੂ ਤੇ ਦੀਪੀ ਹਵੇਲੀ ਪਸ਼ੂਆਂ ਨੂੰ ਪੱਠੇ ਪਉਣ ਗਏ ਮੁੜੇ ਨਈਂ। ਦਾਲ ਬਣ ਜਾਵੇ ਤਾਂ ਮੱਝ ਦੀ ਧਾਰ ਕੱਢਣ ਵੀ ਜਾਣੈ। ਆਟਾ ਗੁੰਨ ਕੇ ਰੱਖ ਦਿੰਨੀ ਆਂ। ਆ ਕੇ ਦੀਪੀ ਆਪੇ ਈ ਰੋਟੀ ਬਣਾ ਲਊ। ਸੋਚਾਂ ਸੋਚਦੀ ਖੁਦ ਨਾਲ ਗੱਲਾਂ ਕਰਦੀ ਮੈਂ ਪਰਾਤ ’ਚ ਪਾਏ ਆਟੇ ’ਚ ਹੱਥ ਘੁਮਾ ਰਹੀ ਹਾਂ।

ਮੇਰਾ ਜਨਮ ਇੱਕ ਆਮ ਪਰੀਵਾਰ ਵਿੱਚ ਹੋਇਆ ਸੀ । ਮੇਰਾ ਬਾਪ ਮਿਹਨਤ ਮੁਸ਼ੱਕਤ ਕਰਨ ਵਾਲਾ ਇੱਕ ਸਿਰੜੀ ਕਾਮਾ ਸੀ। ਤੇ ਮਾਂ ਵੀ ਘਰੇਲੂ ਕੰਮਾਂ ’ਚ ਨਿਪੁੰਨ, ਸਾਕ ਸਰੀਕੇ ’ਚ ਮਿਲਣਸਾਰ ਬੜੀ ਹਿੰਮਤੀ ਔਰਤ ਸੀ। ਸੱਤਾਂ ਪੁੱਤਾਂ ਦੀ ਮਾਂ ਘਰ ਦਾ ਸਾਰਾ ਕੰਮ ਨੱਠ ਨੱਠ ਕਰਦੀ ਰਹਿੰਦੀ। ਵੱਡੇ ਤਿੰਨ ਤਾਂ ਸੁੱਖ ਨਾਲ ਗਭਰੂ ਹੋ ਗਏ ਸੀ ਤੇ ਬਾਪ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੇ ਸੀ। ਦੋ ਪੜ੍ਹਦੇ ਸੀ ਤੇ ਦੋ ਅਜੇ ਖੇਡਣ ਕੁੱਦਣ ਵਾਲੇ ਹੀ ਸਨ।

ਜਦੋਂ ਮੈਂ ਜੰਮੀ ਤਾਂ ਘਰ ਦੇ ਕਿਸੇ ਵੀ ਜੀਅ ਦੇ ਮੂੰਹ ’ਤੇ ਸ਼ਿਕਨ ਤੱਕ ਨਈਂ ਸੀ ਉੱਭਰੀ। ਮੇਰੇ ਬਾਪ ਕਰਮੇ ਤੋਂ ਖੁਸ਼ੀ ਸੰਭਾਲੀ ਨ੍ਹੀਂ ਸੀ ਜਾਂਦੀ। ਕਹਿੰਦਾ ਰੱਬ ਨੇ ਧੀ ਦੇ ਕੇ ਉਹਦੀ ਕੁੱਲ ਹੀ ਤਾਰ ਦਿੱਤੀ ਆ। ਤਾਂ ਹੀ ਸ਼ਾਇਦ ਉਹਨੇ ਮੇਰਾ ਨਾਂਅ ਕੁਲਤਾਰ ਰੱਖ

ਦਿੱਤਾ ਸੀ । ਕਹਿਣ ਨੂੰ ਸਾਰੇ ਤਾਰੋ ਤਾਰੋ ਹੀ ਕਰਦੇ ਰਹਿੰਦੇ । ਕਹਿੰਦਾ ਪਤਾ ਨਈਂ ਮੈਂ ਕਦ ਸੱਤਾਂ ਪੁੱਤਾਂ ਦਾ ਗੁਮਾਨ ਕਰ ਬਹਿੰਦਾ। ਨਾਲੇ ਸਾਰੇ ਕਹਿੰਦੇ ਧੀ ਦਾ ਦਾਨ ਮਹਾਂਦਾਨ ਹੁੰਦੈ। ਸਾਰਾ ਟੱਬਰ ਮੈਨੂੰ ਲਾਡ ਲਡਾਉਂਦਾ ਨਾ ਥੱਕਦਾ। ਦਿਨੇ ਤਾਂ ਮੰਜੇ 'ਤੇ ਕੋਈ ਰਹਿਣ ਈ ਨਾ ਦਿੰਦਾ। ਦਾਦੀ ਕਦੇ ਕੁੱਛੜੋਂ ਨਾ ਲਹੁੰਦੀ। ਇੱਕ ਦੀ ਗੋਦ 'ਚੋਂ ਉਤਰਦੀ ਤਾਂ ਕਿਸੇ ਦੂਜੇ ਦੇ ਹੱਥਾਂ 'ਚ ਫੜ੍ਹੀ ਹੁੰਦੀ।

ਬਚਪਨ ਕਦੋਂ ਗੁਜ਼ਰ ਗਿਆ ਪਤਾ ਈ ਨਾ ਲੱਗਾ। ਬਾਰਾਂ ਸਾਲ ਦੀ ਹੋ ਗਈ ਸੀ। ਦੋ ਵੱਡੇ ਭਰਾਵਾਂ ਦਾ ਵਿਆਹ ਹੋ ਗਿਆ ਸੀ। ਸਾਰਾ ਦਿਨ ਭਾਬੀਆਂ ਦੇ ਅੱਗੇ ਪਿੱਛੇ ਫਿਰਦੀ ਰਹਿੰਦੀ। ਕੰਮ ਤਾਂ ਉਹ ਕੋਈ ਕਰਨ ਈ ਨਾ ਦਿੰਦੀਆਂ। ਇੱਕ ਚੁੱਲਾ ਚੌਂਕਾ ਸਾਂਭਦੀ, ਦੂਜੀ ਝਾੜੂ ਪੋਚਾ ਕਰ ਲੈਂਦੀ। ਵਿਹਲੀਆਂ ਹੋ ਕੇ ਇੱਕ ਚਰਖਾ ਡਾਹ ਲੈਂਦੀ ਤਾਂ ਦੂਜੀ ਸੂਈ ਧਾਗਾ ਲੈ ਕੇ ਚਾਦਰਾਂ ਸਿਰ੍ਹਾਣਿਆਂ 'ਤੇ ਫੁੱਲ ਪੱਤੀਆਂ ਕੱਢਦੀ ਰਹਿੰਦੀ। ਮਾਂ ਬਥੇਰਾ ਮਗਜ਼ ਮਾਰਦੀ ਕੁੜੀਏ ਕੋਈ ਕੰਮ ਧੰਦਾ ਕਰਿਆ ਕਰ, ਪਰ ਮੈਂ ਖਾ ਪੀ ਕੇ ਘਰੋਂ ਬਾਹਰ ਜਾ ਕੇ ਕੁੜੀਆਂ ਨਾ' ਅੱਡੀ ਟੱਪਾ ਜਾਂ ਰੋੜੇ ਖੇਡਦੀ ਰਹਿੰਦੀ। ਪਤਾ ਨ੍ਹੀਂ ਕਿਉਂ ਪੜ੍ਹਨ ਪੜ੍ਹਾਉਣ ਦਾ ਕਿਸੇ ਨੇ ਸੋਚਿਆ ਈ ਨਾ। ਕਦੋਂ ਦਿਨ ਚੜ੍ਹਦਾ ਕਦੋਂ ਛਿਪ ਜਾਂਦਾ ਪਤਾ ਈ ਨਾ ਲੱਗਦੈ।

ਚਾਰ ਸਾਲ ਹੋਰ ਇਸ ਤਰ੍ਹਾਂ ਈ ਬੀਤ ਗਏ । ਦੋ ਵੀਰੇ ਹੋਰ ਜੀਤਾ ਤੇ ਮੀਤਾ ਵੀ ਵਿਆਹ ਹੋ ਗਏ। ਹੁਣ ਮੈਂ ਵੀ ਉਡਾਰ ਹੋ ਗਈ ਸੀ। ਇੱਕ ਦਿਨ ਮੇਰੇ ਕੰਨੀਂ ਭਾਬੀਆਂ ਦੀ ਘੁਸਰ ਮੁਸਰ ਪਈ। ਮੇਰੀ ਭੂਆ ਚਾਰ ਕੁ ਦਿਨ ਪਹਿਲਾਂ ਹੀ ਘਰ ਫਿਰ ਕੇ ਗਈ ਸੀ । ਉਹ ਮੇਰਾ ਰਿਸ਼ਤਾ ਆਪਣੇ ਸਹੁਰੇ ਪਿੰਡ ਲੈ ਜਾਣਾ ਚਹੁੰਦੀ ਸੀ । ਗੁਰਮੁਖ ਬੰਦੇ ਸੀ। ਘਰ ਵਿੱਚ 'ਕੱਲਾ 'ਕੱਲਾ ਮੁੰਡਾ ਸੀ। ਇੱਕ ਭੈਣ ਸੀ ਉਹ ਵਿਆਹੀ ਹੋਈ ਸੀ। ਸਾਰਾ ਟੱਬਰ ਮੱਸਿਆ ਸੰਗਰਾਂਦ 'ਤੇ ਗੁਰਦੁਆਰੇ ਜਾਂਦਾ ਸੀ। ਮੁੰਡੇ ਦਾ ਬਾਪ ਤਰਖਾਣਾਂ ਕੰਮ ਕਰਦਾ ਸੀ। ਮੁੰਡਾ ਵੀ ਪੰਜ ਸੱਤ ਜਮਾਤਾਂ ਪੜ੍ਹਿਆ ਸੀ ਤੇ ਹੁਣ ਬਾਪ ਦੇ ਨਾਲ ਹੀ ਕੰਮ ਕਰਦਾ ਸੀ। ਸਰਦਾ ਘਰ ਸੀ। ਭੂਆ ਕਹਿ ਗਈ ਸੀ, ਕੁੜੀ ਨੂੰ ਕੋਈ ਤੰਗੀ ਨ੍ਹੀਂ ਆਉਣ ਲੱਗੀ । ਰਾਜ ਕਰੂਗੀ, ਰਾਜ । ਮੇਰਾ ਬਾਪ ਉਸ ਪਰੀਵਾਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਛੇਤੀ ਮੰਨ ਗਿਆ।

ਗੱਲ ਕੀ ਅਗਲੇ ਛੇ ਕੁ ਮਹੀਨਿਆਂ 'ਚ ਹੀ ਰੋਂਦੀ ਡੁਸਕਦੀ ਡੋਲੀ 'ਚ ਬਹਿ ਕੇ ਮੈਂ ਸਹੁਰੇ ਘਰ ਆ ਗਈ। ਦੋ ਦਿਨ ਰਹੀ। ਪਰ ਦੋਵੇਂ ਦਿਨ ਸੁੱਤੀ ਰਾਤ ਨੂੰ ਭੂਆ ਦੇ ਘਰ ਹੀ। ਤੀਜੇ ਦਿਨ ਵਾਪਿਸ ਪੇਕੇ ਆ ਗਈ। ਕਿਤੇ ਸਾਲ ਬਾਅਦ ਜਾ ਕੇ ਮੇਰਾ ਮੁਕਲਾਵਾ ਤੋਰਿਆ। ਮਾਂ ਕਹੇ ਅਜੇ ਕੁੜੀ ਨਿਆਣੀ ਆਂ। ਭਾਬੀਆਂ ਕਹਿਣ ਭੂਆ ਮਗਰ ਲੱਗ ਕੇ ਕਾਹਲੀ ਕੀਤੀ, ਵਿਆਹ ਈ ਅਜੇ ਅਟਕ ਕੇ ਕਰਨਾ ਸੀ। ਏਹਨੂੰ ਅਉਂਦਾ ਕੀ ਏ। ਸਾਲ ਭਰ ਉਹ ਮੈਨੂੰ ਚੁੱਲਾ ਚੌਂਕਾ ਸਿਲਾਈ ਕਢਾਈ ਸਿਖਾਉਂਦੀਆਂ ਰਹੀਆਂ। ਤੇ ਗੱਲੀਂ ਬਾਤੀਂ ਹੋਰ ਵੀ ਕਈ ਕੁਝ। ਜਿਵੇਂ ਸਹੁਰੇ ਘਰ ਨੂੰ ਆਪਣਾ ਘਰ ਸਮਝੀਂ। ਸੱਸ ਸਹੁਰੇ ਦੀ ਸੇਵਾ ਕਰੀਂ। ਉੱਚਾ ਨੀਵਾਂ ਬੋਲਣਾ ਨਈਂ ਤੇ ਹੋਰ ਵੀ ਪਤਾ ਨ੍ਹੀਂ ਕੀ ਕੁਛ। ਨਾਲ ਦੀ ਨਾਲ ਤੇਜੇ ਦਾ ਨਾਂਅ ਲੈ ਕੇ ਖਿਝੌਂਦੀਆਂ ਵੀ ਰਹਿੰਦੀਆਂ। ਤੇਜਾ ਮੇਰੇ ਘਰ ਵਾਲੇ ਦਾ ਨਾਂਅ ਸੀ। ਦੋ ਦਿਨ ਸਹੁਰੇ ਘਰ ਰਹਿ ਕੇ ਵੀ ਮੈਂ ਤਾਂ ਅਜੇ ਤੱਕ ਉਸ ਨਾਲ ਖੁੱਲ ਕੇ ਬੋਲੀ ਤੱਕ ਨਈਂ ਸੀ

। ਤੇ ਭਾਬੀਆਂ ਮੈਨੂੰ ਟਿੱਚਰਾਂ ਕਰਦੀਆਂ ਰਹਿੰਦੀਆਂ।

ਵਿਹੜੇ ਦਾ ਬੂਹਾ ਖੁੱਲਣ ਦੀ ਅਵਾਜ਼ ਆਈ। ਦੀਪੀ ਤੇ ਰਾਜੂ ਅੰਦਰ ਆਏ ਹਨ। ਬੀਰੂ ਅਜੇ ਵੀ ਨਹੀਂ ਆਇਆ। ਹੁਣ ਤਾਂ ਬੱਤੀਆਂ ਜਗਾਉਣ ਦਾ ਵੇਲਾ ਹੋ ਗਿਆ ਸੀ। ਬੀਰੂ ਮੇਰੇ ਵੱਡੇ ਮੁੰਡੇ ਦਾ ਨਾਂਅ ਆਂ। ਦੀਪੀ ਨੇ ਆਉਂਦਿਆਂ ਹੀ ਬਟਨ ਦੱਬ ਕੇ ਵਿਹੜੇ ਦਾ ਬਲਵ ਜਗਾ ਦਿੱਤਾ ਏ। ਚੁੱਲੇ 'ਚ ਬਲਦੀ ਅੱਗ ਨੇ ਮੈਨੂੰ ਨ੍ਹੇਰਾ ਹੋਣ ਦਾ ਪਤਾ ਈ ਨ੍ਹੀਂ ਲੱਗਣ ਦਿੱਤਾ। ਜਾਂ ਫਿਰ ਮੈਨੂੰ ਈ ਨ੍ਹੇਰਾ ਚੰਗਾ ਲੱਗਾ ਹੋਊ। ਬਾਲਟੀ ਚੁੱਕ ਕੇ ਮੈਂ ਹਵੇਲੀ ਨੂੰ ਤੁਰ ਪੈਂਦੀ ਹਾਂ।

ਦੋਵੇਂ ਨਿਆਣੇ ਬਾਹਰ ਵਿਹੜੇ 'ਚ ਸੁੱਤੇ ਪਏ ਹਨ । ਪਰ ਮੇਰੀਆਂ ਅੱਖਾਂ 'ਚ ਨੀਂਦ ਕਿੱਥੇ। ਦਿਮਾਗ ਫਿਰ ਪਿੱਛੇ ਘੁੰਮ ਰਿਹਾ। ਚਾਰ ਸਾਲ ਹੋਰ ਬੀਤ ਗਏ ਸੀ ਵਿਆਹੀ ਆਈ ਨੂੰ । ਬੜੇ ਸੋਹਣੇ ਦਿਨ ਲੰਘ ਰਹੇ ਸੀ। ਚਾਚਾ ਬਿਸ਼ਨਾ ਭਾਪਾ ਜੀ ਦੇ ਨਾਲ ਹੀ ਕੰਮ ਕਰਦਾ ਸੀ। ਮੁਹੱਲੇ ਦੇ ਬਾਹਰਲੇ ਘਰਾਂ 'ਚ ਰਹਿੰਦਾ ਸੀ। ਸਕਾ ਤਾਂ ਨਈ੍ਹੰ ਸੀ, ਪਰ ਭਾਪਾ ਜੀ ਨਾਲ ਸਾਂਝ ਬਹੁਤ ਸੀ। ਹਰ ਗੱਲ ਪੁੱਛ ਕੇ ਕਰਦਾ ਸੀ। ਦੂਜੇ ਚੌਥੇ ਵਿਹੜੇ ਵੱਲ ਆਉਂਦਾ ਤਾਂ ਘਰ ਵੀ ਜਰੂਰ ਆਉਂਦਾ। ਚਾਚੀ ਸੀਬੋ ਵੀ ਕਿਤੇ ਕਿਤੇ ਫੇਰਾ ਮਾਰ ਜਾਂਦੀ। ਬਹੁਤ ਚੀੜ੍ਹੀ ਸੀ ਕੰਮ ਕਾਰ ਨੂੰ । ਹਰ ਵੇਲੇ ਇੱਕ ਲਵੇਰੀ ਕੀਲੇ 'ਤੇ ਬੱਝੀ ਰਹਿੰਦੀ। ਸਵੇਰੇ ਸ਼ਾਮ ਪੱਠੇ ਵੀ ਲਿਆਉਂਦੀ। ਬਾਪੂ (ਬਾਬਾ) ਘਰ ਸਾਂਭਦਾ। ਨਿਆਣੇ ਸਾਰੇ ਸਕੂਲ ਪੜ੍ਹਨ ਚਲੇ ਜਾਂਦੇ । ਵੱਡਾ ਗਾਮਾ ਸੀ। ਸਵੇਰੇ ਉੱਠ ਕੇ ਘਰ ਦਾ ਗੋਹਾ ਕੂੜਾ ਉਹੀ ਕਰਦਾ। ਸਕੂਲੋਂ ਆ ਕੇ ਪਸ਼ੂਆਂ ਦੇ ਆਹਰ ਲੱਗ ਜਾਂਦਾ । ਰਾਤੀਂ ਦੇਰ ਰਾਤ ਤੱਕ ਪੜ੍ਹਦਾ ਰਹਿੰਦਾ। ਮੈਂ ਉਹਨੂੰ ਖੇਡਦਾ ਕਦੇ ਨ੍ਹਈਂ ਸੀ ਦੇਖਿਆ। ਛੋਟੀ ਉਮਰੇ ਕੰਮ ਦੀ ਰਟ ਲੱਗ ਗਈ ਸੀ।

ਜਦੋਂ ਮੈਂ ਵਿਆਹੀ ਆਈ ਤਾਂ ਐਵੇਂ ਮਾੜਕੂ ਜਿਹਾ ਸੀ । ਪਰ ਹੁਣ ਚੌਹ ਕੁ ਸਾਲਾਂ 'ਚ ਸੋਹਣਾ ਜੁਆਨ ਨਿਕਲ ਆਇਆ ਸੀ। ਦਸਵੀਂ ਕਰ ਗਿਆ ਸੀ। ਬਾਪੂ ਨੇ ਕੁਸ਼ਤੀ ਦਾ ਚਸਕਾ ਪਾ ਦਿੱਤਾ ਸੀ। ਰੱਜ ਕੇ ਖਾਣ ਨੂੰ ਦਿੰਦਾ। ਸਕੂਲੋਂ ਅੱਧੀ ਛੁੱਟੀ ਆ ਕੇ ਕਾੜ੍ਹਨੀ 'ਚੋਂ ਦੁੱਧ ਪੀ ਜਾਂਦਾ। ਮਲਾਈ ਲਾਹ ਕੇ ਖਾ ਜਾਂਦਾ। ਚਾਚੀ ਜੇ ਕਦੇ ਸ਼ਿਕਾਇਤ ਕਰਦੀ ਵੀ ਤਾਂ ਬਾਪੂ ਕਹਿੰਦਾ ਅੱਗ ਜਿਆਦਾ ਪਾਈ ਹੋਊ, ਦੁੱਧ ਸੜ ਗਿਆ ਹੋਣੈ। ਸਾਡੇ ਘਰ ਕਦੇ ਕਦੇ ਹੀ ਆਉਂਦਾ। ਜਦੋਂ ਆਉਂਦਾ ਕਈ ਕਈ ਘੰਟੇ ਬੈਠਾ ਰਹਿੰਦਾ। ਬੀਬੀ ਨਾਲ ਗੱਲਾਂ ਮਾਰਦਾ ਰਹਿੰਦਾ। ਰੇਡੀਉ ਲਾ ਕੇ ਸੁਣਦਾ ਰਹਿੰਦਾ। ਓਦੋਂ ਆਹ ਟੀ ਵੀ ਟੂ ਵੀ ਕਦੋਂ ਹੁੰਦੇ ਸੀ। ਬਿਜਲੀ ਵੀ ਕਿਸੇ ਕਿਸੇ ਘਰ ਹੀ ਹੁੰਦੀ ਸੀ। ਗਾਮਾ ਤਾਂ ਪੜ੍ਹਿਆ ਈ ਦੀਵੇ ਦੀ ਲੋਅ ਨਾਲ ਸੀ। ਹੁਣ ਕਿਤੇ ਜਾ ਕੇ ਬਿਜਲੀ ਦੀ ਫਿਟਿੰਗ ਕਰਵਾਈ ਸੀ, ਚਾਚੇ ਬਿਸ਼ਨੇ ਨੇ ।

ਗਾਮਾ ਗੱਲਾਂ ਭਾਵੇਂ ਬੀਬੀ ਨਾਲ ਮਾਰਦਾ ਪਰ ਧਿਆਨ ਉਹਦਾ ਮੇਰੇ ਵੱਲ ਹੀ ਰਹਿੰਦਾ। ਉਹ ਬਹਿੰਦਾ ਹੀ ਉਸ ਕੁਰਸੀ 'ਤੇ ਸੀ ਜਿਹੜੀ ਦਰਵਾਜੇ ਦੇ ਐਨ ਸਾਹਮਣੇ ਹੁੰਦੀ । ਮੈਂ ਬਾਹਰ ਚੌਂਕੇ 'ਚ ਬੈਠੀ ਕੁਝ ਨਾ ਕੁਝ ਕਰਦੀ ਰਹਿੰਦੀ। ਜਦੋਂ ਕਿਤੇ ਮੇਰੀ ਨਜ਼ਰ ਓਧਰ ਜਾਂਦੀ, ਉਹ ਇੱਕ ਟੱਕ ਮੇਰੇ ਵੱਲ ਹੀ ਤੱਕਦਾ ਹੁੰਦਾ। ਰਤਾ ਵੀ ਅੱਖ ਨਾ ਝਪਕਦਾ। ਮੈਨੂੰ ਹੀ ਨਜ਼ਰ ਘੁਮਾਉਣੀ ਪੈਂਦੀ। ਗੁਰਦੁਆਰੇ ਜਾਂਦਾ ਤਾਂ ਓਥੇ ਵੀ ਉਹਦੀ ਨਜ਼ਰ ਮੇਰੇ 'ਤੇ ਹੀ

ਰਹਿੰਦੀ। ਕੀਰਤਨ ਚੱਲਦਾ ਰਹਿੰਦਾ। ਭਾਈ ਪਾਠ ਕਰੀ ਜਾਂਦਾ। ਪਰ ਉਹਦੀ ਨਜ਼ਰ ਮੇਰੇ ਵਿੱਚ ਹੀ ਖੁੱਭੀ ਹੁੰਦੀ। ਮੈਨੂੰ ਵੀ ਉਹ ਬੜਾ ਚੰਗਾ ਲੱਗਦਾ ਸੀ। ਘੁੰਡ 'ਚੋਂ ਅੱਖ ਚੁਰਾ ਕੇ ਦੇਖ ਲੈਂਦੀ। ਮੇਰਾ ਸਾਰਾ ਜਿਸਮ ਕਿਸੇ ਸਰੂਰ ਜਿਹੇ 'ਚ ਨਸ਼ਿਆ ਜਾਂਦਾ। ਸ਼ਰਮ ਦੀ ਲਾਲੀ ਚਿਹਰੇ 'ਤੇ ਛਾ ਜਾਂਦੀ। ਦਿਲ ਉੱਛਲ ਉੱਛਲ ਜਾਂਦਾ। ਮਨ ਹੀ ਮਨ ਹੱਸਦੀ ਮੈਂ ਨੀਵੀਂ ਪਾ ਲੈਂਦੀ, ਕੋਈ ਦੇਖ ਨਾ ਲਵੇ।

ਗਾਮਾ ਹੁਣ ਕਾਲਜ ਜਾਣ ਲੱਗ ਪਿਆ ਸੀ । ਮੇਰੇ ਨਾਲ ਤਾਂ ਪਹਿਲਾਂ ਹੀ ਬਹੁਤ ਘੱਟ ਗੱਲ ਕਰਦਾ ਸੀ। ਟਿੱਚਰ ਮਸ਼ਕਰੀ ਕੀ ਕਰਨੀ । ਸੰਗਦਾ ਰਹਿੰਦਾ ਸੀ। ਚਾਚੀ ਸੀਬੋ ਬਿਮਾਰ ਰਹਿਣ ਲੱਗ ਪਈ ਸੀ। ਮੈਂ ਉਨ੍ਹਾਂ ਦੇ ਘਰ ਜਾਣ ਲੱਗ ਪਈ ਸੀ। ਘਰ ਦੇ ਕੰਮਾਂ 'ਚ ਉਹਦਾ ਹੱਥ ਵਟਾਉਂਦੀ। ਦੁੱਧ ਰਿੜਕਣ ਵਾਲਾ ਹੁੰਦਾ ਤਾਂ ਮਧਾਣੀ ਫੇਰ ਆਉਂਦੀ। ਬੀਬੀ ਭਾਪਾ ਵੀ ਹੁਣ ਚਾਚੇ ਬਿਸ਼ਨੇ ਹੁਰਾਂ ਵੱਲ ਬਣਾਏ ਘਰ ਵਿੱਚ ਰਹਿਣ ਲੱਗ ਪਏ ਸਨ । ਮੈਂ ਤੇ ਤੇਜਾ ਪਹਿਲੇ ਘਰ ਵਿੱਚ ਹੀ ਰਹਿੰਦੇ ਸੀ। ਤੇਜਾ ਜਦੋਂ ਕੰਮ 'ਤੇ ਚਲਾ ਜਾਂਦਾ ਤਾਂ ਮੈਂ ਏਧਰ ਆ ਜਾਂਦੀ। ਚਾਚਾ ਬਿਸ਼ਨਾ ਹੁਣ ਵਿਹੜੇ ਵੱਲ ਘੱਟ ਹੀ ਆਉਂਦਾ। ਭਾਪਾ ਜੀ ਨੂੰ ਏਧਰ ਹੀ ਮਿਲ ਲੈਂਦਾ। ਰੋਜ਼ ਸਾਮ ਨੂੰ ਗੁਰਦੁਆਰੇ ਤਾਂ ਮਿਲਦੇ ਹੀ ਸੀ।

ਵਿਹੜੇ ਦਾ ਬੂਹਾ ਖੜਕਿਆ ਹੈ। ਉੱਠ ਕੇ ਕੁੰਡਾ ਖੋਲ੍ਹਦੀ ਹਾਂ। ਬੀਰੂ ਚੁੱਪ ਚਾਪ ਅੰਦਰ ਲੰਘ ਆਇਆ ਹੈ। ਬੂਹਾ ਭੇੜ ਕੇ ਰੋਟੀ ਦਾ ਪੁੱਛਦੀ ਹਾਂ, ਉਹਨੇ ਕੋਈ ਜਵਾਬ ਨ੍ਹੀਂ ਦਿੱਤਾ। ਜਾ ਕੇ ਰਾਜੂ ਨਾਲ ਲੰਮਾ ਪੈ ਗਿਆ ਹੈ। ਮੈਂ ਫਿਰ ਅੰਦਰ ਆ ਕੇ ਬਹਿ ਗਈ ਹਾਂ।

ਤਿੰਨ ਸਾਲ ਹੋਰ ਗੁਜ਼ਰ ਗਏ। ਵਿਹੜੇ 'ਚ ਕੋਈ ਵਿਆਹ ਸ਼ਾਦੀ ਹੁੰਦਾ, ਮੈਨੂੰ ਘਰਦਿਆਂ ਤੋਂ ਵੀ ਵੱਧ ਚਾਅ ਹੁੰਦਾ। ਕਈ ਕਈ ਦਿਨ ਮੈਂ ਵਿਆਹ ਵਾਲੇ ਘਰ ਵਿੱਚ ਕੰਮੀਂ ਜੁੱਟੀ ਰਹਿੰਦੀ। ਮੁੰਡੇ ਕੁੜੀਆਂ ਨੂੰ ਨਾਲ ਲੈ ਕੇ ਲੰਗਰ ਚਾਹ ਪਾਣੀ ਦੀ ਸੇਵਾ ਮੈਂ ਆਪਣੇ ਜਿੰਮੇ ਲਾ ਲੈਂਦੀ। ਆਏ ਪ੍ਰਾਹੁਣਿਆਂ ਨੂੰ ਥਾਉਂ ਥਾਈਂ ਮੈਂ ਟਿਕਾਉਂਦੀ। ਕੱਪੜੇ, ਬਿਸਤਰੇ, ਤੇ ਮੰਜਿਆਂ ਦਾ ਪ੍ਰਬੰਧ ਮੈਂ ਕਰਦੀ। ਮਾਂਈਏ ਤੋਂ ਲੈ ਕੇ ਮਹਿੰਦੀ ਤੱਕ ਗਉਣ ਜਾਂਦੀ। ਰਾਤ ਨੂੰ ਗਿੱਧਾ ਪੈਂਦਾ ਤਾਂ ਨੱਚ ਨੱਚ ਧੂੜਾਂ ਪੱਟ ਦਿੰਦੀ। ਬੋਲੀਆਂ ਪਉਣ ਲਈ ਹਰ ਕੋਈ ਮੈਨੂੰ 'ਗਾਂਹ ਧੱਕਾ ਦੇਈ ਰੱਖਦੀ। ਕੁੜੀਆਂ ਨੂੰ ਨਾਲ ਲੈ ਕੇ ਜਾਗੋ ਕੱਢਦੀ। ਕਿਸੇ ਦੇ ਮੌਤ ਹੋ ਜਾਂਦੀ , ਤਦ ਵੀ ਦੁੱਖ ਦਰਦ ਵਿੱਚ ਸਾਂਝੀ ਹੁੰਦੀ। ਕੋਈ ਬਿਮਾਰ ਠਿਮਾਰ ਹੋ ਜਾਂਦਾ ਤਾਂ ਖਬਰ ਲੈਣ ਜਰੂਰ ਪਹੁੰਚਦੀ। ਕਦੇ ਕਿਸੇ ਦਾ ਮਾੜਾ ਨ੍ਹੀਂ ਕੀਤਾ ਸੀ। ਫਿਰ ਵੀ ਪਤਾ ਨ੍ਹੀਂ ਕਿਹੜੇ ਰੱਬ ਦੇ ਮਾਂਹ ਮਾਰੇ ਸੀ, ਮੇਰੀ ਸੁੱਕੀ ਵੇਲ ਨੂੰ ਅਜੇ ਤੱਕ ਕੋਈ ਚੂੰਆਂ ਤੱਕ ਨਈਂ ਸੀ ਲੱਗਾ।

ਕਈ ਦਿਨਾਂ ਤੋਂ ਘਰ 'ਚ ਕੋਈ ਖਿਚੜੀ ਪੱਕ ਰਹੀ ਸੀ। ਉੱਡਦੀ ਉੱਡਦੀ ਗੱਲ ਮੇਰੇ ਕੰਨੀਂ ਵੀ ਪਹੁੰਚੀ । ਦੂਰੋਂ ਨੇੜਿਉਂ ਲੱਗਦੀ ਤੇਜੇ ਦੀ ਭੂਆ ਦਾ ਕੋਈ ਖਤ ਆਇਆ ਸੀ। ਜਿਹੜੀ ਵਲੈਤ 'ਚ ਰਹਿੰਦੀ ਸੀ। ਕਿ ਜੇ ਮੈਨੂੰ 'ਕੁਛ' ਨਈਂ ਹੁੰਦਾ ਤਾਂ ਤੇਜਾ ਮੈਨੂੰ ਛੱਡ ਦਏ, ਭੂਆ ਉਹਨੂੰ ਬਾਹਰ ਸੱਦ ਲਏਗੀ। ਸੁਣਦਿਆਂ ਮੇਰੇ ਤਾਂ ਸੱਤੀਂ ਕੱਪੜੀਂ ਅੱਗ ਲੱਗ ਗਈ। ਦੇਹ ਸੁੰਨ ਹੋ ਗਈ। ਅੱਖਾਂ ਮੂਹਰੇ 'ਨ੍ਹੇਰ ਆ ਗਿਆ। ਸੱਤ ਸਾਲ ਹੋ ਗਏ ਸੀ ਵੱਸਦੀ ਨੂੰ । ਮੇਰੇ ਤਾਂ ਚਿੱਤ ਚੇਤੇ ਵੀ ਨਈਂ ਸੀ ਕਿ ਗੱਲ ਏਥੇ ਤੱਕ ਪਹੁੰਚ ਜਾਏਗੀ। ਮੈਂ ਤਾਂ ਰੱਬ 'ਤੇ

ਡੋਰੀਆਂ ਰੱਖ ਬੈਠੀ ਸੀ, ਬਈ ਕਦੇ ਮੇਰੀ ਤੱਤੜੀ ਦੀ ਸੁਣੂ। ਕਈ ਦਰ ਦਰਗਾਹਾਂ 'ਤੇ ਮੱਥਾ ਘਸਾ ਲਿਆ ਸੀ। ਸੁੱਖਾਂ ਸੁੱਖੀਆਂ , ਓੜ ਪੋੜ ਕੀਤੇ । ਕਈ ਜਗਹ ਚੈੱਕ ਕਰਵਾਇਆ ਸੀ । ਨੁਕਸ ਤਾਂ ਤੇਜੇ ਵਿੱਚ ਸੀ। ਮੈਂ ਤਾਂ ਠੀਕ ਠਾਕ ਸੀ। ਫਿਰ ਵੀ ਮੈਂ ਉਹਨੂੰ ਕਦੇ ਚਿਤਾਰਿਆ ਨਈ੍ਹੀਂ ਸੀ। ਸੋਚਦੀ ਜਦੋਂ ਠੀਕ ਹੋ ਜੂ , ਰੱਬ ਆਪੇ ਸੁਣ ਲਊ।

ਤੇਜੇ ਦਾ ਵਤੀਰਾ ਹੁਣ ਬਦਲਿਆ ਬਦਲਿਆ ਰਹਿੰਦਾ ਸੀ । ਹਰ ਵੇਲੇ ਖਿਝੂੰ ਖਿਝੂੰ ਕਰਦਾ ਰਹਿੰਦਾ। ਮੈਂ ਸੋਚਦੀ ਜਿਸ ਨੇ ਏਥੇ ਕੋਈ ਖੋਹਣ ਨਾ ਖੋਹਿਆ, ਉਹ ਬਾਹਰ ਜਾ ਕੇ ਕਿਹੜਾ ਲੈਨਾਂ ਲਾ ਦਊ। ਪਰ ਚੁੱਪ ਰਹੀ। ਦਿਲ ਕਹੇ, ਮਨਾਂ ਸਭ ਚਾਚੇ ਦੀ ਗੱਲ ਮੰਨਦੇ ਆ। ਉਨ੍ਹਾਂ ਨਾਲ ਗੱਲ ਕਰ। ਮੈਨੂੰ ਜਦ ਕੁਝ ਵੀ ਨਾ ਸੁੱਝਿਆ ਤਾਂ ਚਾਚੀ ਸੀਬੋ ਕੋਲ ਜਾ ਬੈਠੀ। ਚਾਚਾ ਬਿਸ਼ਨਾ ਤੇ ਬਾਪੂ ਜੀ ਵੀ ਘਰ ਹੀ ਸਨ । ਬੜੀ ਮੁਸਕਿਲ ਨਾਲ ਮੈਥੋਂ ਉਨ੍ਹਾਂ ਕੋਲ ਦੁੱਖ ਫੋਲ ਹੋਇਆ। ਮੇਰਾ ਰੋਣ ਬੰਦ ਨਾ ਹੋਵੇ। ਸੱਤ ਸਾਲ ਬਾਅਦ ਮੈਂ ਕਿੱਦਾਂ ਸਭ ਕੁਝ ਛੱਡ ਛੁਡਾ ਕੇ ਪੇਕੀਂ ਜਾ ਬਹਿੰਦੀ। ਉਹ ਵੀ ਬਿਨਾਂ ਕਿਸੇ ਕਸੂਰ ਦੇ । ਬਾਪੂ ਤਾਂ ਸੁਣ ਕੇ ਗਾਲੀਂ ਉੱਤਰ ਆਇਆ। ਕਹਿੰਦਾ ਸਾਲੇ ਇਹ ਕੀ ਕਰਨ ਡਹੇ ਆ। ਗਾਮਾ ਵੀ ਕਾਲਜ ਤੋਂ ਪੜ੍ਹ ਕੇ ਆ ਗਿਆ। ਘਰ ਵਿੱਚ ਚੁੱਪ ਚਾਂਅ ਸੀ। ਅਸੀਂ ਸਾਰੇ ਰਸੋਈ ਵਿੱਚ ਬੈਠੇ ਸੀ। ਬੈਠਕ 'ਚ ਕਿਤਾਬਾਂ ਰੱਖ ਕੇ ਗਾਮਾ ਵੀ ਰਸੋਈ ਵੱਲ ਆ ਗਿਆ। ਪਰ ਸਭ ਨੂੰ ਸਾਂਤ ਦੇਖ ਕੇ ਉਹ ਵਾਪਿਸ ਬੈਠਕ ਵਿੱਚ ਹੀ ਜਾ ਬੈਠਾ । ਆਖਿਰ ਚਾਚੇ ਬਿਸ਼ਨੇ ਦੇ ਇਹ ਕਹਿਣ 'ਤੇ ਕਿ ਉਹ ਬੀਬੀ ਭਾਪੇ ਨਾਲ ਗੱਲ ਕਰਨਗੇ, ਮੈਂ ਰਸੋਈ 'ਚੋਂ ਬਾਹਰ ਆ ਗਈ ।

ਗਾਮੇ ਨੇ ਮੇਰਾ ਉੱਡਿਆ ਮੂੰਹ ਦੇਖ ਲਿਆ। ਰੋ ਕੇ ਹਟੀ ਆਂ, ਇਹ ਵੀ ਉਹ ਭਾਂਪ ਗਿਆ।

" ਉਰੇ ਆ ! " ਕਹਿ ਕੇ ਹੱਥ ਦੇ ਇਸ਼ਾਰੇ ਨਾਲ ਵੀ ਉਹਨੇ ਮੈਨੂੰ ਬੈਠਕ 'ਚ ਅਉਣ ਲਈ ਕਿਹਾ। ਨਾ ਚਹੁੰਦੀ ਮੈਂ ਉਹਦੇ ਕੋਲ ਜਾ ਖੜ੍ਹੀ ਹੋਈ।

" ਕੀ ਗੱਲ ਐ ? " ਉਸ ਨੇ ਪੁੱਛਿਆ।

" ਕੋਈ ਨਈ੍ਹੀਂ । " ਮੈਂ ਜਵਾਬ ਦਿੱਤਾ।

" ਫਿਰ ਰੋਈ ਕਿਉਂ ? " ਉਹ ਫਿਰ ਸਵਾਲ ਕਰ ਗਿਆ। ਹੌਲੀ ਹੌਲੀ ਮੈਂ ਉਹਨੂੰ ਖ਼ਤ ਬਾਰੇ ਦੱਸ ਦਿੱਤਾ।

" ਤੇਰੇ 'ਚ ਕੋਈ ਨੁਕਸ ਐ। " ਉਸ ਸਿੱਧਾ ਸਵਾਲ ਕੀਤਾ ਤਾਂ ਮੈਂ ਨਾਂਹ ਵਿੱਚ ਸਿਰ ਫੇਰ ਦਿੱਤਾ।

" ਤੇਜੇ 'ਚ ਨੁਕਸ ਆ । " ਉਹ ਬੋਲਿਆ ।

" ਹੂੰ! " ਮੇਰੇ ਮੂੰਹੋਂ ਨਿਕਲ ਗਿਆ ।

" ਫਿਰ ਮੈਂ ਤੈਨੂੰ ਇਸ ਵਜ੍ਹਾ ਨਾਲ ਕਿਤੇ ਨਈ੍ਹੀਂ ਜਾਣ ਦਿੰਦਾ। ਇੱਕ ਵਾਰੀ ਠਹਿਰ ਗਿਆ ਤਾਂ ਕੋਈ ਮਾਈ ਦਾ ਲਾਲ ਤੈਨੂੰ ਘਰੋਂ ਕੱਢ ਨਈ੍ਹੀਂ ਸਕਦਾ। ਬਾਅਦ 'ਚ ਜਿੱਦਾਂ ਮਰਜੀ ਕਰੀਂ । ਸਾਰੀ ਉਮਰ ਦਾ ਠੇਕਾ ਮੈਂ ਨ੍ਹੀਂ ਲੈਂਦਾ। ਮੰਜ਼ੂਰ ਐ ਤਾਂ ਦੱਸ ਦਈਂ। " ਕੱਲ੍ਹ ਤੱਕ ਚੁੱਪ ਚੁਪੀਤਾ ਰਹਿਣ ਵਾਲਾ ਗਾਮਾ ਪਤਾ ਨ੍ਹੀਂ ਕਿਵੇਂ ਇਹ ਸਾਰਾ ਕੁਝ ਇੱਕੋ

ਸਾਹੇ ਕਹਿ ਗਿਆ। ਮੈਂ ਡੌਰ ਭੌਰ ਉਹਦੇ ਵੱਲ ਦੇਖਦੀ ਰਹੀ । ਮੈਂ ਭਰੇ ਹੋਏ ਫੋੜੇ ਵਾਂਗ ਫਿੱਸ ਪਈ। ਡਿੱਗ ਈ ਪੈਂਦੀ, ਜੇ ਗਾਮਾ ਅਹੁਲ ਕੇ ਮੈਨੂੰ ਫੜ ਨਾ ਲੈਂਦਾ। ਮੈਂ ਉਹਦੇ ਨਾਲ ਚੁੰਬੜ ਗਈ। ਜਿਵੇਂ ਫਿਰ ਕਦੇ ਜੁਦਾ ਹੀ ਨਾ ਹੋਣਾ ਹੋਵੇ।

"ਹੁਣ ਜਾਹ! ਸੋਚ ਕੇ ਦੱਸ ਦਈਂ।" ਗਾਮਾ ਮੈਨੂੰ ਛੱਡ ਕੇ ਪਰ੍ਹੇ ਕੁਰਸੀ 'ਤੇ ਜਾ ਬੈਠਾ। ਬਿਨਾਂ ਕੁਝ ਬੋਲੇ ਮੈਂ ਘਰ ਆ ਗਈ।

ਪੈਰਾਂ ਥੱਲੇ ਦੀ ਜਮੀਨ ਕਦੇ ਵੀ ਖਿਸਕ ਸਕਦੀ ਸੀ। ਜੜ੍ਹਾਂ ਬਿਨਾਂ ਖੜ੍ਹਾ ਰੁੱਖ ਕਦੇ ਵੀ ਡਿੱਗ ਸਕਦਾ। ਹਵਾ ਚੱਲਣੀ ਸ਼ੁਰੂ ਹੋ ਗਈ ਸੀ। ਝੱਖੜ ਕਦੇ ਵੀ ਝੁੱਲ ਸਕਦਾ ਸੀ। ਇਸ ਵੇਲੇ ਮੇਰਾ ਕੋਈ ਨਹੀਂ ਸੀ। ਮਾਂ ਬਾਪ, ਸੱਤ ਭਰਾ। ਕੀ ਕਰ ਸਕਦੇ ਸੀ। ਸੱਤ ਸਾਲ ਬਾਅਦ ਪੇਕੀਂ ਜਾ ਬਹਿਣਾ ਮੈਂ ਕਿਵੇਂ ਮੰਜ਼ੂਰ ਕਰ ਲੈਂਦੀ । ਤੇ ਉਹ ਵੀ ਮੱਥੇ 'ਤੇ 'ਕੁਛ ਨਈਂ ਹੁੰਦਾ' ਦਾ ਦਾਗ ਚਿਪਕਾਕੇ।

ਫੈਸਲਾ ਹੁਣ ਮੈਂ ਕਰਨਾ ਸੀ। ਅੱਗ ਸੁਲਗ ਰਹੀ ਸੀ। ਹੁਣ ਤੱਕ ਤਾਂ ਸੁੱਕੀ ਲੱਕੜ, ਲੋਹਾ ਬਣ ਫਿਰਦੀ ਰਹੀ ਸੀ। ਬਲਦੀ 'ਤੇ ਤੇਲ ਗਾਮੇ ਨੇ ਪਾ ਦਿੱਤਾ ਸੀ। ਭਾਂਬੜ ਤਾਂ ਮਚਣੇ ਹੀ ਸੀ। ਦਸ ਦਿਨ ਤੱਕ ਮੈਂ ਇਸ ਅੱਗ 'ਤੇ ਸਬਰ ਦੀ ਬਰਫ ਦੇ ਗੋਲੇ ਰੱਖ ਰੱਖ ਇਹਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੀ ਰਹੀ। ਮਨ ਬਣਾਉਂਦੀ ਰਹੀ, ਢਾਹੁੰਦੀ ਰਹੀ। ਤੇ ਅੰਤ ਜਵਾਲਾਮੁਖੀ ਫਟ ਗਿਆ।

ਤੇਜਾ ਉਸ ਦਿਨ ਬਾਹਰ ਗਿਆ ਹੋਇਆ ਸੀ। ਦੋ ਦਿਨ ਤੱਕ ਉਹਨੇ ਵਾਪਿਸ ਘਰ ਨਈਂ ਸੀ ਆਉਣਾ। "ਅੱਜ ਘਰ ਨੂੰ ਆਈਂ, ਤੇਜਾ ਬਾਹਰ ਗਿਆ ਆ।" ਮੈਂ ਦਿਨੇ ਗਾਮੇ ਨੂੰ ਕਹਿ ਆਈ ਸੀ । ਸ਼ਾਮ ਪੈ ਗਈ। ਅੱਜ ਮੈਂ ਸੱਜ ਵਿਆਹੀ ਨਾਰ ਵਾਂਗੂੰ ਸਿੰਗਾਰ ਕਰਕੇ, ਬਿਸਤਰ ਸਜਾ ਕੇ ਤਿਆਰ ਬੈਠੀ ਸੀ। ਰਾਤ ਪੈ ਗਈ। ਆਂਢ ਗੁਆਂਢ ਸਭ ਸੌਂ ਗਏ । ਗਾਮਾ ਅਜੇ ਤੱਕ ਆਇਆ ਨਈਂ ਸੀ । ਮੈਂ ਤਰਲੋਮੱਛੀ ਹੋ ਰਹੀ ਸੀ। ਮੇਰਾ ਅੰਗ ਅੰਗ ਫਰਕ ਰਿਹਾ ਸੀ। ਅੱਖਾਂ ਵਿੱਚ ਸੁਰਖੀ ਉੱਭਰ ਆਈ ਸੀ। ਪੂਰੀ ਅੱਗ ਬਣੀ ਮੈਂ ਗਾਮੇ ਨੂੰ ਉਡੀਕ ਰਹੀ ਸੀ। ਬੂਹਾ ਖੜਕਿਆ । ਮੈਂ ਛਾਲ ਮਾਰ ਕੇ ਮੰਜੇ ਤੋਂ ਉੱਤਰੀ। ਕੁੰਡਾ ਖੋਲ੍ਹਿਆ। ਗਾਮੇ ਨੂੰ ਧੂਹ ਕੇ ਅੰਦਰ ਕੀਤਾ। ਬੂਹਾ ਬੰਦ । ਗਾਮਾ ਬਿਜਲੀ ਦੇ ਖੰਭੇ ਵਾਂਗ ਬਾਹਾਂ ਅੱਡੀ ਅਡੋਲ ਖੜ੍ਹਾ ਸੀ। ਠਾਹ ਕਰਕੇ ਮੈਂ ਉਹਦੀ ਛਾਤੀ ਨਾਲ ਜਾ ਲੱਗੀ।

ਸਵੇਰੇ ਅੱਖ ਖੁੱਲੀ ਤਾਂ ਸੂਰਜ ਸਿਰ 'ਤੇ ਖੜ੍ਹਾ ਸੀ। ਸਾਰਾ ਸਰੀਰ ਟੁੱਟ ਰਿਹਾ ਸੀ। ਅੰਗ ਅੰਗ ਵਿੱਚ ਮੱਠਾ ਮੱਠਾ ਦਰਦ ਉੱਠ ਰਿਹਾ ਸੀ। ਪਰ ਰੂਹ ਫੁੱਲ ਵਰਗੀ ਹਲਕੀ ਸੀ। ਗਾਮਾ ਤਾਂ ਤੜਕੇ ਹੀ ਉੱਠ ਕੇ ਚਲਾ ਗਿਆ ਸੀ। ਚੋਰੀ ਦੇ ਗੁੜ ਵਾਂਗ ਸਾਰੀ ਰਾਤ ਉਹ ਮੈਨੂੰ ਭੋਰ ਭੋਰ ਕੇ ਖਾਂਦਾ ਰਿਹਾ। ਜਿੰਨਾ ਉਹ ਭੰਨਦਾ ਰਿਹਾ, ਮੈਂ ਹੋਰ ਟੁੱਟਣ ਲਈ ਤਿਆਰ ਹੁੰਦੀ ਰਹੀ। ਉਹ ਸਤਾਉਂਦਾ ਰਿਹਾ, ਮੈਂ ਨਿਹਾਲ ਹੁੰਦੀ ਰਹੀ। ਰਗ ਰਗ ਵਿੱਚ ਨਸ਼ਾ ਭਰ ਗਿਆ ਸੀ। ਸੱਤ ਸਾਲ ਐਵੇਂ ਭੱਠ ਝੋਕਿਆ ਸੀ। ਮਰਦ ਕੀ ਹੁੰਦਾ, ਗਾਮਾ ਦੱਸ ਗਿਆ ਸੀ। ਕੋਈ ਅੱਜ ਮੈਨੂੰ ਪੁੱਛਦਾ ਤਾਂ ਦੱਸਦੀ ਕਿ ਸਹਾਗਰਾਤ ਕੀ ਹੁੰਦੀ ਆ। ਸੱਤ ਸਾਲ ਤਾਂ ਐਵੇਂ ਚਿੜੀ ਚਿੜੇ ਦਾ ਖੇਲ੍ਹ ਖੇਲਦੇ ਰਹੇ ਸੀ।

ਦਿਨ ਬੀਤਦੇ ਗਏ। ਜਦੋਂ ਕਦੇ ਤੇਜਾ ਬਾਹਰ ਜਾਂਦਾ, ਮੈਂ ਗਾਮੇ ਨੂੰ ਸੱਦ ਲੈਂਦੀ।

ਗਾਮਾ ਕੋਲ ਹੁੰਦਾ ਤਾਂ ਨੀਂਦ ਕਿੱਥੇ। ਸਾਰੀ ਰਾਤ ਉਹ ਜਾਗਦਾ, ਸਾਰੀ ਰਾਤ ਮੈਂ ਜਾਗਦੀ। ਉਹਦੇ ਹੱਥਾਂ ਵਿੱਚ ਤਾਂ ਜਾਦੂ ਸੀ। ਲੰਬੀਆਂ ਲੰਬੀਆਂ ਮਜਬੂਤ ਬਾਹਾਂ 'ਚ ਘੁੱਟ ਕੇ ਜਦੋਂ ਛਾਤੀ ਨਾਲ ਲਉਂਦਾ ਤਾਂ ਪਰ੍ਹੇ ਹੋਣ ਨੂੰ ਚਿੱਤ ਨਾ ਕਰਦਾ। ਹੁਣ ਉਹ ਕਦੇ ਕਦੇ ਦਿਨੇ ਵੀ ਆ ਜਾਂਦਾ। ਕਿਸੇ ਨਾ ਕਿਸੇ ਬਹਾਨੇ ਦਿਨ ਵਿੱਚ ਇੱਕ ਵਾਰ ਮੈਂ ਉਸ ਨੂੰ ਦੇਖਣ ਜਰੂਰ ਜਾਂਦੀ। ਜਿਸ ਦਿਨ ਨਾ ਦਿਸਦਾ, ਬੇਚੈਨੀ ਜਿਹੀ ਰਹਿੰਦੀ। ਰਾਤ ਨੂੰ ਚੱਜ ਨਾਲ ਨੀਂਦ ਨਾ ਆਉਂਦੀ।

ਅੰਤ ਮੇਰੀ ਰੀਝ ਦੀਆਂ ਅੰਬੀਆਂ ਨੂੰ ਬੂਰ ਪੈ ਹੀ ਗਿਆ। ਸੁੱਕੀ ਵੇਲ ਨੂੰ ਫੁੱਲ ਲੱਗ ਤੁਰਿਆ। ਜਦੋਂ ਦਿਲ ਕੱਚਾ ਕੱਚਾ ਹੋਣ ਲੱਗ ਪਿਆ, ਖੱਟਾ ਖੱਟਾ ਖਾਣ ਨੂੰ ਚਿੱਤ ਕਰਿਆ ਕਰੇ। ਬਾਅਦ ਵਿੱਚ ਕਈ ਦਿਨ ਤੱਕ ਤਾਂ ਮੇਰੀ ਭੂਤਨੀ ਭੁਲਾ ਕਾ ਰੱਖੀ ਛੱਡੀ। ਮੇਰੇ ਅੰਦਰ ਕੁਝ ਵੀ ਨਾ ਟਿਕਦਾ। ਜੋ ਖਾਵਾਂ ਉਲਟੀਆਂ ਰਾਹੀਂ ਬਾਹਰ ਨਿਕਲ ਜਾਇਆ ਕਰੇ। ਪਾਣੀ ਤੱਕ ਵੀ ਨਾ ਰਿਹਾ ਕਰੇ। ਕਮਜ਼ੋਰੀ ਏਨੀ ਹੋ ਗਈ ਕਿ ਆਪਣਾ ਆਪ ਚੁੱਕਣੋਂ ਮੁਥਾਜ ਹੋ ਗਈ। ਮੈਂ ਤਾਂ ਡਰ ਹੀ ਗਈ। ਕਿਤੇ ਕੁਝ ਚੰਗਾ ਮੰਦਾ ਨਾ ਹੋ ਜਾਏ। ਹੌਲੀ ਹੌਲੀ ਸਭ ਠੀਕ ਹੋ ਗਿਆ ਤਾਂ ਜਾ ਕੇ ਕਿਤੇ ਮਸੀਂ ਹੀ ਮੈਨੂੰ ਸੁੱਖ ਦਾ ਸਾਹ ਆਇਆ। ਮੈਂ ਹਵਾ 'ਚ ਉੱਡਣ ਲੱਗੀ। ਮੇਰਾ ਹੁਣ ਜਮੀਨ 'ਤੇ ਪੈਰ ਨਾ ਲੱਗੇ। 'ਹੁਣ ਲਉ ਛੱਡਣ ਦਾ ਨਾਂਅ । ਛੱਡੋ ਕਿਹੜੇ ਬਹਾਨੇ ਛੱਡਣਾ । ਭੇਜ ਲਉ ਮੁੰਡਾ ਵਲੈਤ ਨੂੰ।' ਦਿਲ ਚਾਂਬੜਾਂ ਪਉਣ ਨੂੰ ਕਰੇ।

ਮੈਂ ਰੱਜ ਰੱਜ ਖਾਣ ਲੱਗੀ। ਡਰਦੀ ਰਹੀ ਕਿਤੇ ਬੱਚਾ ਕਮਜ਼ੋਰ ਨਾ ਰਹਿ ਜਾਏ। ਦਿਨੋ ਦਿਨ ਵਧਦਾ ਪੇਟ ਹੁਣ ਭਲਾ ਲੁਕਣਾ ਸੀ। ਸਭ ਨੂੰ ਖਬਰ ਹੋ ਗਈ। ਰੱਜ ਕੇ ਖਾਧੇ ਪੀਤੇ ਦਾ ਪਤਾ ਤਾਂ ਓਦੋਂ ਲੱਗਾ ਜਿਸ ਰਾਤ ਮੇਰਾ ਦੂਸਰਾ ਜਨਮ ਹੋਇਆ। ਬੱਚਾ ਜੰਮਣਾ ਦੂਸਰਾ ਜਨਮ ਲੈਣਾ ਹੀ ਤਾਂ ਹੈ। ਦਰਦ ਨਾਲ ਮੈਨੂੰ ਦੰਦਲਾਂ ਪੈਂਦੀਆਂ ਰਹੀਆਂ। ਕਈ ਵਾਰੀ ਮੈਂ ਬੇਹੋਸ਼ ਹੋਈ । ਸੁਰਤ ਆਈ ਤਾਂ ਦਾਈ ਨੇ ਮੁੰਡਾ ਹੋਇਆ ਕਹਿ ਕੇ ਮੇਰਾ ਸਾਰਾ ਦੁੱਖ ਦਰਦ ਮਿਟਾ ਦਿੱਤਾ। ਦਹੀਂ ਦੇ ਫੁੱਟ ਵਰਗਾ ਮੁੰਡਾ ਜੰਮ ਕੇ ਧਰ ਦਿੱਤਾ ਸੀ ਸਭ ਦੇ ਸਾਹਮਣੇ।

' ਨਿਰਾ ਗਾਮੇ 'ਤੇ ਗਿਆ। ' ਬੁੜੀਆਂ ਬੁੱਲ ਦੱਬ ਦੱਬ ਗੱਲਾਂ ਕਰਦੀਆਂ। ਤੇਜਾ ਹੁਣ ਕੂਣ ਜੋਗਾ ਨਾ ਰਿਹਾ। ਚਾਰ ਕੁ ਦਿਨ ਘਿੱਚ ਘਿੱਚ ਕਰਦਾ ਰਿਹਾ। ਹੌਲੀ ਹੌਲੀ ਆਪੇ ਟਿਕਾਣੇ ਆ ਗਿਆ। ਮੇਰੇ ਮੂਹਰੇ ਅੱਖ ਚੁੱਕਣ ਜੋਗਾ ਨਾ ਰਿਹਾ। ' ਬੰਦੇ ਦਾ ਪੁੱਤ ਬਣਕੇ ਆਪਣਾ ਢਿੱਡ ਭਰੀ ਜਾ। ਮੈਂ ਆਪਣਾ ਗੁਜ਼ਾਰਾ ਕਰ ਕੇ ਹਟੂੰ। ਹੱਥ ਚੁੱਕਣ ਦੀ ਕੋਸ਼ਿਸ਼ ਨਾ ਕਰੀਂ। ਬੇਇੱਜਤੀ ਕਰਵਾਏਂਗਾ। ' ਮੈਂ ਇੱਕੋ ਵਾਰੀ ਦੱਸ ਦਿੱਤਾ। ਮੈਂ ਤਾਂ ਸਤੀ ਬਣਕੇ ਦਿਨ ਕਟ ਰਹੀ ਸੀ, ਬੁਰੀ ਤੁਸੀਂ ਆਪ ਬਣਾਇਆ। ਮੁੜ ਮੂੰਹ ਨ੍ਹੀਂ ਖੋਲ੍ਹਿਆ। ਛੇ ਕੁ ਮਹੀਨੇ ਲੰਘੇ, ਫਿਰ ਗੜਬੜ ਹੋ ਗਈ। ਸੋਚਿਆ ਅਜੇ ਕੀ ਕਰਨੈ, ਏਹੀ ਵਧ ਫੁੱਲ ਲਵੇ। ਗਰਮ ਚੀਜ਼ਾਂ ਦਾ ਕਾੜ੍ਹਾ ਜਿਹਾ ਬਣਾ ਕੇ ਪੀਤਾ ਤਾਂ ਕਿਤੇ ਜਾ ਕੇ ਸੁਰਖੁਰੂ ਹੋਈ। ਮੇਰੀ ਮੁਰਾਦ ਪੂਰੀ ਹੋ ਗਈ ਸੀ। ਗਾਮਾ ਹੁਣ ਘਟਦਾ ਘਟਦਾ ਆਉਣੋਂ ਘਟ ਗਿਆ ਸੀ। ਬੰਦੇ ਨੇ ਆਪਣੇ ਕਹੇ ਬੋਲ ਪੁਗਾਏ ਸੀ। ਮੇਰੇ 'ਤੇ ਬਹੁਤਾ ਅਹਿਸਾਨ ਨਾ ਜਤਾਇਆ। ਵੈਸੇ ਵੀ

ਉਹਨੂੰ ਨੌਕਰੀ ਮਿਲ ਗਈ ਸੀ। ਕਿਤੇ ਦੂਰ ਦੀ ਸੀ। ਮਹੀਨੇ ਦੋ ਮਹੀਨੇ ਬਾਅਦ ਹੀ ਆਉਂਦਾ। ਮਿਲ ਕੇ ਚਲਾ ਜਾਂਦਾ।

ਪਰ ਰੱਬ ਪਤਾ ਨ੍ਹੀਂ ਕਿਹੜੀਆਂ ਗੱਲਾਂ 'ਚ ਰਾਜੀ ਸੀ। ਚੰਗਾ ਭਲਾ ਮੁੰਡਾ ਦੂਜੇ ਸਾਲ 'ਚ ਪੈਰ ਰੱਖਦਿਆਂ ਹੀ ਰੱਬ ਨੇ ਖੋਹ ਲਿਆ। ਮੈਂ ਫਿਰ ਰੁੰਡ ਮਰੁੰਡ । ਬੜਾ ਪਛਤਾਈ। ਕਾਹਨੂੰ ਕਾੜ੍ਹੇ ਪੀਤੇ। ਕਿਹੜਾ ਯਾਦਾ ਹੋ ਗਏ ਸੀ। ਰੱਬ ਨੇ ਇੱਕ ਖੋਹ ਲਿਆ, ਦੂਜਾ ਤਾਂ ਬਚਦਾ। ਮਨ ਮਸੋਸਿਆ ਗਿਆ। ਗਾਮਾ ਹੁਣ ਹੱਥ ਨਹੀਂ ਆਉਣਾ ਸੀ । ਨਾਲੇ ਉਸ ਨੇ ਤਾਂ ਪਹਿਲਾਂ ਕਹਿ ਦਿੱਤਾ ਸੀ,' ਸਾਰੀ ਉਮਰ ਦਾ ਠੇਕਾ ਮੈਂ ਨ੍ਹੀਂ ਲੈਂਦਾ '। ਮਮਤਾ ਫਿਰ ਤੜਫਣ ਲੱਗੀ। ਕਾਲਜੇ ਧੂਹ ਪਿਆ ਕਰੇ। ਛੋਟੇ ਦੀ ਸੂਰਤ ਅੱਖਾਂ ਸਾਹਮਣੇ ਫਿਰੀ ਜਾਇਆ ਕਰੇ।

ਰੰਡੀ ਤਾਂ ਰੰਡੇਪਾ ਕੱਟ ਲਵੇ, ਮੁਸਟੰਡੇ ਨਈਂ ਕੱਟਣ ਦਿੰਦੇ। ਹਰ ਕੋਈ ਨਾਲ ਖਹਿਣ ਦੀ ਕੋਸ਼ਿਸ਼ ਕਰਦਾ। ਅਖੇ ਤਾਰੋ ਸਾਡਾ ਵੀ ਸਾਰੋ। ਭਲਾ ਮੈਂ ਕੋਈ ਵੇਸ਼ਿਆ ਸੀ, ਜਾਂ ਕੰਜ਼ਰੀ। ਮਰਦੀ ਨੇ ਅੱਕ ਚੱਬਿਆ ਸੀ। ਖੈਰ ਇੱਕ ਵਾਰੀ ਫਿਰ ਕੌੜਾ ਘੁੱਟ ਭਰ ਗਈ। ਤਨ ਦਾ ਮੋਹ ਹੁਣ ਮੈਂ ਤਿਆਗ ਦਿੱਤਾ ਸੀ। ਮਿੱਟੀ ਦਾ ਕੀ ਮੋਹ। ਸੁਨੱਖੀਆਂ ਸੂਰਤਾਂ ਨੂੰ ਐਵੇਂ ਸਾਂਭ ਸਾਂਭ ਰੱਖਣ ਦਾ ਕੀ ਫਾਇਦਾ। ਬਾਅਦ 'ਚ ਸੜ ਕੇ ਮਿੱਟੀ 'ਚ ਹੀ ਤਾਂ ਰਲ ਜਾਣੈ।

ਪਤਾ ਨ੍ਹੀਂ ਕਿਵੇਂ ਜੀਤੇ ਅਮਲੀ ਦੇ ਢਹੇ ਜਾ ਚੜ੍ਹੀ । ਅੱਗਾ ਨਾ ਪਿੱਛਾ। ਕੱਲਾ ਕੈਰਾ ਬੰਦਾ ਸੀ। ਮੋਹ ਦੀ ਮਾਰੀ ਨੇ ਫਿਰ ਪਿੱਛੇ ਮੁੜ ਕੇ ਨਈਂ ਦੇਖਿਆ। ਉਹਦੇ ਨਸ਼ੇ ਪੱਤੇ ਦਾ ਵੀ ਦੇਖਦੀ ਰਹੀ। ਤਿੰਨ ਨਿਆਣੇ ਉਹਤੋਂ ਹੋ ਗਏ । ਭਾਵੇਂ ਹੋਰ ਲੈਨ ਲਾ ਲੈਂਦੀ, ਪਰ ਉਹਦਾ ਖਰਚ ਵਧਦਾ ਗਿਆ। ਉਹਨੇ ਨਸ਼ੇ ਹੋਰ ਵਧਾ ਲਏ। ਉਹ ਕਿਹੜਾ ਗਾਮਾ ਸੀ। ਜਿਹਦਾ ਦੇਣ ਤਾਂ ਕਈ ਜਨਮ ਨਾ ਦੇ ਸਕਾਂ। ਮੈਨੂੰ ਤਾਂ ਰੱਖਣ ਵਾਲਾ ਹੀ ਉਹੀ ਸੀ। ਨਹੀਂ ਤਾਂ ਹੁਣ ਤੱਕ ਪਤਾ ਨ੍ਹੀਂ ਕਿੱਥੇ ਹੁੰਦੀ। ਮਾਪਿਆਂ ਘਰ ਬੈਠੀ ਹੁੰਦੀ ਤੇ ਜਾਂ ਫਿਰ ਕਿਸੇ ਦਹਾਜੂ ਦੇ ਛਿੱਤਰ ਖਾਂਦੀ ਹੁੰਦੀ। ਰੱਬ ਦਾ ਬੰਦਾ ਵਸਦੀ ਕਰ ਗਿਆ ਸੀ। ਬਾਕੀ ਮੇਰੀ ਮਰਜੀ 'ਤੇ ਛੱਡ ਗਿਆ ਸੀ।

ਜੀਤੇ ਨੂੰ ਤਾਂ ਮੈਂ ਆਪ ਸਹੇੜਿਆ ਸੀ। ਪਰ ਹੁਣ ਗੱਲ ਗੱਲ 'ਤੇ ਰੋਹਬ ਝਾੜਨ ਲੱਗ ਪਿਆ ਸੀ। ਉਹਦਾ ਕੀ ਸੀ ਰੰਨ ਨਾ ਕੰਨ, ਬਾਰਾਂ ਸਾਲ ਨਿਭਾਉਂਦੀ ਰਹੀ। ਕਿੰਨਾ ਕੁ ਚਿਰ ਘਰ ਵੱਢ ਵੱਢ ਕੇ ਖਿਲਾਉਂਦੀ ਰਹਿੰਦੀ। ਬੋਟੀਆਂ ਤਾਂ ਤੁੜਾਉਂਦੀ ਹੀ ਸੀ। ਮੈਂ ਉਸ ਤੋਂ ਕੰਨੀ ਝਾੜ ਲਈ। ਬਥੇਰਾ ਕਲਪਿਆ। ਅਉਂਦੀ ਜਾਂਦੀ ਨੂੰ ਗਾਲ੍ਹਾਂ ਕੱਢਿਆ ਕਰੇ। ਕਦੇ ਕਿਸੇ ਕੋਲ ਕਦੇ ਕਿਸੇ ਕੋਲ ਸੁਨੇਹੇ ਭੇਜਿਆ ਕਰੇ,ਪਰ ਮੈਂ ਮੁੜ ਕੇ ਮੂੰਹ ਨਾ ਲਾਇਆ। ਆਖਿਰ ਪਿੰਡ ਛੱਡ ਕੇ ਕਿਸੇ ਡੇਰੇ 'ਤੇ ਜਾ ਬੈਠਾ।

ਨਿਆਣੇ ਹੁਣ ਵੱਡੇ ਹੁੰਦੇ ਗਏ, ਮੈਂ ਦੋ ਚਾਰ ਪਸ਼ੂ ਰੱਖ ਲਏ। ਸਾਰਾ ਦਿਨ ਕੰਮ 'ਚ ਰੁੱਝੀ ਰਹਿੰਦੀ। ਜੱਟਾਂ ਦੇ ਖੇਤੀਂ ਬੰਨੀਂ ਜਾਣ ਲੱਗ ਪਈ। ਤੇਜਾ ਹੁਣ ਬਿਮਾਰ ਰਹਿਣ ਲੱਗ ਪਿਆ ਸੀ। ਸਾਹ ਦੀ ਬਿਮਾਰੀ ਹੋ ਗਈ ਸੀ। ਕੰਮ ਵੀ ਹੁਣ ਚੱਜ ਨਾਲ ਨਈਂ ਸੀ ਹੁੰਦਾ। ਬਸ ਨਿਆਣੇ ਸਾਂਭਦਾ ਸੀ। ਬੁੜੀ ਬੁੜਾ ਘੱਟ ਵੱਧ ਹੀ ਬੋਲਦੇ ਸੀ ਪਰ ਨਿਆਣਿਆਂ ਨੂੰ ਚੁੱਕੀ ਫਿਰਦੇ ਰਹਿੰਦੇ। ਗਾਮੇ ਦਾ ਵੀ ਵਿਆਹ ਹੋ ਚੁੱਕਾ ਸੀ। ਦੋ ਬੱਚੇ ਇੱਕ ਮੁੰਡਾ, ਇੱਕ

ਕੁੜੀ। ਸ਼ਹਿਰ ਰਹਿਣ ਲੱਗ ਪਿਆ ਸੀ। ਕਦੇ ਕਦੇ ਪਿੰਡ ਆਉਂਦਾ। ਮਿਲ ਕੇ ਚਲਾ ਜਾਂਦਾ। ਕਈ ਵਾਰੀ ਰਾਤ ਵੀ ਰਹਿ ਜਾਂਦਾ । ਮੇਰੀਆਂ ਕਰਤੂਤਾਂ ਬਾਰੇ ਉਹਨੇ ਕਦੇ ਕੁਝ ਨਹੀਂ ਸੀ ਬੋਲਿਆ। ਕਦੇ ਮਾੜੀ ਚੰਗੀ ਨਹੀਂ ਸੀ ਕਹੀ।

ਇੱਕ ਦਿਨ ਪੱਠਿਆਂ ਨੂੰ ਗਈ । ਬਰਸਾਤ ਦੇ ਦਿਨ ਸਨ । ਮੀਂਹ ਬੜਾ ਪੈਣ ਲੱਗ ਪਿਆ। ਪਹਿਲਾਂ ਵੀ ਖੂਹ ਖੇਤਾਂ 'ਤੇ ਜਾਈਦਾ ਹੀ ਸੀ। ਲੰਬੜਾਂ ਦੇ ਖੂਹ 'ਤੇ ਰੰਬਾ ਪੱਲੀ ਰੱਖ ਕੇ ਬਰਾਂਡੇ ਵਿੱਚ ਖੜ੍ਹ ਗਈ। ਦੀਪਾ 'ਕੱਲਾ ਹੀ ਸੀ ਖੂਹ 'ਤੇ। ਪਹਿਲਾਂ ਵੀ ਹਾਸਾ ਮਖੌਲ ਕਰ ਲੈਂਦਾ ਸੀ। ਵਰਾਂਡੇ 'ਚ ਖੜੀ ਨੂੰ ਧੂਹ ਕੇ ਅੰਦਰ ਲੈ ਗਿਆ। ਬਥੇਰਾ ਕਲਪੀ, ਹੱਥ ਪੈਰ ਮਾਰੇ। ਮਨ ਆਈਆਂ ਕਰ ਕੇ ਹੀ ਹਟਿਆ। ਬਾਅਦ 'ਚ ਕਹਿੰਦਾ ਅਉਂਦੀ ਜਾਂਦੀ ਰਹੀਂ। ਜਿਸ ਚੀਜ਼ ਦੀ ਜਰੂਰਤ ਹੋਵੇ ਲੈ ਜਾਇਆ ਕਰੀਂ। ਪਿੱਛੇ ਨ੍ਹੀਂ ਹਟਦਾ। ਹਟਿਆ ਵੀ ਨਈ੍ਹਂ ਅੱਜ ਤੱਕ । ਲੋੜ ਪਵੇ ਤਾਂ ਪਿਉ ਦਾ ਪੁੱਤ ਪਸ਼ੂਆਂ ਨੂੰ ਪੱਠੇ ਆਪ ਪਾ ਕੇ ਜਾਂਦੈ। ਦਾਣਿਆਂ ਨਾਲ ਡਰੰਮ ਭਰਿਆ ਰਹਿੰਦੈ। ਪੈਸੇ ਟਕੇ ਦੀ ਕਮੀ ਨਈ੍ਹਂ । ਜਿਹੜੀ ਚੀਜ਼ ਕਹਿ ਦਿਆਂ ਲੈ ਕੇ ਦਿੰਦੈ । ਪੁਰਾਣੇ ਮਕਾਨ ਢਾਹ ਕੇ ਨਵੇਂ ਬਣਾ ਦਿੱਤੇ ਆ।

ਤੇਜਾ ਜਦੋਂ ਬੁਹਤਾ ਈ ਬਿਮਾਰ ਹੋ ਗਿਆ ਤਾਂ ਹਸਪਤਾਲ ਦਾਖਲ ਵੀ ਉਹਨੇ ਈ ਕਰਾਇਆ। ਇਲਾਜ ਦਾ ਸਾਰਾ ਖਰਚ ਉਹਨੇ ਭਰਿਆ। ਬਥੇਰੀ ਵਾਹ ਲਾਈ। ਨਈ੍ਹਂ ਬਚਿਆ ਤਾਂ ਕੀ ਕਰਦਾ। ਜਾਂਦਾ ਜਾਂਦਾ ਤੇਜਾ ਵੀ ਬਾਂਹ ਉਹਨੂੰ ਹੀ ਫੜਾ ਗਿਆ। ਅਖੇ ਨਿਆਣਿਆਂ ਦਾ ਖਿਆਲ ਰੱਖੀਂ ਦੀਪ ਸਿਹਾਂ। ਸਾਲ ਬਾਅਦ ਬੁੜਾ ਵੀ ਚੱਲ ਵਸਿਆ। ਉਹਦੇ 'ਕੱਠ ਤੇ ਵੀ ਰੱਜਵਾਂ ਖਰਚ ਕੀਤਾ। ਮੈਨੂੰ ਤਾਂ ਪੱਲਿਉਂ ਕੁਝ ਵੀ ਨਾ ਲੈਣ ਦਿੱਤਾ। ਰੋਜ਼ ਇੱਕ ਚੱਕਰ, ਘਰ ਜਰੂਰ ਮਾਰਦੈ। ਭਾਵੇਂ ਮਿਲ ਗਿਲ ਤਾਂ ਅਸੀਂ ਜਦੋਂ ਜੀਅ ਕਰੇ ਹੁਣ ਵੀ ਖੂਹ 'ਤੇ ਹੀ ਲਈਦਾ ਆ।

ਗੱਲ ਕੀ ਅੱਜ ਤੱਕ ਕਿਸੇ ਟੁੰਡੇ ਲਾਟ ਦੀ ਪ੍ਰਵਾਹ ਨਹੀਂ ਕੀਤੀ। ਸਾਰਾ ਮੁਹੱਲਾ ਮਿਲਦਾਗਿਲਦਾ। ਕਦੇ ਕਿਸੇ ਤੋਂ ਮੰਗ ਕੇ ਨ੍ਹੀਂ ਖਾਂਦੀ ਭਰੇ ਘਰ 'ਚੋਂ ਲੋੜ ਪਈ 'ਤੇ ਲੋੜਵੰਦ ਨੂੰ ਕੁਝ ਨਾ ਕੁਝ ਦੇ ਹੀ ਦਿੰਨੀ ਆਂ। ਗਾਮੇ ਦਾ ਮੋਹ ਅਜੇ ਵੀ ਮਨ 'ਚੋਂ ਗਿਆ ਨਈ੍ਹਂ। ਛੱਡ ਉਹ ਵੀ ਨ੍ਹੀਂ ਸਕਿਆ। ਜਦੋਂ ਕਦੇ ਪਿੰਡ ਆਉਂਦਾ ਮਿਲੇ ਬਿਨਾਂ ਨਈ੍ਹਂ ਜਾਂਦਾ। ਦਿਨੇ ਜਿੱਥੇ ਮਰਜੀ ਰਹੇ, ਰਾਤ ਨੂੰ ਘਰਜਰੂਰ ਅਉਂਦੈ। ਬਸ ਹਾਣੀਆਂ ਦੀ ਢਾਣੀ ਵਿੱਚ ਬੈਠਾ ਰਹੂ। ਜੇ ਵਕਤ ਸਿਰ ਆ ਜਾਏ ਤਾਂ ਰੋਟੀ ਪਾਣੀ ਵੀ ਏਥੋਂ ਹੀ ਖਾਂਦੈ। ਜੇ ਦੋ ਘੁੱਟ ਲਾਏ ਹੋਣ ਤਾਂ ਕੋਠੇ ਚੜ੍ਹ ਕੇ ਚੁਪ ਕਰਕੇ ਜਾ ਸੌਂਦੈ। ਨਿਆਣੇ ਵੀ ਬੜਾ ਚਹੁੰਦੇ ਐ। ਬਾਹਰ ਕਿਤੇ ਦੇਖ ਲੈਣ ਤਾਂ ਦੱਸ ਦਿੰਦੇ ਆ ਬਈ ਚਾਚਾ ਆਇਆ ਹੋਇਆ। ਪੁੱਛਦੇ ਆ ਘਰ ਆਇਆ ਕਿ ਨਈ੍ਹਂ । ਕੋਈ ਨਾ ਕੋਈ ਜਾ ਕੇ ਸੱਦ ਲਿਆਉਂਦੈ। ਅਖੇ ਮੰਮੀ ਬੁਲਾਉਂਦੀ ਆ। ਆਹ ਜਿਹੜਾ ਬੀਰੂ, ਕੱਲ੍ਹ ਦਾ ਰੁਸਿਆ ਫਿਰਦੈ, ਇਹਨੂੰ ਈ ਟਿਕਾ ਨ੍ਹੀਂ ਸੀ ਅਉਂਦਾ ਹੁੰਦਾ। ਜਿੰਨਾ ਚਿਰ ਸੱਦ ਨਾ ਲਿਆਉਂਦਾ, ਗੇੜੇ 'ਤੇ ਗੇੜਾ ਮਾਰੀ ਜਾਂਦਾ।

ਕੱਲ ਫਿਰ ਗਾਮਾ ਪਿੰਡ ਆਇਆ ਹੋਇਆ ਸੀ। ਨਿਆਣੇ ਉਡੀਕ ਉਡੀਕ ਕੇ ਸੌਂ ਗਏ ਸੀ। ਕੋਠੇ ਚੜ੍ਹਨ ਦੀ ਬਜਾਏ ਅੰਦਰ ਜਾ ਕੇ ਪੈ ਗਿਆ। ਪਹਿਲਾਂ ਤਾਂ ਮੈਂ ਬਾਹਰ ਪਈ ਸੀ। ਮੈਥੋਂ ਈ ਰਹਿ ਨਾ ਹੋਇਆ। ਜਾ ਕੇ ਨਾਲ ਲੰਮੀ ਪੈ ਗਈ। ਸੁੱਤੇ ਨੂੰ ਉਠਾ

ਲਿਆ। ਇਹ ਬੀਰੂ ਪਤਾ ਨਈਂ ਕਿਵੇਂ ਉੱਠ ਗਿਆ। ਪਹਿਲਾਂ ਤਾਂ ਕਦੇ ਨ੍ਹੀਂ ਸੀ ਉੱਠਿਆ। ਉੱਠੇ ਵੀ ਤਾਂ ਮੰਮੀ ਮੰਮੀ ਕਹਿ ਕੇ 'ਵਾਜਾਂ ਮਾਰੀ ਜਾਊ। ਕੱਲ੍ਹ ਸਿੱਧਾ ਅੰਦਰ ਆ ਗਿਆ.। ਬੱਤੀ ਜਗਾਈ । ਮੈਂ ਤੇ ਗਾਮਾ ......। ਸਾਨੂੰ ਉਸ ਹਾਲਤ ਵਿੱਚ ਦੇਖ ਕੇ ਉਹ ਬੱਤੀ ਬੰਦ ਕਰਕੇ ਬਾਹਰ ਵਿਹੜੇ 'ਚ ਚਲਾ ਗਿਆ। ਐਂਸ ਐਂਸ ਕਰਦਾ ਫਿਰ ਅੰਦਰ ਆਇਆ । ਓਦੋਂ ਤੱਕ ਅਸੀਂ ਸੰਭਲ ਚੁੱਕੇ ਸੀ। ਬੀਰੂ ਚਾਦਰ ਦੀ ਬੁੱਕਲ ਮਾਰ ਕੇ ਬੁੜ ਬੁੜ ਕਰਦਾ ਘਰੋਂ ਬਾਹਰ ਨਿਕਲ ਗਿਆ। ਗਾਮਾ ਬੈੱਡ ਤੋਂ ਉੱਠ ਕੇ ਕੁਰਸੀ 'ਤੇ ਨਿਮੋਝੂਣਾ ਜਿਹਾ ਬੈਠਾ ਰਿਹਾ। ਜਿੰਨਾ ਚਿਰ ਬੈਠਾ, 'ਹੁਣ ਕੀ ਹੋਊ।' ਇਹੀ ਕਹਿੰਦਾ ਰਿਹਾ। ਬਥੇਰਾ ਕਿਹਾ 'ਕੁਛ ਨਈਂ ਹੁੰਦਾ, ਤੂੰ 'ਰਾਮ ਨਾ' ਪੈ ਜਾ।' ਪਰ ਨਈਂ ਪਿਆ। ਆਖਿਰ ਉਹ ਵੀ ਉੱਠ ਕੇ ਚਲਾ ਗਿਆ।

ਮੇਰੀ ਹੀ ਮੱਤ ਮਾਰੀ ਗਈ ਸੀ। ਅੱਗੇ ਕਦੇ ਬੂਹਾ ਖੁੱਲਾ ਨ੍ਹੀਂ ਸੀ ਛੱਡਿਆ। ਅੱਵਲ ਤਾਂ ਗਾਮਾ ਜਦੋਂ ਵੀ ਆਉਂਦਾ ਸੀ। ਜਿੰਨਾ ਚਿਰ ਨਿਆਣੇ ਜਾਗਦੇ ਹੁੰਦੇ, ਇਹ ਉਨ੍ਹਾਂ ਨਾਲ ਗੱਲੀਂ ਲੱਗਾ ਰਹਿੰਦਾ। ਕਈ ਵਾਰੀ ਉਨ੍ਹਾਂ ਨਾਲ ਈ ਪੈ ਜਾਂਦਾ। ਜਾਗ ਆਉਂਦੀ ਤਾਂ ਉੱਠ ਕੇ ਚੁਬਾਰੇ ਜਾ ਸੌਂਦਾ। ਕਈ ਵਾਰੀ ਤਾਂ ਮੈਨੂੰ ਆਪ ਈ ਜਗਾਉਣਾ ਪੈਂਦਾ। ਬਸ ਘਰ ਆ ਜਾਵੇ, ਉਹਦਾ ਬਿਸਤਰਾ ਮੈਂ ਪਹਿਲਾਂ ਈ ਉੱਪਰ ਵਿਛਾ ਆਉਂਦੀ। ਨਿਆਣੇ ਸੌਂ ਜਾਂਦੇ ਤਾਂ ਮੈਂ ਆਪ ਈ ਉੱਠ ਕੇ ਉਹਦੇ ਕੋਲ ਚਲੇ ਜਾਂਦੀ। ਤੇ ਜਦੋਂ ਕੋਈ ਨਿਆਣਾ ਜਾਗਦਾ, ਉੱਠ ਕੇ ਥੱਲੇ ਆ ਜਾਂਦੀ। ਪਰ ਕੱਲ੍ਹ........।

'ਕੁਛ ਨਈਂ ਹੁੰਦਾ' ਕਹਿਣ ਨੂੰ ਤਾਂ ਮੈਂ ਗਾਮੇ ਨੂੰ ਉਸ ਵੇਲੇ ਕਹਿ ਦਿੱਤਾ ਸੀ। ਕਦੇ ਇਸ ਤਰਾਂ ਦਾ ਸਮਾਂ ਵੀ ਆਊ ਸੋਚਿਆ ਨਾ ਸੀ। ਅੱਜ ਕੱਲ੍ਹ ਦੇ ਬੱਚੇ ਭਲਾ ਕੀ ਨ੍ਹੀਂ ਜਾਣਦੇ। ਸਭ ਕੁਛ ਸਮਝਦੇ ਆ। ਗਾਮੇ ਨੂੰ, ਦੀਪੇ ਨੂੰ ਮੇਰੇ ਕੋਲ ਬਹਿੰਦਿਆਂ, ਉੱਠਦਿਆਂ, ਗੱਲ ਬਾਤ ਕਰਦਿਆਂ ਨਿਆਣੇ ਹਰ ਵੇਲੇ ਦੇਖਦੇ ਹੀ ਆ। ਏਹੀ ਸੋਚ ਕੇ ਹਊ ਪਰ੍ਹੇ ਕਰਦੀ ਰਹੀ ਸੀ। ਜੀਤੇ ਅਮਲੀ ਵੇਲੇ ਤਾਂ ਚਲੋ ਬੇਸਮਝ ਸੀ। ਨਾਲੇ ਤੇਜਾ ਵੀ ਓਦੋਂ ਜੀਂਦਾ ਜਾਗਦਾ ਸੀ। ਤੇਜੇ ਦੇ ਮਰਨ ਤੋਂ ਬਾਅਦ ਤਾਂ ਦੀਪਾ ਹੀ ਘਰ ਦੀ ਅੜੀ-ਥੁੜੀ ਪੂਰੀ ਕਰਦਾ ਆ ਰਿਹਾ ਸੀ। ਭਲਾ ਕਾਹਦੇ ਲਈ। ਮੇਰੇ ਨਾਲ ਕੋਈ ਸਬੰਧ ਹੋਣ ਕਰਕੇ ਹੀ । ਮੁਫ਼ਤ ਨੂੰ ਭਲਾ ਕੋਈ ਕੁਝ ਕਰਦਾ ਹੈ ਕਦੇ ਏਨੀ ਸਮਝ ਤਾਂ ਹੁਣ ਤੱਕ ਆ ਹੀ ਗਈ ਹੋਵੇਗੀ ਇਹਨਾਂ ਵਿੱਚ।

ਔਲਾਦ ਬਿਨ੍ਹਾਂ ਔਰਤ ਔਰਤ ਨ੍ਹੀਂ ਸਮਝੀ ਜਾਂਦੀ। ਹੁਣ ਬੀਰੂ ਨੂੰ ਕਿਵੇਂ ਦੱਸਾਂ, ਕੁਝ ਕਰਨ ਜੋਗਾ ਤਾਂ ਤੁਹਾਡਾ ਪਿਓ ਨਈਂ ਸੀ, ਆਪਣਾ ਔਰਤਪੁਣਾ ਸਿੱਧ ਕਰਨ ਲਈ ਬੁਰੀ ਮੈਨੂੰ ਬਣਨਾ ਪਿਆ। ਔਰਤ ਕਿਹੜਾ ਖ਼ੁਸ਼ੀ ਨਾਲ ਕਿਸੇ ਗੈਰ ਮਰਦ ਦੇ ਥੱਲੇ ਵਿਛਦੀ ਆ। ਕੋਈ ਨਾ ਕੋਈ ਲੋੜ ਹੀ ਉਹਨੂੰ ਇਸ ਤਰ੍ਹਾਂ ਕਰਨ ਲਈ ਮਜ਼ਬੂਰ ਕਰਦੀ ਆ। ਪਹਿਲਾਂ ਔਲਾਦ ਦੀ ਖ਼ਾਤਿਰ ਵਿਛੀ ਸੀ, ਫੇਰ ਇਨ੍ਹਾਂ ਦੀ ਪਰਵਰਿਸ਼ ਖ਼ਾਤਿਰ..... ।

ਇਹ ਤਾਂ ਇਹ ਵੀ ਨ੍ਹੀਂ ਜਾਣਦੇ ਕਿ ਇਨ੍ਹਾਂ 'ਚ ਵਗ ਰਿਹਾ ਖ਼ੂਨ ਕੀਹਦਾ ਏ। ਖ਼ੂਨ ਇਨ੍ਹਾਂ 'ਚ ਗਾਮੇ ਦਾ ਨਈਂ। ਤੇਜੇ ਦਾ ਵੀ ਨਈਂ। ਤੇ ਨਾ ਹੀ ਦੀਪੇ ਦਾ। ਦੀਪੇ ਦਾ ਤਾਂ ਹੋ ਵੀ ਨ੍ਹੀਂ ਸਕਦਾ। ਉਹਦੇ ਨਾਲ ਤਾਂ ਵਾਹ ਵੀ ਇਨ੍ਹਾਂ ਦੇ ਜਨਮ ਤੋਂ ਬਾਅਦ 'ਚ ਪਿਆ

ਸੀ। ਜੀਹਦਾ ਖ਼ੂਨ ਏ ਉਹ ਤਾਂ ਹੁਣ ਸਾਧ ਹੋਇਆ ਫਿਰਦੈ।

ਰਾਤ ਅੱਧੀਉਂ ਵੱਧ ਬੀਤ ਚੁੱਕੀ ਆ। ਗਲੀ ਵਿੱਚ ਕਿਸੇ ਦੇ ਗੱਲਾਂ ਕਰਨ ਦੀਆਂ ਅਵਾਜ਼ਾਂ ਆ ਰਹੀਆਂ ਹਨ । ਨਸ਼ੇ ਪੱਤੇ ਵਾਲੇ ਫਿਰਦੇ ਹੋਣੇ ਆਂ। ਜਾਂ ਜੂਏ ਵਾਲੇ ਕਿਤਿਉਂ ਉੱਠ ਕੇ ਆਏ ਹੋਣੇ ਆਂ। ਦਿਨੇ ਰਾਤ ਢਾਣੀਆਂ ਲੱਗੀਆਂ ਰਹਿੰਦੀਆਂ। ਕਿਤੇ ਨਾ ਕਿਤੇ ਚੋਰੀਆਂ ਵੀ ਹੁੰਦੀਆਂ ਰਹਿੰਦੀਆਂ। ਵਿਹਲੀ ਮੁੰਡੀਰ, ਸਾਰੀ ਰਾਤ ਕੁੱਤਿਆਂ ਵਾਂਗ ਹਰਲ ਹਰਲ ਕਰਦੀ ਫਿਰਦੀ ਰਹਿੰਦੀ ਆ। ਕੰਮ ਨੂੰ ਕੋਈ ਹੱਥ ਲਾ ਕੇ ਖੁਸ਼ ਨਈਂ। ਸ਼ਰਾਬਾਂ ਸਮੈਕਾਂ ਹੋਰ ਕਿੱਥੋਂ ਪੀ ਹੁੰਦੀਆਂ। ਕੌਡੀਆਂ ਦੇ ਭਾਅ ਜੋ ਹੱਥ ਅਉਂਦੈ, ਚੁੱਕ ਕੇ ਵੇਚ ਦਿੰਦੇ ਆ।

ਬੀਰੂ ਫਿਰ ਉੱਠ ਗਿਆ ਲੱਗਦੈ। ਅੰਦਰ ਆ ਗਿਆ ਹੈ। ਬੱਤੀ ਜਗਾ ਦਿੱਤੀ ਆ। ਗੋਡਿਆਂ 'ਚੋਂ ਸਿਰ ਚੁੱਕ ਕੇ ਖਾਲੀ ਖਾਲੀ ਅੱਖਾਂ ਨਾਲ ਉਸ ਵੱਲ ਦੇਖਦੀ ਆਂ। " ਮੰਮੀ ਸੁੱਤੀ ਨਈਂ! " ਬੜੇ ਮੋਹ ਜਿਹੇ ਨਾਲ ਪੁੱਛਦੈ। ਕੋਲ ਆ ਬੈਠੈ । ਸੋਚਦੀ ਆਂ ਹੁਣ ਜਰੂਰ ਕੁਛ ਪੁੱਛੇਗਾ। ਮੇਰੇ ਵੱਲ ਈ ਦੇਖੀ ਜਾਂਦੈ । ਜਰੂਰ ਗਾਮੇ ਬਾਰੇ ਕੁਛ ਬੋਲੇਗਾ। ਉਹਦੇ ਬੁੱਲ ਫਰਕੇ ਹਨ। " ਮੰਮੀ ਚਾਚਾ ਗਾਮਾ .... ।

"ਨਾ, ਪੁੱਤ ਨਾ। ਗਾਮੇ ਦਾ ਕੋਈ ਕਸੂਰ ਨਈਂ। " ਕਾਹਲੀ ਨਾਲ ਮੇਰੇ ਮੂਹੋਂ ਨਿਕਲਿਆ। " ਪੁੱਤ ਮਾੜੀ ਤਾਂ ਮੈਂ ਈ ਆਂ। ਉਹ ਤਾਂ ਮੇਰਾ ਰੱਬ ਐ। ਮਾਵਾਂ ਬਣਨਾ ਸੌਖਾ ਨਈਂ। ਮਾਵਾਂ ਦੇ ਪੋਤੜੇ ਫੋਲਿਆਂ ਕੁਛ ਨ੍ਹੀਂ ਮਿਲਦਾ। ਐਵੇਂ ਲੋਕਾਂ ਮਗਰ ਨ੍ਹੀਂ ਲੱਗੀਦਾ। ਲੋਕ ਤਾਂ ਬਹੁਤ ਕੁਛ ਕਹਿੰਦੇ ਰਹਿੰਦੇ ਆ। ਕਲ੍ਹ ਨੂੰ ਲੋਕ ਕੁਝ ਵੀ ਕਹਿਣ, ਕੁਝ ਵੀ ਸਿਖਾਉਣ। ਸ਼ਾਇਦ ਹੁਣ ਵੀ ਕਹਿੰਦੇ ਹੋਣ। ਅੱਜ ਤੂੰ ਤਾਂ ਅੱਖੀਂ ਦੇਖ ਲਿਆ। ਗੁਨਾਹਗਾਰ ਹਾਂ। ਤੇਰੇ ਅੱਗੇ ਹੱਥ ਜੋੜਦੀ ਆਂ, ਹੁਣ ਲੋਕਾਂ ਨੂੰ ਤਮਾਸ਼ਾ ਨਾ ਦਿਖਾਈਂ। ਅੱਜ ਤੱਕ ਕਿਸੇ ਅੱਗੇ ਝੁਕੀ ਨਈਂ, ਤੈਨੂੰ ਮੇਰੀ ਮਿਨਤ ਐ । ਤੂੰ ਗਾਮੇ ਨੂੰ ਮਾੜਾ ਚੰਗਾ ਕਦੇ ਨਾ ਕਹੀਂ। ਤੂੰ ਹੁਣ ਨਿਆਣਾ ਨ੍ਹੀਂ, ਜਵਾਨ ਹੋ ਗਿਆਂ ਏਂ। ਹੋਰ ਦੋ ਸਾਲਾਂ ਨੂੰ ਜਦੋਂ ਮਰਜ਼ੀ ਤੈਨੂੰ ਵਿਆਹ ਦਿਆਂ। ਔਰਤ ਤਾਂ ਧਰਤੀ ਹੁੰਦੀ ਐ ਧਰਤੀ। ਔਲਾਦ ਤਾਂ ਉਹੀ ਜੰਮਦੀ ਆ। ਕਾਗਜ਼ਾਂ 'ਚ ਨਾਂਅ ਭਾਵੇਂ ਜੀਹਦਾ ਮਰਜੀ ਲਿਖ ਹੋ ਜਾਏ। ਉਹੀ ਦੱਸ ਸਕਦੀ ਆ, ਬਈ ਕੁੱਖ 'ਚੋਂ ਉੱਗਿਆ ਬੀਜ ਕਿੱਥੋਂ ਆਇਆ ਸੀ। ਮੈਨੂੰ ਤਾਂ ਇਸ ਪਿੰਡ ਵਿੱਚ ਰੱਖਣ ਵਾਲਾ ਈ ਗਾਮਾ ਆਂ। ਨਈਂ ਤਾਂ ਹੁਣ ਨੂੰ ਪਤਾ ਨ੍ਹੀਂ ਕਿੱਥੇ ਹੁੰਦੀ। ਜਦੋਂ ਮੇਰਾ ਆਪਣਾ ਕਹਿਣ ਵਾਲਾ ਕੋਈ ਨਈਂ ਸੀ ਤਾਂ ਏਹੀ ਗਾਮਾ ਅੱਗੇ ਆਇਆ ਸੀ। ਪਿਓ ਤੇਰਾ ਤਾਂ ਕਾਸੇ ਜੋਗਾ ਨ੍ਹੀਂ ਸੀ। ਉਲਟਾ ਮੈਨੂੰ ਛੱਡਣ ਨੂੰ ਤਿਆਰ ਹੋਇਆ ਫਿਰਦਾ ਸੀ। ਮੈਂ ਵਸੀ ਤਾਂ ਆਪਣੀ ਹਿੰਮਤ ਨਾਲ ਵਸੀ। ਗਾਮੇ ਨੇ ਤਾਂ ਰਾਹ ਵਿਖਾਇਆ ਸੀ। " ਤੇ ਮੈਂ ਹੁਣ ਤੱਕ ਦੀ ਜਿੰਦਗੀ ਦੀ ਸਾਰੀ ਕਿਤਾਬ ਬੀਰੂ ਅੱਗੇ ਖੋਲ ਦਿੱਤੀ।

" ਹੁਣ ਤਾਂ ਮੈਂ ਈ ਤੇਰੀ ਮਾਂ, ਮੈਂ ਈ ਤੇਰਾ ਪਿਓ ਆਂ। ਪੁੱਤ ਮਾਰ ਚਾਹੇ ਛੱਡ। ਜਿੰਨਾ ਚਿਰ ਸਰੀਰ 'ਚ ਜਾਨ ਐ, ਗਾਮੇ ਨੂੰ ਮੈਂ ਨ੍ਹੀਂ ਛੱਡ ਸਕਦੀ। ਮਨ ਦਾ ਮੀਤ ਤਾਂ ਉਹੀ ਆ ਮੇਰਾ, ਬਾਕੀ ਤਾਂ ਸਭ ਮੂੰਹ ਮੁਲਾਹਜਾ ਈ ਆ। ਜੋ ਦਿਲ ਵਿੱਚ ਸੀ ਤੈਨੂੰ ਦੱਸ ਦਿੱਤਾ ਆ। ਹੁਣ ਤੱਕ ਜੋ ਭੇਦ ਇਸ ਦਿਲ ਵਿੱਚ ਦੱਬ ਕੇ ਰੱਖਿਆ ਸੀ, ਉਹਦਾ ਬੰਦ ਦਰਵਾਜਾ ਅੱਜ ਤੇਰੇ ਅੱਗੇ ਖੋਲ ਦਿੱਤਾ ਆ। ਰੋਜ਼ ਰੋਜ਼ ਤੰਗ ਨਾ ਕਰੀਂ। ਜਿਵੇਂ ਕੱਟ ਹੋਊ ਕੱਟ

ਲਵਾਂਗੀ। ਬਾਕੀ ਹੁਣ ਤੂੰ ਜਾਣੇਂ। " ਏਨਾ ਕਹਿ ਕੇ ਮੈਂ ਮੰਜੇ 'ਤੇ ਲੰਮੀ ਪੈ ਗਈ। ਬੀਰੂ ਉੱਠ ਕੇ ਬਾਹਰ ਜਾ ਕੇ ਬਹਿ ਗਿਆ ਜਾਂ ਪੈ ਗਿਆ, ਕੋਈ ਪਤਾ ਨਈਂ।

ਦਸ ਕੁ ਦਿਨ ਬਾਅਦ ਚੁਬਾਰੇ 'ਤੋਂ ਖੜ੍ਹੀ ਨੇ ਦੇਖਿਆ, ਬੀਰੂ ਗਾਮੇ ਦੀ ਬਾਂਹ ਵਿੱਚ ਬਾਂਹ ਪਾਈ ਪਹਿਲਾਂ ਵਾਂਗ ਹੀ ਹੱਸ ਹੱਸ ਗੱਲਾਂ ਕਰਦਾ ਘਰ ਦੇ ਵਿਹੜੇ ਵਿੱਚ ਖੜ੍ਹਾ ਸੀ।

–•♣•–



# ਪਿੱਪਲੀ ਦੇ ਪੱਤੇ

ਦਿਨੇਸ਼ ਨੇ ਸਿਗਰਟ ਦਾ ਕਸ਼ ਖਿੱਚ ਕੇ ਧੂਏਂ ਦਾ ਗੁਬਾਰ ਜਿਹਾ ਮੂੰਹ ਚੋਂ ਬਾਹਰ ਕੱਢਿਆ। ਸੁੰਨੀ ਸੜਕ ਦੀ ਪਟੜੀ ਤੋਂ ਉੱਤਰ ਕੇ ਉਹ ਪਿੱਪਲੀ ਵਾਲੇ ਖੂਹ ਵੱਲ ਤੁਰ ਪਿਆ। ਉਹਦੇ ਪੈਰ ਥਿੜਕ ਰਹੇ ਸਨ ਤੇ ਚਾਲ ਸੁਸਤ ਸੀ। ਉਂਝ ਅੱਜ ਇਹ ਕੋਈ ਨਵੀਂ ਗੱਲ ਨਹੀਂ ਸੀ। ਕਈ ਸਾਲਾਂ ਤੋਂ ਉਹ ਇਸ ਤਰ੍ਹਾਂ ਕਰ ਰਿਹਾ ਸੀ। ਜਦੋਂ ਵੀ ਉਹ ਪਿੱਪਲੀ ਵਾਲੇ ਖੂਹ ਵੱਲ ਆਉਂਦਾ, ਇੱਕ ਮਿਕਨਾਤੀਸ ਦੀ ਤਰ੍ਹਾਂ ਆਪ ਮੁਹਾਰੇ ਹੀ ਉਹਦੇ ਪੈਰ ਉਧਰ ਨੂੰ ਖਿੱਚੇ ਜਾਂਦੇ । ਤੇ ਫਿਰ ਘੰਟਿਆਂ ਬੱਧੀ ਉਹ ਪਿੱਪਲੀ ਦੇ ਮੁੱਢ ਨਾਲ ਢੋਅ ਲਾ ਕੇ ਬੈਠਾ ਰਹਿੰਦਾ। ਕੁਝ ਸੋਚਦਾ ਰਹਿੰਦਾ।

ਕਦੇ ਕਦੇ ਉਹ ਪਿੱਪਲੀ ਦੇ ਨਵੇਂ ਨਵੇਂ ਨਿਕਲੇ ਹਰੇ ਹਰੇ, ਲਵੇ ਲਵੇ, ਕੂਲੇ ਕੂਲੇ ਪੱਤਿਆਂ ਵੱਲ ਦੇਖਦਾ ਰਹਿੰਦਾ, ਘੂਰਦਾ ਰਹਿੰਦਾ। ਤੇ ਫਿਰ ਟਾਹਣੀਉਂ ਟੁੱਟੇ ਪੱਤਿਆਂ ਨੂੰ ਚੁਗ ਚੁਗ ਕੇ ਹੱਥਾਂ 'ਚ ਫੜ੍ਹ ਕੇ ਮਲਦਾ ਰਹਿੰਦਾ, ਪਲੋਸਦਾ ਰਹਿੰਦਾ। ਅਚਾਨਕ ਆਈ ਹਵਾ ਦੇ ਤੇਜ਼ ਬੁੱਲਿਆਂ ਨਾਲ ਡਿੱਗੇ ਪੱਤੇ, ਅਣਜਾਣ ਜਿਹੇ, ਬੇਆਸਰੇ ਪੱਤੇ। ਸਿਰ 'ਤੇ ਕੂਕਦੀ ਅਣਚਾਹੀ ਮੌਤ। ਤੜਪ, ਪਛਤਾਵਾ। ਕੀ ਕਰੇ ਕੋਈ।

ਤਕੜੇ ਦਾ ਸੱਤੀਂ ਵੀਹੀਂ ਸੌ। ਮੌਤ ਦਾ ਕੀ ਪਤਾ ਕਦੋਂ ਤੇ ਕਿਧਰੋਂ ਆ ਕੇ ਕਿਸੇ ਬਾਜ਼ ਦੀ ਤਰ੍ਹਾਂ ਝਪੱਟਾ ਮਾਰ ਲਵੇ । ਤੇ ਫਿਰ ਮਾਸੂਮ ਕਬੂਤਰ ਦੀ ਤਰ੍ਹਾਂ ਅੱਖਾਂ ਮੀਟਣ ਵਾਲੀ ਗੱਲ ਐ। ਤੇਜ਼ ਹਵਾ ਬਾਜ਼ ਦੇ ਮਜਬੂਤ ਪੰਜਿਆਂ ਵਿੱਚ ਜਕੜੀ ਚੀਜ਼ ਵਾਂਗ ਆਪਣੀ ਬੁੱਕਲ 'ਚ ਲੈ ਕੇ ਉਨ੍ਹਾਂ ਨੂੰ ਜਿਥੋਂ ਤੱਕ ਮਰਜੀ ਘਸੀਟੀ ਜਾਵੇ। ਕੌਣ ਰੋਕ ਸਕਦਾ।

ਉਹ ਸੋਚਦਾ ਮੇਰੀ ਮੁਹੱਬਤ ਵੀ ਕੁਝ ਏਸੇ ਤਰ੍ਹਾਂ ਦੀ ਹੀ ਆ। ਨਰਮ ਨਰਮ, ਭੋਲੀ ਭਾਲੀ, ਟਾਹਣੀਉਂ ਟੁੱਟੀ। ਜਿਸ ਤਰ੍ਹਾਂ ਇਹ ਪੱਤੇ ਆਪਣੇ ਆਪ 'ਚ ਸੁੱਕਦੇ ਸੁੱਕਦੇ ਪੀਲੇ ਭੂਕ ਹੋ ਜਾਣਗੇ ਤੇ ਫਿਰ ਮਿੱਟੀ 'ਚ ਮਿਲ ਜਾਣਗੇ। ਇਸ ਤਰ੍ਹਾਂ ਹੀ ਇੱਕ ਦਿਨ ਮੈਂ ਵੀ........।

ਦਰਅਸਲ ਇਸ ਤਰ੍ਹਾਂ ਦੀਆਂ ਗੱਲਾਂ ਤਾਂ ਉਹ ਲੱਗਭੱਗ ਰੋਜ਼ ਹੀ ਸੋਚਦਾ ਰਹਿੰਦਾ । ਪਰ ਜਦੋਂ ਪਿੱਪਲੀ ਵਾਲੇ ਖੂਹ 'ਤੇ ਆ ਕੇ ਪਿੱਪਲੀ ਦੇ ਮਾਸੂਮ ਪੱਤਿਆਂ ਨਾਲ

ਗੱਲਾਂ ਕਰਦਾ ਤਾਂ ਉਹਨੂੰ ਲੱਗਦਾ ਜਿਵੇਂ ਉਹ ਆਪਣੀ ਮਹਿਬੂਬਾ, ਆਪਣੀ ਪ੍ਰੇਮਕਾ ਲੀਨਾ ਨਾਲ ਗੱਲਾਂ ਕਰ ਰਿਹਾ ਹੋਵੇ। " ਇਸ ਤਰ੍ਹਾਂ ਤੋੜ ਕੇ ਸੁੱਟਣਾ ਚੰਗਾ ਨ੍ਹੀਂ ਹੁੰਦਾ। ਕਿਸੇ ਨੂੰ ਸਾੜ ਕੇ ਕੋਈ ਕਿਸ ਤਰ੍ਹਾਂ ਸ਼ਾਂਤ ਰਹਿ ਸਕਦਾ ਹੈ, ਖੁਦ ਆਪ ਵੀ ਸੜਦਾ ਹੈ। " ਤੇ ਉਹਨੂੰ ਪਿਛਲੀਆਂ ਯਾਦਾਂ ਆ ਘੇਰਦੀਆਂ।

ਡੀ ਏ ਵੀ ਹਾਈ ਸਕੂਲ ਵਿੱਚ ਪੜ੍ਹਦਿਆਂ ਉਹਦੇ ਪਿਤਾ ਸਮਸ਼ੇਰ ਸਿੰਘ ਦੇ ਦੋਸਤ ਜਗੀਰ ਸਿੰਘ ਦੀ ਲੜਕੀ ਲੀਨਾ ਵੀ ਉਹਦੇ ਨਾਲ ਹੀ ਪੜ੍ਹਦੀ ਸੀ। ਦੋਹਾਂ ਘਰਾਂ ਵਿੱਚ ਆਉਣ ਜਾਣ ਵੀ ਬਹੁਤ ਸੀ। ਜੇ ਇਧਰ ਦਿਨੇਸ਼ ਆਪਣੇ ਬਾਪ ਦਾ ਇੱਕੋ ਇੱਕ ਚਿਰਾਗ ਸੀ, ਤਾਂ ਉਧਰ ਲੀਨਾ ਆਪਣੇ ਪਿਤਾ ਦੇ ਘਰ ਨੂੰ ਰੌਸ਼ਨ ਕਰਨ ਵਾਲੀ ਇੱਕੋ ਇੱਕ ਸ਼ਮ੍ਹਾਂ। ਮਾਂ ਦਾ ਪਿਆਰ ਨਾ ਦਿਨੇਸ਼ ਨੂੰ ਮਿਲਿਆ ਸੀ ਤੇ ਨਾ ਹੀ ਲੀਨਾ ਨੂੰ। ਉਨ੍ਹਾਂ ਦੇ ਬਾਪ ਹੀ ਉਨ੍ਹਾਂ ਲਈ ਸਭ ਕੁਝ ਸਨ।

ਬਚਪਨ ਤੋਂ ਲੈ ਕੇ ਹੁਣ ਤੱਕ ਲੀਨਾ ਉਹਦੇ ਨਾਲ ਨਾਲ ਹੀ ਪੜ੍ਹਦੀ ਰਹੀ ਸੀ। ਘਰ ਘਰ ਤੇ ਗੁੱਡੀਆਂ ਪਟੋਲੇ, ਅੱਡੀ ਟੱਪਾ ਤੇ ਲੁਕਣ ਮੀਚੀ ਦੀਆਂ ਖੇਡਾਂ 'ਚ ਉਹ ਦੋਵੇਂ ਸ਼ਰੀਕ ਰਹੇ ਸਨ। ਲੜਾਈ ਝਗੜਾ ਤੇ ਮਾਰ ਕੁਟਾਈ। ਜੇ ਇੱਕ ਪਲ ਉਹ ਦੋਵੇਂ ਲੜਦੇ ਹੁੰਦੇ ਤਾਂ ਅਗਲੇ ਹੀ ਪਲ ਉਹ ਰੇਤ ਦੇ ਮਹਿਲ ਉਸਾਰਦੇ ਹੁੰਦੇ। ਲੀਨਾ ਕੋਲੋਂ ਜੋ ਕਦੇ ਆਪਣੇ ਆਪ ਕੁਛ ਨਾ ਬਣਦਾ ਤਾਂ ਉਹ ਦਿਨੇਸ਼ ਦਾ ਬਣਿਆ ਬਣਾਇਆ ਘਰ ਅੱਡੀ ਮਾਰ ਕੇ ਢਾਹ ਦਿੰਦੀ। ਦਿਨੇਸ਼ ਉਹਨੂੰ ਮਾਰਨ ਲਈ ਉਹਦੇ ਮਗਰ ਦੌੜਦਾ ਤਾਂ ਉਹ ਦੌੜ ਕੇ ਬਾਪ ਦੀ ਬੁੱਕਲ ਵਿੱਚ ਜਾ ਵੜਦੀ।

" ਕੀ ਹੋਇਆ ਦਿਨੇਸ਼ ਬੇਟਾ ? " ਉਹਦਾ ਬਾਪ ਪੁੱਛਦਾ।

" ਲੀਨਾ ਮੇਰਾ ਘਰ ਢਾਹ ਦਿੰਦੀ ਆ। " ਉਹ ਢਿੱਲੇ ਜਿਹੇ ਬੁੱਲ ਕਰਕੇ ਕਹਿੰਦਾ।

" ਰੇਤ ਦੇ ਮਹਿਲ ਹੁੰਦੇ ਈ ਢੈਣ ਵਾਲੇ ਆ। ਤੁਸੀਂ ਪੱਕੇ ਘਰ ਬਣਾਇਆ ਕਰੋ। ਲੀਨਾ ਤੇਰੇ ਨਾਲ ਬਣਾਇਆ ਕਰੇਗੀ। ਢਾਉਂਦੀ ਨਈਂ। ਕਿਉਂ ਲੀਨਾ ? " ਸ਼ਮਸ਼ੇਰ ਸਿੰਘ ਦੇ ਸ਼ਬਦਾਂ 'ਚ ਨਰਮੀ ਪਰ ਅੱਖਾਂ ਵਿੱਚ ਸਰਾਰਤ ਜਿਹੀ ਹੁੰਦੀ।

" ਹਾਂ ਅੰਕਲ , ਪੱਕੇ ਘਰ ਮੈਂ ਨਈਂ ਢਾਉਂਦੀ। ਕੱਚੇ ਤਾਂ ਆਪੇ ਈ ਢੈਅ ਜਾਂਦੇ ਆ। " ਲੀਨਾ ਪਟਾਕ ਦੇਣੀ ਜਵਾਬ ਦਿੰਦੀ।

" ਨਈਂ ਢਾਏਂਗੀ ਨਾ ? " ਦਿਨੇਸ਼ ਲੀਨਾ ਨੂੰ ਪੁੱਛਦਾ। ਜਿਵੇਂ ਉਹਨੂੰ ਡਰ ਹੋਵੇ ਕਿ ਉਹ ਝੂਠ ਬੋਲ ਰਹੀ ਹੈ।

" ਨਈਂ ਢਾਉਂਦੀ ਯਾਰ! ਚੱਲ ਫਿਰ ਬਣਾਈਏ। " ਉਹ ਦੋਵੇਂ ਫਿਰ ਘਰ ਘਰ ਖੇਡਣ ਚਲੇ ਜਾਂਦੇ ਤਾਂ ਸ਼ਮਸ਼ੇਰ ਸਿੰਘ ਤੇ ਜਗੀਰ ਸਿੰਘ ਦਾ ਸਾਂਝਾ ਹਾਸਾ ਹਵਾ 'ਚ ਉਡਾਰੀਆਂ ਭਰ ਜਾਂਦਾ।

" ਕਿਸ ਤਰ੍ਹਾਂ ਦੀ ਰਹੇਗੀ ਇਹ ਜੋੜੀ ? " ਸ਼ਮਸ਼ੇਰ ਸਿੰਘ ਉਹਨੂੰ ਪੁੱਛਦਾ।

" ਬਹੁਤ ਖੂਬ ਰਹੇਗੀ। ਜ਼ਰਾ ਤਕੜੇ ਤਾਂ ਹੋਣ ਦੇ, ਮਜ਼ਾ ਆ ਜਾਏਗਾ ਜਿੰਦਗੀ ਦਾ। ਤੂੰ ਵੀ ਕੀ ਯਾਦ ਕਰੇਂਗਾ ਯਾਰ ਦੀ ਯਾਰੀ ਨੂੰ । " ਜਗੀਰ ਸਿੰਘ ਕਹਿੰਦਾ।

" ਵਾਅਦਾ । ਦੇਖੀਂ ਮੁਕਰੀਂ ਨਾ। " ਸ਼ਮਸ਼ੇਰ ਸਿੰਘ ਆਪਣਾ ਹੱਥ ਜਗੀਰ ਸਿੰਘ

ਦੇ ਹੱਥ ਵੱਲ ਵਧਾ ਦਿੰਦਾ ਤਾਂ ਉਹ ਉਹਦਾ ਹੱਥ ਆਪਣੇ ਹੱਥਾਂ ਵਿੱਚ ਘੁੱਟ ਲੈਂਦਾ। ਤੇ ਉਹ ਕਾਲਜ ਪਹੁੰਚ ਗਏ। ਬਚਪਨ ਕੂੰਜਾਂ ਦੀ ਡਾਰ ਨਾਲੋਂ ਵਿੱਛੜੀ ਕੂੰਜ ਦੀ ਤਰ੍ਹਾਂ ਪਿੱਛੇ ਰਹਿ ਗਿਆ ਸੀ। ਵਕਤ ਦੀ ਰਫ਼ਤਾਰ ਦੇ ਨਾਲ ਨਾਲ ਉਨ੍ਹਾਂ ਦੇ ਸਰੀਰਾਂ 'ਚ ਵੀ ਫਰਕ ਆ ਗਿਆ ਸੀ।

ਲੀਨਾ ਦੇ ਗੋਲ ਗੋਲ ਗੋਰੇ ਚਿਹਰੇ 'ਤੇ ਮੋਟੀਆਂ ਮੋਟੀਆਂ ਅੱਖਾਂ ਮਸਤੀ ਭਰੇ ਜਾਮ ਦੀ ਤਰਾਂ ਛਲਕਦੀਆਂ। ਉਹਦੀ ਧੌਣ ਸੁਰਾਹੀ ਦੀ ਤਰ੍ਹਾਂ ਲੱਗਦੀ। ਸਿਰ ਦੇ ਕਾਲੇ ਕਾਲੇ ਵਾਲ ਸਾਵਨ ਦੇ ਬੱਦਲਾਂ ਦੀ ਤਰ੍ਹਾਂ ਉਹਦੇ ਚਿਹਰੇ 'ਤੇ ਛਾਏ ਰਹਿੰਦੇ। ਬਰੀਕ ਗੁਲਾਬੀ ਬੁੱਲ। ਜਦੋਂ ਹੱਸਦੀ ਤਾਂ ਗੱਲ੍ਹਾਂ ਵਿੱਚ ਟੋਏ ਜਿਹੇ ਪੈਂਦੇ। ਦੇਖਣ ਵਾਲੇ ਦਾ ਦਿਲ ਇਨ੍ਹਾਂ 'ਚ ਕੁੱਦ ਪੈਣ ਨੂੰ ਕਰਦਾ। ਉਹਦੀ ਛਾਤੀ ਉੱਤੇ ਉੱਠੇ ਉਭਾਰ ਕਿਸੇ ਜ਼ਾਲ 'ਚ ਫਸੇ ਬਟੇਰ ਜਿਹੇ ਲੱਗਦੇ। ਤੇ ਪਤਲਾ ਲੱਕ, ਖੁਦਾ ਕਸਮ । ਉਹਦਾ ਜਿਸਮ, ਜਿਵੇਂ ਕਿਸੇ ਸ਼ਿਲਪਕਾਰ ਨੇ ਸੰਗਮਰਮਰ ਦੀ ਮੂਰਤੀ ਬਣਾ ਕੇ ਹੁਣੇ ਹੁਣੇ ਖੜੀ ਕਰ ਦਿੱਤੀ ਹੋਵੇ।

ਤੇ ਉਧਰ ਦਿਨੇਸ਼। ਕਣਕ ਵੰਨਾ ਰੰਗ। ਭਖਦਾ ਚਿਹਰਾ। ਛੋਟੀਆਂ ਛੋਟੀਆਂ ਫੁੱਟਦੀਆਂ ਮੁੱਛਾਂ ਉਹਦੇ ਚਿਹਰੇ ਦਾ ਰੋਹਬ ਹੋਰ ਵਧਾ ਦਿੰਦੀਆਂ, ਜਦੋਂ ਉਹ ਚੌੜੀ ਹਿੱਕ ਤਾਣ ਕੇ ਤੁਰਦਾ। ਕਾਲਜ ਵੱਲੋਂ ਚੰਗੇ ਵਿਦਿਆਰਥੀ ਦਾ ਮਾਣ ਪੱਤਰ ਉਹਨੂੰ ਹਰ ਸਾਲ ਹੀ ਮਿਲ ਜਾਂਦਾ। ਕਿਉਂਕਿ ਪੜ੍ਹਾਈ ਦੇ ਨਾਲ ਨਾਲ ਉਸ ਨੇ ਖੇਡਾਂ ਵਿੱਚ ਵੀ ਕਾਲਜ ਦਾ ਨਾਂਅ ਉੱਚਾ ਕਰ ਦਿੱਤਾ ਸੀ।

ਪਿਆਰ ਤੇ ਮਹਿਕ ਛੁਪਾਇਆਂ ਨਹੀਂ ਛੁਪਦੇ । ਪਰ ਇੱਥੇ ਤਾਂ ਗੱਲ ਹੀ ਹੋਰ ਸੀ। ਬਚਪਨ ਤੋਂ ਹੁਣ ਤੱਕ ਉਹ ਇੱਕ ਦੂਜੇ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਦੇ ਆਏ ਸੀ। ਫਿਰ ਜਵਾਨੀ ਦੀ ਦਹਿਲੀਜ 'ਤੇ ਪੈਰ ਰੱਖਦਿਆਂ ਹੀ ਉਹ ਸੁਫਨਿਆਂ ਦੀ ਜਿੰਦਗੀ ਜੀਣ ਲੱਗੇ। ਉਨ੍ਹਾਂ ਦੇ ਦਿਲਾਂ ਵਿੱਚ ਪਹਿਲਾਂ ਵਾਲਾ ਅਪਣਾਪਨ ਹੁਣ ਇੱਕ ਦੂਜੇ ਨੂੰ ਕਿਸੇ ਹੋਰ ਹੀ ਨਿਗਾਹ ਨਾਲ ਦੇਖਣ ਲਈ ਮਜਬੂਰ ਕਰ ਰਿਹਾ ਸੀ। ਜਿਸ ਦੀ ਉਨ੍ਹਾਂ ਨੂੰ ਸਮਝ ਨਹੀਂ ਸੀ ਪੈ ਰਹੀ। ਦਿਨੇਸ਼ ਦੇ ਜਿਹਨ ਵਿੱਚ ਲੀਨਾ ਦੀ ਤਸਵੀਰ ਹਰ ਵੇਲੇ ਉੱਕਰੀ ਰਹਿੰਦੀ। ਜਦੋਂ ਵੀ ਕੋਈ ਕੰਮ ਕਰਨ ਲੱਗਦਾ ਲੀਨਾ ਦਾ ਨਾਂਅ ਪਹਿਲਾਂ ਗੁਣਗੁਣਾ ਲੈਂਦਾ। ਜਿਵੇਂ ਉਹ ਹੀ ਉਸ ਦਾ ਭਗਵਾਨ ਹੋਵੇ । ਇਹੀ ਉਹਦੀ ਭਗਤੀ ਸੀ। ਲੀਨਾ ਹੀ ਉਸਦਾ ਸਭ ਕੁਝ ਸੀ।

ਲੀਨਾ ਵੀ ਉਹਨੂੰ ਘੱਟ ਨਹੀਂ ਸੀ ਚਾਹੁੰਦੀ। ਜਦੋਂ ਵੀ ਉਹ ਉਹਦੇ ਘਰ ਜਾਂਦਾ, ਲੀਨਾ ਦਾ ਪੈਰ ਜ਼ਮੀਨ 'ਤੇ ਨਾ ਟਿਕਦਾ। ਆਪਣੇ ਆਪ 'ਚ ਉਹ ਫੁੱਲੀ ਨਾ ਸਮਾਉਂਦੀ। ਉਹਦਾ ਅੰਗ ਅੰਗ ਥਰਥਰਾ ਉੱਠਦਾ। ਉਹਦਾ ਚਿੱਤ ਕਰਦਾ ਕਿ ਉਹ ਦੌੜ ਕੇ ਦਿਨੇਸ਼ ਦੇ ਸੀਨੇ ਨਾਲ ਜਾ ਲੱਗੇ। ਤੇ ਉਹਦਾ ਕਲਾਵਾ ਭਰ ਕੇ ਆਪਣੀਆਂ ਬਾਹਾਂ ਵਿੱਚ ਘੁੱਟ ਕੇ ਪੂਰੇ ਜ਼ੋਰ ਨਾਲ ਨਪੀੜ ਸੁੱਟੇ। ਜਵਾਨ ਦਿਲ । ਆਖਿਰ ਉਹਦੇ ਵੀ ਕੁਝ ਅਰਮਾਨ ਸਨ। ਉਮੰਗਾਂ ਸਨ। ਤਰੰਗਾਂ ਸਨ। ਜਿਵੇਂ ਪਾਣੀ 'ਚ ਸੁੱਟੇ ਪੱਥਰ ਨਾਲ ਲਹਿਰਾਂ ਦਾ ਇੱਕ ਚੱਕਰ ਜਿਹਾ ਬਣਕੇ ਚਾਰੇ ਪਾਸੇ ਛਾ ਜਾਂਦੈ, ਦਿਨੇਸ਼ ਦੇ ਆਉਣ ਨਾਲ ਉਹਦੇ ਜਿਸਮ 'ਚ ਵੀ ਇੱਕ ਹਲਚਲ ਜਿਹੀ ਮਚ ਜਾਂਦੀ।

ਦਿਨ ਲੰਘਦੇ ਗਏ। ਦਿਨੇਸ਼ ਤੇ ਲੀਨਾ ਦਾ ਪਿਆਰ ਇੱਕ ਬੁਝਾਰਤ ਜਿਹੀ ਸੀ, ਜਿਸ ਨੂੰ ਉਹ ਅਜੇ ਤੱਕ ਸਮਝ ਨਹੀਂ ਸਕੇ ਸਨ। ਚਾਹੇ ਉਹ ਆਪਣੇ ਆਪ 'ਚ ਇੱਕ ਦੂਜੇ ਨੂੰ ਕਿੰਨਾਂ ਵੀ ਚਾਹੁੰਦੇ ਸਨ, ਪਰ ਮੂੰਹੋਂ ਇੱਕ ਵਾਰ ਵੀ ਇਹ ਨਹੀਂ ਕਹਿ ਸਕੇ ਸਨ ਕਿ ਲੀਨਾ ਮੈਂ ਤੈਨੂੰ ਪਿਆਰ ਕਰਦਾ ਹਾਂ ਜਾਂ ਦਿਨੇਸ਼ ਮੈਂ ਤੈਨੂੰ ਬਹੁਤ ਚਾਹੁੰਦੀ ਹਾਂ। ਬਸ ਇਹ ਸ਼ਬਦ ਜਿਵੇਂ ਉਨ੍ਹਾਂ ਦੇ ਬੁੱਲਾਂ 'ਤੇ ਆ ਕੇ ਜੰਮ ਜਾਂਦੇ।

ਕਬਾਬ 'ਚ ਹੱਡੀ। ਜਾਂ ਸਮਝੋ ਮਾਸੂਮ ਮੁਹੱਬਤ ਦੀ ਸ਼ਮ੍ਹਾਂ ਲਈ ਅਣਚਾਹਿਆ ਹਵਾ ਦਾ ਤੇਜ਼ ਬੁੱਲਾ, ਜੋ ਉਸ ਨੂੰ ਇੱਕੋ ਝਟਕੇ ਨਾਲ ਬੁਝਾ ਦੇਵੇ ਤੇ ਫਿਰ ਹਨੇਰਾ ਹੀ ਹਨੇਰਾ। ਦੂਰ ਦੂਰ ਤੱਕ ਕੋਈ ਚਾਨਣ ਦੀ ਕਿਰਨ ਦਿਖਾਈ ਨਾ ਦੇਵੇ।

ਕੁਛ ਇਸ ਤਰ੍ਹਾਂ ਹੀ ਪ੍ਰਤਾਪ ਇਨ੍ਹੀਂ ਦਿਨੀਂ ਦਿਨੇਸ਼ ਦੀ ਮੁਹੱਬਤ ਦਾ ਕਾਤਲ ਬਣ ਕੇ ਉਨ੍ਹਾਂ ਦੀ ਜਿੰਦਗੀ ਵਿੱਚ ਆ ਗਿਆ। ਲੀਨਾ ਦੇ ਘਰ ਉਹਦਾ ਆਉਣ ਜਾਣ ਬਹੁਤ ਵਧ ਗਿਆ। ਉਹ ਵੀ ਇਨ੍ਹਾਂ ਦੇ ਨਾਲ ਹੀ ਏਸੇ ਕਾਲਜ ਵਿੱਚ ਪੜ੍ਹਦਾ ਸੀ। ਸਾਰਾ ਕਾਲਜ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਫਿਰ ਦਿਨੇਸ਼ ਭਲਾ ਕਿਉਂ ਨਾ ਜਾਣਦਾ। ਪ੍ਰਤਾਪ ਉਸ ਭੌਰੇ ਦੀ ਤਰ੍ਹਾਂ ਸੀ ਜਿਸਨੂੰ ਜਿਧਰੋਂ ਵੀ ਕਿਸੇ ਫੁੱਲ ਦੀ ਮਹਿਕ ਆਉਂਦੀ,ਉਹ ਉਸੇ ਪਾਸੇ ਤੁਰ ਪੈਂਦਾ ਹੈ। ਕਾਲਜ ਦਾ ਛਟਿਆ ਹੋਇਆ ਗੁੰਡਾ ਸੀ ਉਹ। ਕਈ ਕੋਮਲ, ਗੰਦਲ ਵਰਗੀਆਂ ਲਗਰਾਂ ਨੂੰ ਉਹ ਵਹਿਸ਼ੀ ਹੱਥਾਂ ਨਾਲ ਮਸਲ ਚੁੱਕਾ ਸੀ। ਪਹਿਲਾਂ ਤਾਂ ਉਹ ਸਿੱਧਾ ਹੀ ਹੱਥ ਪਾਉਣ ਦੀ ਕੋਸ਼ਿਸ਼ ਕਰਦਾ। ਪਰ ਜੇ ਕੋਈ ਮਾਂ ਦੀ ਧੀ ਉਹਨੂੰ ਦੋ ਥੱਪੜ ਜੜ ਦਿੰਦੀ ਤਾਂ ਉਹ ਉਹਨੂੰ ਕਿਸੇ ਦੂਸਰੇ ਢੰਗ ਨਾਲ ਕਾਬੂ ਕਰਨ ਦੀ ਕੋਸ਼ਿਸ਼ ਕਰਦਾ।

ਤੇਜ, ਹੁਸ਼ਿਆਰ ਤੇ ਚਲਾਕ ਸ਼ਿਕਾਰੀ ਦੀ ਤਰ੍ਹਾਂ ਉਹ ਚੋਗਾ ਪਾਉਂਦਾ। ਤੇ ਅਗਲਾ ਅਣਜਾਣਪੁਣੇ 'ਚ ਉਹਦੇ ਜ਼ਾਲ 'ਚ ਇਸ ਤਰ੍ਹਾਂ ਫਸਦਾ ਕਿ ਮੁੜ ਕੇ ਨਿਕਲਣ ਦੀ ਕੋਸ਼ਿਸ ਕਰਨ ਦੇ ਬਾਵਜੂਦ ਵੀ ਨਿਕਲ ਨਾ ਸਕਦਾ।

ਲੀਨਾ ਨਾਲ ਵੀ ਕੁਛ ਇਸ ਤਰ੍ਹਾਂ ਹੀ ਹੋਇਆ। ਆਪ ਹੀ ਭੇਜੇ ਆਪਣੇ ਹੀ ਗੁੰਡਿਆਂ ਕੋਲੋਂ ਲੀਨਾ ਦੀ ਇੱਜਤ ਬਚਾ ਕੇ ਉਹ ਉਸ ਲਈ ਦੇਵਤਾ ਬਣ ਬੈਠਾ। ਦਿਨੇਸ਼ ਨੂੰ ਉਹਦੀ ਪੂਰੀ ਚਾਲ ਦਾ ਪਤਾ ਲੱਗ ਚੁੱਕਾ ਸੀ। ਉਸ ਨੇ ਲੀਨਾ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਉਹਦੀ ਕੋਈ ਵਾਹ ਪੇਸ਼ ਨਾ ਚੱਲੀ। ਕਿਸ ਤਰ੍ਹਾਂ ਪ੍ਰਤਾਪ ਸਫ਼ਲ ਹੋ ਗਿਆ ਸੀ ਆਪਣੇ ਮਕਸਦ ਵਿੱਚ। ਲੀਨਾ ਨੂੰ ਕਿੰਨਾ ਵਿਸ਼ਵਾਸ਼ ਹੋ ਗਿਆ ਸੀ ਉਸ ਉੱਤੇ। ਲੀਨਾ ਲਈ ਤਾਂ ਉਹ ਫਰਿਸਤਾ ਸੀ ਫਰਿਸਤਾ।

ਹੁਣ ਪ੍ਰਤਾਪ ਉਸ ਸਮੇਂ ਵੀ ਲੀਨਾ ਦੇ ਘਰ ਜਾ ਆਉਂਦਾ, ਜਦੋਂ ਲੀਨਾ ਤੋਂ ਸਿਵਾਏ ਘਰ ਵਿੱਚ ਹੋਰ ਕੋਈ ਨਾ ਹੁੰਦਾ। ਘੰਟਿਆਂ ਬੱਧੀ ਉਹ ਲੀਨਾ ਕੋਲ ਬੈਠਾ ਰਹਿੰਦਾ। ਦਿਨੇਸ਼ ਦਾ ਜੀਅ ਕਰਦਾ ਕਿ ਉਹ ਇਸ ਬਾਰੇ ਲੀਨਾ ਨਾਲ ਗੱਲ ਕਰੇ ਜਾਂ ਪੁੱਛੇ। ਪਰ ਉਹ ਪੁੱਛਦਾ ਵੀ ਤਾਂ ਕੀ ਪੁੱਛਦਾ ਜਾਂ ਫਿਰ ਕਿਸ ਤਰ੍ਹਾਂ ਪੁੱਛਦਾ। ਉਹ ਚੁੱਪ ਰਿਹਾ। ਪਰ ਉਹਨੂੰ ਪ੍ਰਤਾਪ ਦਾ ਲੀਨਾ ਦੇ ਘਰ ਜ਼ਿਆਦਾ ਆਉਣਾ ਜਾਣਾ ਚੰਗਾ ਨਾ ਲੱਗਦਾ।

ਆਖਿਰ ਵਿੱਚ ਜਦੋਂ ਉਸ ਕੋਲੋਂ ਇਹ ਸਭ ਕੁਝ ਜਿਆਦਾ ਸਹਿਣ ਨਾ ਹੋਇਆ ਤਾਂ ਦਿਨੇਸ਼ ਜਿਵੇਂ ਪਾਗਲ ਹੋ ਗਿਆ। ਉਹਨੂੰ ਲੱਗਾ ਜਿਵੇਂ ਉਸ ਕੋਲੋਂ ਉਸਦਾ ਸਭ ਕੁਛ

ਖੋਹਿਆ ਜਾ ਰਿਹਾ ਹੈ। ਉਹਦੀਆਂ ਅੱਖਾਂ ਸਾਹਮਣੇ ਕੋਈ ਉਹਦੇ ਘਰ ਨੂੰ ਅੱਗ ਲਾ ਰਿਹਾ ਹੋਵੇ ਤੇ ਉਹ ਬੇਬਸ ਖੜ੍ਹਾ ਦੇਖ ਰਿਹਾ ਹੋਵੇ। ਬਚਪਨ ਦੀਆਂ ਗੱਲਾਂ ਉਹਦੇ ਦਿਲ 'ਚ ਉਬਾਲਾ ਜਿਹਾ ਖਾਂਦੀਆਂ।

" ਲੀਨਾ ਮੇਰਾ ਘਰ ਢਾਹ ਦਿੰਦੀ ਆ। "

" ਰੇਤ ਦੇ ਮਹਿਲ ਹੁੰਦੇ ਈ ਢੈਣ ਵਾਲੇ ਆ। ਤੁਸੀਂ ਪੱਕੇ ਘਰ ਬਣਾਇਆ ਕਰੋ। ਲੀਨਾ ਤੇਰੇ ਨਾਲ ਬਣਾਇਆ ਕਰੇਗੀ। ਢਾਉਂਦੀ ਨਈ੍ਹੀਂ। ਕਿਉਂ ਲੀਨਾ ? "

" ਹਾਂ ਅੰਕਲ , ਪੱਕੇ ਘਰ ਮੈਂ ਨਈ੍ਹੀਂ ਢਾਉਂਦੀ। ਕੱਚੇ ਤਾਂ ਆਪੇ ਈ ਢੈਅ ਜਾਂਦੇ ਆ। "

ਤਾਂ ਕੀ ਮੈਂ ਹੁਣ ਤੱਕ ਰੇਤ ਦੇ ਮਹਿਲ ਹੀ ਉਸਾਰਦਾ ਰਿਹਾਂ। ਉਹ ਸੋਚਦਾ। ਜਦ ਉਹ ਏਨੇ ਚਿਰ ਵਿੱਚ ਪੱਕਾ ਘਰ ਨਹੀਂ ਬਣਾ ਸਕਿਆ ਤਾਂ ਕੀ ਹੁਣ ਬਣਾ ਸਕੇਗਾ। ਨਹੀਂ ਕਦੇ ਨਹੀਂ। ਉਹ ਆਪਣੇ ਆਪ ਹੀ ਛਿੱਥਾ ਜਿਹਾ ਪੈ ਜਾਂਦਾ। ਉਹਨੂੰ ਕੋਈ ਜਵਾਬ ਨਾ ਅਹੁੜਦਾ ਕਿ ਉਹ ਕੀ ਕਰੇ।

ਇੱਕ ਦਿਨ ਤਾਂ ਉਸ ਨੇ ਬਿਜਲੀ ਦੀਆਂ ਨੰਗੀਆਂ ਤਾਰਾਂ ਨੂੰ ਹੱਥ ਪਾ ਲਿਆ। 'ਬਿਨ ਮਾਂਗੇ ਮੋਤੀ ਮਿਲੇ ਮਾਂਗੇ ਮਿਲੇ ਨਾ ਭੀਖ' । ਉਹਦੀ ਮਾੜੀ ਕਿਸਮਤ ਨੂੰ ਬਿਜਲੀ ਉਸ ਸਮੇਂ ਹੈ ਹੀ ਨਹੀਂ ਸੀ। ਮੌਤ ਵੱਲੋਂ ਵੀ ਉਹਨੂੰ ਖਾਲੀ ਹੱਥ ਮੁੜਨਾ ਪਿਆ।

ਦਿਨੇਸ਼ ਹੁਣ ਜਦੋਂ ਵੀ ਲੀਨਾ ਦੇ ਘਰ ਜਾਂਦਾ ਤਾਂ ਪ੍ਰਤਾਪ ਉਸਨੂੰ ਪਹਿਲਾਂ ਹੀ ਉੱਥੇ ਬੈਠਾ ਮਿਲਦਾ। ਉਹਨੂੰ ਲੱਗਦਾ ਜਿਵੇਂ ਉਹਦਾ ਦਿਲ ਕਿਸੇ ਨੇ ਮੁੱਠੀ ਵਿੱਚ ਭਰ ਕੇ ਘੁੱਟ ਦਿੱਤਾ ਹੋਵੇ। ਇੱਕ ਜਲਣ ਜਿਹੀ ਉਹਦੇ ਜਿਹਨ ਵਿੱਚ ਉੱਭਰ ਆਉਂਦੀ। ਤੇ ਉਹਦਾ ਚਿੱਤ ਕਰਦਾ ਕਿ ਉਹ ਪ੍ਰਤਾਪ ਦੇ ਸਿਰ ਵਿੱਚ ਕੁਝ ਮਾਰ ਦਏ। ਪਰ ਅਫ਼ਸੋਸ ਉਹ ਅਜਿਹਾ ਕੁਛ ਨਾ ਕਰ ਸਕਦਾ।

ਲੀਨਾ ਉੱਪਰ ਉਹ ਕੋਈ ਗਿਲਾ ਸਿਕਵਾ ਨਾ ਕਰ ਸਕਦਾ। ਕਿਉਂਕਿ ਉਹ ਉਸ ਨਾਲ ਪਹਿਲਾਂ ਦੀ ਤਰ੍ਹਾਂ ਮਿਲਦੀ,ਬੋਲਦੀ। ਹੱਸ ਹੱਸ ਗੱਲਾਂ ਕਰਦੀ। ਪਿਆਰ ਦੀਆਂ ਗੱਲਾਂ। ਮਿੱਠੀਆਂ ਮਿੱਠੀਆਂ ਗੱਲਾਂ। ਪਰ ਕਈ ਵਾਰੀ ਦਿਨੇਸ਼ ਨੂੰ ਲੱਗਦਾ ਜਿਵੇਂ ਉਹ ਉਹਨੂੰ ਮਖੌਲ ਕਰ ਰਹੀ ਹੋਵੇ। ਉਹਦਾ ਮਜਾਕ ਉਡਾ ਰਹੀ ਹੋਵੇ। ਜਦੋਂ ਉਹ ਦਿਨੇਸ਼ ਦੇ ਸਾਹਮਣੇ ਹੀ ਪ੍ਰਤਾਪ ਨਾਲ ਕੁਝ ਅਜਿਹੀਆਂ ਹਰਕਤਾਂ ਕਰਦੀ ਜਿਹੜੀਆਂ ਦਿਨੇਸ਼ ਕੋਲੋਂ ਸਹਿਣ ਨਾ ਹੁੰਦੀਆਂ। ਉਹਨੂੰ ਲੱਗਦਾ ਜਿਵੇਂ ਪ੍ਰਤਾਪ ਵੀ ਉਸ ਨੂੰ ਚਿੜਾ ਰਿਹਾ ਹੋਵੇ। ਓਦੋਂ ਜੇ ਜਗੀਰ ਸਿੰਘ ਘਰ ਹੁੰਦਾ ਤਾਂ ਉਹ ਉਨ੍ਹਾਂ ਕੋਲੋਂ ਉੱਠ ਕੇ ਉਸ ਕੋਲ ਜਾ ਬਹਿੰਦਾ ਤੇ ਜਾਂ ਫਿਰ ਆਪਣੇ ਘਰ ਨੂੰ ਮੁੜ ਆਉਂਦਾ।

ਦਿਨੇਸ਼ ਮਨੋ ਮਨੀਂ ਹੌਲੀ ਹੌਲੀ ਅੰਦਰੇ ਅੰਦਰ ਖੁਰਦਾ ਰਿਹਾ। ਇਸ ਤਰ੍ਹਾਂ ਉਹ ਦਿਨ ਵਿੱਚ ਕਈ ਵਾਰੀ ਮਰਦਾ ਤੇ ਕਈ ਵਾਰੀ ਜੀਉਂਦਾ ਹੁੰਦਾ। ਜਦੋਂ ਦੇਖੋ ਲੀਨਾ ਦੀਆਂ ਗੱਲਾਂ। ਲੀਨਾ ਦੇ ਸੁਫ਼ਨੇ। ਤੇ ਫਿਰ ਉਸ ਨੇ ਪਲ ਪਲ ਦੀ ਮੌਤ ਮਰਨ ਨਾਲੋਂ ਇੱਕੋ ਵਾਰੀ ਹੀ ਮਰਨ ਬਾਰੇ ਸੋਚ ਲਿਆ। ਉਹ ਵੀ ਇੱਜਤ ਦੀ ਮੌਤ।

ਉਹ ਮਿਲਟਰੀ 'ਚ ਭਰਤੀ ਹੋ ਗਿਆ। ਉਸ ਨੇ ਸੋਚਿਆ ਇਸ ਤਰ੍ਹਾਂ ਇੱਕ ਤਾਂ ਉਹ ਲੀਨਾ ਤੋਂ ਪਰ੍ਹੇ ਹੋ ਜਾਵੇਗਾ। ਦੂਸਰਾ ਉਹਦਾ ਮਨ ਦੂਸਰੇ ਪਾਸੇ ਪੈ ਜਾਵੇਗਾ। ਪਰ ਪਿਛਲ ਝਾਕ ਕਿਸੇ ਵੀ ਤਰ੍ਹਾਂ ਦੀ ਹੋਵੇ ਮਾੜੀ ਹੁੰਦੀ ਹੈ। ਦੂਰ ਰਹਿਕੇ ਵੀ ਉਹ ਆਪਣੇ ਜਿਹਨ 'ਚੋਂ ਲੀਨਾ ਦੀ ਸੂਰਤ ਨਾ ਮਿਟਾ ਸਕਿਆ। ਉਹਦਾ ਦਿਲ ਲੀਨਾ ਲੀਨਾ ਪੁਕਾਰਦਾ ਰਹਿੰਦਾ। ਸੋਚਦਾ ਰਹਿੰਦਾ। ਕਈ ਵਾਰ ਤਾਂ ਏਨਾ ਬੇਕਾਬੂ ਹੋ ਜਾਂਦਾ ਕਿ ਉਹ ਚਾਹੁੰਦਾ ਕਿ ਉਸ ਦੇ ਪਰ੍ਹ ਲੱਗ ਜਾਣ ਤਾਂ ਉਹ ਉੱਡ ਕੇ ਲੀਨਾ ਕੋਲ ਪਹੁੰਚ ਜਾਵੇ। ਪਰ ਅਗਲੇ ਹੀ ਪਲ ਉਹ ਸੋਚਦਾ, 'ਕੀ ਪਤਾ ਉਹ ਮੈਨੂੰ ਚਾਹੁੰਦੀ ਵੀ ਹੈ ਕਿ ਨਹੀਂ'।

ਸਮਾਂ ਆਪਣਾ ਪੈਂਡਾ ਖਤਮ ਕਰਦਾ ਰਿਹਾ। ਲੀਨਾ ਦਾ ਜੋ ਚਿੱਠੀ ਪੱਤਰ ਉਸ ਨੂੰ ਕਦੇ ਕਦਾਈਂ ਆਉਂਦਾ ਸੀ, ਹੌਲੀ ਹੌਲੀ ਉਹ ਵੀ ਬੰਦ ਹੋ ਗਿਆ। ਉਹ ਆਪਣੀ ਵੱਲੋਂ ਲੀਨਾ ਨੂੰ ਖ਼ਤ ਲਿਖਦਾ ਰਿਹਾ, ਪਰ ਇਨ੍ਹਾਂ ਦਾ ਉਹਨੂੰ ਕੋਈ ਜਵਾਬ ਨਾ ਆਇਆ। ਪਤਾ ਨਹੀਂ ਪ੍ਰਤਾਪ ਦਾ ਕੀ ਜਾਦੂ ਲੀਨਾ 'ਤੇ ਚੱਲ ਗਿਆ ਸੀ। ਤੇ ਨਾਲ ਹੀ ਉਸ ਦੇ ਬਾਪ ਜਗੀਰ ਸਿੰਘ ਉੱਤੇ ਵੀ। ਹੁਣ ਉਸ ਨੇ ਵੀ ਕਦੇ ਦਿਨੇਸ਼ ਦੀ ਖ਼ਬਰ ਸਾਰ ਨਹੀਂ ਸੀ ਪੁੱਛੀ। ਸ਼ਮਸ਼ੇਰ ਸਿੰਘ ਦਾ ਜੇ ਖ਼ਤ ਆਉਂਦਾ, ਉਹਦੇ ਵਿੱਚ ਲੀਨਾ ਜਾਂ ਉਹਦੇ ਪਰੀਵਾਰ ਦਾ ਕੋਈ ਜ਼ਿਕਰ ਨਾ ਹੁੰਦਾ। ਆਮ ਰਾਜੀ ਖੁਸ਼ੀ ਦੇ ਹੀ ਦੋ ਚਾਰ ਅੱਖਰ ਉਹਦੇ ਪੱਲੇ ਪੈਂਦੇ। ਤੇ ਇੱਕ ਦਿਨ ਉਹਨੂੰ ਖ਼ਬਰ ਮਿਲੀ ਕਿ ਲੀਨਾ ਤੇ ਪ੍ਰਤਾਪ ਦੀ ਸ਼ਾਦੀ ਹੋ ਗਈ ਹੈ। ਉਹਦਾ ਦਿਲ ਟੁੱਟ ਗਿਆ। ਸਾਰੀ ਦੁਨੀਆਂ ਉਹਨੂੰ ਖਾਲੀ ਖਾਲੀ ਨਜ਼ਰ ਆਉਣ ਲੱਗੀ। ਉਹ ਆਪਣੀ ਡਿਊਟੀ ਤੋਂ ਵੀ ਲਾਪਰਵਾਹ ਜਿਹਾ ਹੋ ਗਿਆ। ਤੇ ਦਿਨੇਸ਼ ਉੱਥੇ ਵੀ ਨਾ ਰਹਿ ਸਕਿਆ।

ਮਿਲਟਰੀ ਦੀ ਨੌਕਰੀ ਤੇ ਇਸ਼ਕ ਦਾ ਗ਼ਮ। ਭਲਾ ਇਨ੍ਹਾਂ ਦਾ ਕੀ ਮੇਲ। ਅਗਲੇ ਕਹਿੰਦੇ ਖਾਓ ਪੀਓ ਰੱਜ ਕੇ ਕੰਮ ਕਰੋ ਭੱਜ ਕੇ। ਰਾਈਫ਼ਲ ਦੇ ਘੋੜੇ 'ਤੇ ਉਂਗਲ ਰੱਖ ਕੇ ਇਸ਼ਕ ਤਾਂ ਨਹੀਂ ਨਾ ਹੁੰਦੇ। ਡਾਕਟਰਾਂ ਦੀ ਰਿਪੋਰਟ ਅਨੁਸਾਰ ਮਾਨਸਿਕ ਤੌਰ ਤੇ ਉਹ ਫੌਜ ਦੀ ਨੌਕਰੀ ਦੇ ਕਾਬਿਲ ਨਾ ਰਿਹਾ। ਤੇ ਉਸ ਨੂੰ ਵਾਪਿਸ ਮੁੜਨਾ ਪਿਆ। ਮਿਲਟਰੀ ਦੀ ਨੌਕਰੀ ਵੀ ਉਸ ਨੂੰ ਰਾਸ ਨਾ ਆਈ।

ਗੱਲ ਕੀ ਮੁੰਡਾ ਗ਼ਮ ਨੇ ਖਾ ਲਿਆ। ਸਰੂ ਵਰਗੀ ਅੱਥਰੀ ਜਵਾਨੀ ਜਿਹੜੀ ਉਸ ਕੋਲੋਂ ਸਾਂਭੀ ਨਹੀਂ ਸੀ ਜਾਂਦੀ, ਹੁਣ ਕਾਨ੍ਹੇ ਵਰਗੀ ਬਣ ਕੇ ਰਹਿ ਗਈ ਸੀ। ਜਿਸ ਨੂੰ ਤੁਰਿਆ ਜਾਂਦਾ ਦੇਖ ਕੇ ਕਦੇ ਕੁੜੀਆਂ ਹੌਕਾ ਭਰ ਕੇ ਦਿਲ 'ਤੇ ਹੱਥ ਰੱਖ ਲੈਂਦੀਆਂ ਸਨ, ਹੁਣ ਉਹੀ ਕੁੜੀਆਂ ਉਹਨੂੰ ਦੇਖ ਕੇ 'ਹਾਏ ਨੀ ਕਿਸਮਤੇ' ਕਹਿ ਕੇ ਉਹਦੇ ਕੋਲ ਦੀ ਗੁਜਰ ਜਾਂਦੀਆਂ। ਇੰਜ ਲੱਗਦਾ ਜਿਵੇਂ ਗੰਨੇ ਦੀ ਪੋਰੀ ਵਾਂਗ ਕਿਸੇ ਨੇ ਉਸ ਦਾ ਸਾਰਾ ਖੂਨ ਹੀ ਚੂਸ ਲਿਆ ਹੋਵੇ ਤੇ ਫ਼ੋਕ ਪਰ੍ਹੇ ਵਗਾਹ ਮਾਰਿਆ ਹੋਵੇ। ਹੱਡੀਆਂ ਦਾ ਪਿੰਜਰ ਉਹ ਹੁਣ ਹਵਾ ਦੇ ਹਲਕੇ ਜਿਹੇ ਬੁੱਲੇ ਨਾਲ ਹੀ ਉੱਡ ਉੱਡ ਜਾਂਦਾ। ਬੁਝੀਆਂ ਬੁਝੀਆਂ ਅੱਖਾਂ ਦੁਆਲੇ ਕਾਲੇ ਸ਼ਿਆਹ ਧੱਬੇ ਜਿਹੇ ਪੈ ਗਏ ਸਨ। ਬੇ ਵਜਹ ਵਧੀ ਖੁੱਲੀ ਦਾੜੀ ਦੇ ਬਿਨ ਸਾਂਭੇ ਵਾਲ ਖੱਬਲ ਘਾਹ ਦੀਆਂ ਜੜ੍ਹਾਂ ਵਾਂਗ ਲੱਗਦੇ।

ਮਿਲਟਰੀ ਦਾ ਇੱਕ ਅਫ਼ਸਰ ਉਹਦੀ ਕਹਾਣੀ ਸੁਣ ਕੇ ਉਸ ਦਾ ਹਮਦਰਦ ਬਣ ਗਿਆ ਸੀ। ਜਦੋਂ ਫੌਜ 'ਚੋਂ ਉਹਨੂੰ ਜਵਾਬ ਮਿਲ ਗਿਆ ਤਾਂ ਉਸ ਨੇ ਕਹਿ ਸੁਣ ਕੇ ਦਿਨੇਸ਼ ਨੂੰ ਇੱਕ ਪਬਲਿਕ ਦਫਤਰ ਵਿੱਚ ਨੌਕਰ ਲਵਾ ਦਿੱਤਾ।ਹੁਣ ਸ਼ਾਦੀ ਬਾਰੇ ਉਹਦਾ ਕੋਈ ਖਿਆਲ ਨਹੀਂ ਸੀ। ਉਹਦੀ ਹਾਲਤ ਦੇਖ ਕੇ ਉਹਦਾ ਪਿਤਾ ਉਹਨੂੰ ਕੁਝ ਵੀ ਪੁੱਛਣ ਦਾ ਹੀਆ ਨਾ ਕਰਦਾ। ਹੁਣ ਉਹ ਦਫਤਰ ਦਾ ਕੰਮ ਭਾਵੇਂ ਜ਼ਰੂਰ ਠੀਕ ਠਾਕ ਕਰੀ ਜਾਂਦਾ ਸੀ ਪਰ ਇਹ ਪਿੱਪਲੀ ਤੇ ਪਿੱਪਲੀ ਦੇ ਪੱਤੇ ਉਹਦਾ ਖਹਿੜਾ ਛੱਡਦੇ ਨਹੀਂ ਦਿਸਦੇ।

-•♣•-



## ਕੀ ਕਰੇ ਰਾਧਾ

'ਕੀ ਉਸ ਨੂੰ  ਇਸ ਦਾ ਕਦੇ ਵੀ ਅਹਿਸਾਸ ਨ੍ਹੀਂ ਹੋਇਆ । ਕੀ ਉਹ ਇਸ ਦਾ ਮਤਲਬ ਹੀ ਨਈਂ ਸਮਝਦਾ ਤੇ ਜਾਂ ਫਿਰ ਉਹ ਜਾਣ ਬੁੱਝ ਕੇ ਹੀ ਚੁੱਪ ਕਰ ਰਹਿੰਦਾ ਹੈ। ਜੇ ਇਸ ਤਰ੍ਹਾਂ ਹੈ ਤਾਂ ਅਜਿਹੀ ਕਿਹੜੀ ਸ਼ਕਤੀ ਹੈ ਜਿਹੜੀ ਉਸ ਦੇ ਵਧਦੇ ਹੋਏ ਕਦਮਾਂ ਨੂੰ ਬੰਨ ਰੱਖਦੀ ਹੈ। ਉਹਦੀ ਜੁਬਾਨ 'ਚੋਂ ਨਿਕਲਣ ਵਾਲੇ ਹਰ ਸਬਦ ਨੂੰ ਬੁੱਲ ਕਿਉਂ ਬਾਹਰ ਕੱਢਣ ਤੋਂ ਝਿਜਕ ਜਾਂਦੇ ਹਨ । ਬਾਹਾਂ ਉਤਾਂਹ ਹੋਣ ਤੋਂ ਰਹਿ ਜਾਂਦੀਆਂ ਹਨ । ਅੱਖਾਂ ਅੱਡੀਆਂ ਹੀ ਰਹਿ ਜਾਂਦੀਆਂ ਹਨ । ਇਸ ਤੋਂ ਪਹਿਲਾਂ ਕਿ ਉਹ ਅੱਖ ਝਪਕੇ, ਉਹਦੇ ਹੱਥਾਂ ਦੀਆਂ ਹਥੇਲੀਆਂ ਅੱਖਾਂ ਉੱਤੇ ਆ ਟਿਕਦੀਆਂ ਹਨ ਤੇ ਉਹ ਕਿਸੇ ਨਾ ਕਿਸੇ ਬਹਾਨੇ ਅੰਦਰ ਜਾ ਵੜਦਾ ਹੈ ਤੇ ਜਾਂ ਫਿਰ ਬਾਹਰ ਖਿਸਕ ਜਾਂਦਾ ਹੈ। ਪਰ ਕਿਉਂ ? ਅੱਜ ਮੈਂ ਇਹ ਸਭ ਪੁੱਛ ਕੇ ਹੀ ਰਹਾਂਗੀ । ' ਰਾਧਾ ਮਨ ਹੀ ਮਨ ਵਿਚਾਰਾਂ ਕਰਦੀ।

ਸੋਚਦੀ ਸੋਚਦੀ ਉਹ ਫਿਰ ਕੂੜੇ ਵਾਲੀ ਰੇੜ੍ਹੀ ਵਿੱਚ ਕੂੜਾ ਪਾਉਣ ਲੱਗ ਪੈਂਦੀ। ਟੁੱਟੇ ਪੀਪੇ ਦਾ ਢੱਕਣ ਭਰ ਭਰ ਉਹ ਛੋਟੀ ਰੇੜ੍ਹੀ ਵਿੱਚ ਸੁੱਟੀ ਜਾਂਦੀ ਤੇ ਫਿਰ ਵੱਡੇ ਢੇਰ 'ਤੇ ਢੇਰੀ ਕਰ ਆਉਂਦੀ। ਉਹਦੇ ਨਾਲ ਦੀਆਂ ਦੂਜੀਆਂ ਔਰਤਾਂ ਵੀ ਆਪਣੇ ਕੰਮ ਵਿੱਚ ਡਟੀਆਂ ਹੋਈਆਂ ਸਨ । ਹੁਣ ਤੱਕ ਉਹਨੂੰ ਕਈਆਂ ਨੇ ਬੁਲਾਇਆ ਸੀ । ਕੁਝ ਕੁ ਦਾ ਜਵਾਬ ਉਹ ਦੇ ਚੁੱਕੀ ਸੀ, ਉਹ ਵੀ ਹੂੰ  ਹਾਂ ਵਿੱਚ ਹੀ। ਕਰੇ ਵੀ ਕੀ ? ਸੋਚਾਂ ਦੀ ਕੰਧ ਨੇ ਉਹਦੇ ਦਿਮਾਗ 'ਤੇ ਕਾਲੀ ਰਾਤ ਵਰਗਾ ਹਨੇਰਾ ਪਾਇਆ ਹੋਇਆ ਸੀ, ਜਿਸ ਵਿੱਚ ਉਸ ਨੂੰ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ । ਜਿਵੇਂ ਪੈਰ 'ਚ ਠੋਕਰ ਲੱਗਣ ਜਾਂ ਕਿਸੇ ਹੋਰ ਖੜਾਕ ਹੋਣ ਨਾਲ  ਬੰਦਾ ਤ੍ਰਬਕ ਉੱਠਦਾ ਹੈ ਜਾਂ ਕੁਝ ਗਲਤ ਹੋਣ ਦਾ ਅਹਿਸਾਸ ਹੋ ਜਾਂਦਾ ਹੈ, ਕੁਝ ਇਸੇ ਤਰ੍ਹਾਂ ਹੀ ਟੋਕਣ ਨਾਲ ਉਹਦੀ ਖਾਮੋਸ਼ੀ ਟੁੱਟ ਜਾਂਦੀ ਸੀ ।

" ਰਾਧਾ ਏ ਰਾਧਾ ।" ਉਹਦਾ ਕੰਮ ਮੁੱਕਿਆ ਦੇਖ ਕੇ ਕਰਤਾਰੋ ਅਵਾਜਾਂ ਮਾਰਨ ਲੱਗ ਪਈ, ਜੋ ਉਹਦੇ ਨਾਲ ਹੀ ਕੰਮ ਕਰਦੀ ਸੀ।

" ਬੜੀ ਬੇਮੁੱਖ ਹੋ ਗਈ ਏਂ , ਅਸੀਂ ਵੀ ਤਾਂ ਓਧਰ ਨੂੰ ਈ ਜਾਣੈ।"

" ਉਹ ਕਿਸੇ ਨਾਲ ਕੀ ਬੇਮੁੱਖ ਹੋਏਗਾ ਤਾਰੋ ਜਿਹਦੀ ਕਿਸਮਤ ਈ ਬੇਮੁੱਖ ਹੋ ਗਈ ਹੋਵੇ। ਤੈਨੂੰ ਤਾਂ ਪਤਾ ਈ ਐ ਕਿ ਕੀ ਹਾਲ ਹੁੰਦਾ ਏ ਮੇਰਾ, ਸੋਚਦੀ ਆਂ ਮਰ ਖਪ ਈ ਜਾਵਾਂ ਕਿਸੇ ਖੂਹ ਟੋਭੇ ਵਿਚ । "

" ਨਾ ਨੀ ਭੈਣੇ ! ਇਸ ਤਰ੍ਹਾਂ ਨਾ ਕਰੀਂ। ਤੇਰੇ ਛੋਟੇ ਛੋਟੇ ਬੱਚੇ ਯਤੀਮ ਹੋ ਜਾਣਗੇ, ਤੇਰੇ ਬਿਨਾਂ । ਸ਼ਾਮਾ ਕੰਮ ਕਰੂ ਕਿ ਇਨ੍ਹਾਂ ਨੂੰ ਸਾਂਭੂ । ਧਰਮੀ ਤਾਂ ਖਾ ਜਾਊ ਇਨ੍ਹਾਂ ਨੂੰ । " ਕਰਤਾਰੋ ਉਹਨੂੰ ਸਲਾਹ ਤੇ ਡਰ ਜਿਹੇ ਨਾਲ ਕਹਿਣ ਲੱਗੀ ।

" ਪਰ ਦੇਖ ਤਾਂ ਸਹੀ, ਕਿਸ ਤਰ੍ਹਾਂ ਮਾਰ ਮਾਰ ਕੇ ਬੁਰਾ ਹਾਲ ਕੀਤਾ ਈ ਮੇਰਾ, ਉਸ ਰਾਖ਼ਸ਼ ਨੇ । ਤੈਨੂੰ ਕੀ ਪਤਾ, ਹੱਡ ਹੱਡ ਦੁਖਦਾ ਮੇਰਾ । ਜੋ ਹੱਥ ਆ ਜਾਏ ਵਗਾਹ ਕੇ ਮਾਰਦੈ । ਦੇਖ ਤਾਂ ਜਗਹ ਜਗਹ 'ਤੇ ਨੀਲ ਪੈ ਗਏ ਨੇ । " ਰਾਧਾ ਕਰਤਾਰੋ ਨੂੰ ਆਪਣੇ ਜਿਸਮ 'ਤੇ ਲੱਗੀਆਂ ਸੱਟਾਂ ਦਿਖਾਉਣ ਲੱਗ ਪਈ ।

ਕੁਝ ਚਿਰ ਬਾਅਦ ਉਹ ਉੱਠਣ ਹੀ ਲੱਗੀ ਸੀ ਕਿ ਉਹਦੀ ਸੱਸ ਤੇ ਦਿਉਰ ਆ ਗਏ । " ਦੇਖ ਤਾਂ ਕਿਸ ਤਰ੍ਹਾਂ ਥੱਪੜਾ ਮਾਰ ਕੇ ਬੈਠੀ ਐ ਹਰਾਮਜ਼ਾਦੀ , ਘਰ ਜਾਣ ਦਾ ਚੇਤਾ ਨ੍ਹੀਂ ਤੈਨੂੰ । ਕੰਮ ਤੇਰੀ ਮਾਂ ਨੇ ਕਰਨੈ ਘਰ ਜਾ ਕੇ, ਕੰਜ਼ਰ ਦੀ ਜਾਤ ਨਾ ਹੋਵੇ ਤਾਂ। " ਉਹਦੇ ਦਿਉਰ ਨੇ ਆਉਂਦਿਆਂ ਹੀ ਉਹਦੀ ਲਾਹ ਪਾਹ ਕਰਨੀ ਸ਼ੁਰੂ ਕਰ ਦਿੱਤੀ ।

" ਹਾਂ ਹਾਂ ਜਦੋਂ ਦੀ ਆਈ ਆ, ਇਹਨੇ ਤਾਂ ਘਰ ਵੱਢ ਕੇ ਖਾ ਲਿਆ ਮੇਰਾ । ਸੋਨੇ ਵਰਗਾ ਮੇਰਾ ਪੁੱਤ ... ਪਤਾ ਨਈਂ ਕੀ ਕਰ ਦਿੱਤਾ ਉਹਨੂੰ ... ਰੱਖੀ ਹੋਈ ਸੀ ਸਾਡੇ ਲਈ ਸਾਂਭ ਕੇ । " ਉਹਦੀ ਸੱਸ ਨੇ ਕਿਹਾ ਸੀ ।

" ਪਰ ਮਾਂ ਜੀ .... ਮੈਂ ਤਾਂ ..... ਮੈਂ ਤਾਂ ਅਜੇ ਹੁਣੇ ਈ ਹਟੀ ਆਂ ਕੰਮ ਕਰਕੇ । " ਰਾਧਾ ਦੇ ਮੂੰਹ 'ਚੋਂ ਮਸਾਂ ਹੀ ਨਿਕਲਿਆ।

ਉਹਦੀ ਸੱਸ ਉਹਨੂੰ ਕਿਸੇ ਡੈਣ ਤੋਂ ਘੱਟ ਨਹੀਂ ਸੀ ਲੱਗਦੀ ਤੇ ਦਿਉਰ ਉਹਦਾ ਛਟਿਆ ਹੋਇਆ ਗੁੰਡਾ ਸੀ ।

" ਨੀਂ ਸਾਨੂੰ ਕੀ ਪਤਾ ਕਦੋਂ ਹਟੀ ਏਂ, ਕਦੋਂ ਬੈਠੀ ਏਂ । ਅਸੀਂ ਕੋਈ ਤੇਰੇ ਸਿਰ 'ਤੇ ਥੋੜ੍ਹੈ ਬੈਠੇ ਆਂ । ਜਾਹ ਜਾ ਕੇ ਸਾਂਭ, ਆਪਣੀਆਂ ਕੁਛ ਲਗਦੀਆਂ ਨੂੰ । ਫਿਰਦੀਆਂ ਹੋਣੀਆਂ ਗਲੀਆਂ 'ਚ ਧੱਕੇ ਖਾਂਦੀਆਂ। ਧਰਤੀ 'ਚੋਂ ਨਿਕਲੀਆਂ ਨਈਂ ਤੇ ਚਹੁੰਦੀਆਂ ਨੇ.........। "

ਤੀਰ ਦੀ ਤਰ੍ਹਾਂ ਲੱਗੇ ਆਖਰੀ ਬੋਲ ਉਹ ਪੱਥਰ ਦੀ ਸਿੱਲ ਵਾਂਗ ਜਰ ਗਈ । ਹਥਲੀ ਰੇੜ੍ਹੀ ਵਿੱਚ ਪੀਪੇ ਦਾ ਢੱਕਣ ਤੇ ਲੰਬਾ ਝਾੜੂ ਰੱਖ ਕੇ ਉਹ ਸਕੂਟਰਾਂ ਵਾਲਿਆਂ ਦੇ ਛਟਰ ਵੱਲ ਤੁਰ ਪਈ । ਉਹਦੇ ਪੈਰ ਜਿਵੇਂ ਜਮੀਨ 'ਚ ਥੱਲੇ ਹੀ ਥੱਲੇ ਧਸਦੇ ਜਾ ਰਹੇ ਸਨ।

ਹੁਣ ਉਹ ਆਪਣੇ ਘਰ ਵਾਲੇ ਰਾਹ ਤੁਰੀ ਜਾ ਰਹੀ ਸੀ। ਜਦੋਂ ਦੀ ਉਹ ਇਸ ਘਰ ਵਿੱਚ ਆਈ ਸੀ ਇੱਕ ਦਿਨ ਵੀ ਇਨ੍ਹਾਂ ਮਾਂ ਪੁੱਤਾਂ ਵੱਲੋਂ ਉਹਨੂੰ ਕੋਈ ਅੱਛੇ ਰਸੂਖ ਦੀ ਝਲਕ ਨਹੀਂ ਸੀ ਮਿਲੀ। ਜੋ ਵਿਆਹ ਦਾ ਗਹਿਣਾ ਗੱਟਾ ਸੀ ਸਭ ਵੇਚ ਕੇ ਖਾ ਲਿਆ ਸੀ। ਪਤੀ ਸਰੀਫ਼ ਸੀ ਤੇ ਦਿਆਲੂ ਵੀ, ਮਿਹਨਤੀ ਤੇ ਗਰੀਬ ਵੀ। ਕਦੇ ਵੀ ਪਤੀ ਦੇ ਚਿਹਰੇ 'ਤੇ ਉਸ ਨੇ ਗੁੱਸਾ ਗਿਲਾ ਜਾਂ ਸਿਕਵਾ ਨਹੀਂ ਸੀ ਦੇਖਿਆ । ਸਗੋਂ ਉਸ ਨੂੰ ਰਾਧਾ ਦੀ ਹਾਲਤ 'ਤੇ ਤਰਸ ਹੀ ਆਉਂਦਾ ।

" ਰਾਧਾ ! " ਰਾਧਾ ਨੂੰ ਘਰ ਪਹੁੰਚਿਆਂ ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ ਕਿ

ਇੱਕ ਜਾਣੀ ਪਛਾਣੀ ਅਵਾਜ਼ ਉਹਦੇ ਕੰਨੀਂ ਪਈ। ਹੰਝੂਆਂ ਨਾਲ ਭਿੱਜਾ ਚਿਹਰਾ ਉਤਾਂਹ ਉੱਠਿਆ। ਅੱਖਾਂ ਤੋਂ ਪਲਕਾਂ ਦਾ ਪਰਦਾ ਪਰ੍ਹੇ ਹਟ ਗਿਆ। ਅਗਲੇ ਹੀ ਪਲ ਰਾਧਾ ਸ਼ਾਮੇ ਦੀਆਂ ਬਾਹਾਂ ਵਿੱਚ ਸੀ। ਇੱਕ ਵਾਰ ਫਿਰ ਗਰਮ ਗਰਮ ਹੰਝੂਆਂ ਦੀਆਂ ਨਮਕੀਨ ਧਾਰਾਂ ਉਹਦੀਆਂ ਗੱਲ੍ਹਾਂ 'ਤੇ ਆ ਟਪਕੀਆਂ । ਉਹਦੇ ਲੰਬੇ ਵਾਲਾਂ ਦੇ ਜ਼ਾਲ ਨੇ ਉਸ ਦੇ ਚਿਹਰੇ ਨੂੰ ਪੂਰੀ ਤਰ੍ਹਾਂ ਢਕਿਆ ਹੋਇਆ ਸੀ ।

" ਤੁਸੀਂ ਇਸ ਵੇਲੇ ਕਿਉਂ ਆ ਗਏ ......... ਕਿਉਂ ਆ ਗਏ ......... ਮੈਨੂੰ ਦੱਸੋ ਕਿਉਂ ਆ ਗਏ ? " ਰਾਧਾ ਗੁੱਸੇ ਨਾਲ ਉਹਦੀ ਹਿੱਕ 'ਤੇ ਮੁੱਕੀਆਂ ਮਾਰ ਰਹੀ ਸੀ ।

" ਆਖਿਰ ਗੱਲ ਕੀ ਐ ? ਮੈਨੂੰ ਇਸ ਵੇਲੇ ਕਿਉਂ ਨਈ੍ਹੰ ਸੀ ਆਉਣਾ ਚਾਹ੍ਹੀਦਾ ? ਕੀ ਤੂੰ ........ ? " ਉਹ ਕਹਿੰਦਾ ਕਹਿੰਦਾ ਥਿੜਕ ਗਿਆ । ਉਹਦੀਆਂ ਅੱਖਾਂ ਅੱਗੇ ਗਲ ਵਿੱਚ ਪਏ ਫੰਦੇ 'ਚ ਫਸੀ ਛੱਤ ਨਾਲ ਲਟਕਦੀ ਰਾਧਾ ਦੀ ਲਾਸ਼ ਫਿਰਨ ਲੱਗ ਪਈ । ਉਹ ਕੰਬ ਗਿਆ । " ਨਈ੍ਹੰ .. . ਤੂੰ ਇਸ ਤਰ੍ਹਾਂ ਨਈ੍ਹੰ ਸੋਚ ਸਕਦੀ ....... ਰਾਧਾ ਤੂੰ ਮਰ ਨਹੀਂ ਸਕਦੀ । " ਉਹ ਅੰਦਰੋ ਅੰਦਰੀ ਚੀਖ ਉੱਠਿਆ । ਉਸ ਦੀਆਂ ਬਾਹਾਂ ਰਾਧਾ ਦੁਆਲੇ ਪੂਰੇ ਜ਼ੋਰ ਨਾਲ ਕੱਸੀਆਂ ਗਈਆਂ ਜਿਵੇਂ ਉਹ ਉਸ ਨੂੰ ਆਪਣੇ ਤੋਂ ਕਦੇ ਜੁਦਾ ਨਹੀਂ ਕਰੇਗਾ ।

" ਮੈਂ ਰੋਣਾ ਚਹੁੰਦੀ ਸੀ ਸ਼ਾਮ.. ਮੈਂ ਰੋਣਾ ਚਹੁੰਦੀ ਸੀ ....ਬਹੁਤ ਸਾਰਾ .... ਤਾਂ ਕਿ ਮੇਰਾ ਮਨ ਹਲਕਾ ਹੋ ਜਾਂਦੈ ...ਖਾਲੀ ਹੋ ਜਾਂਦੈ ... ਤਾਂ ਕਿ ਮੈਂ ਇਸ ਨੂੰ ਫਿਰ ਭਰ ਸਕਦੀ.... ਹੋਰ ਹੈ ਵੀ ਮੇਰੇ ਕੋਲ .... ਇਹੋ ਹੀ ਤਾਂ ਹੈ .... ਤੇਰੀ ਮਾਂ ਬਹੁਤ ਚੰਗੀ ਐ .. ਸ਼ਾਮ ਬਹੁਤ ਚੰਗੀ ਐ .... ਮੈਨੂੰ ਕਿੰਨਾਂ ਪਿਆਰ ਕਰਦੀ ਆ ਵਿਚਾਰੀ ...... ਛੋਟਾ ਦਿਉਰ ਵੀ ਕਿੰਨਾਂ ਚਹੁੰਦਾ ਏ ..... ਹਰ ਵੇਲੇ ਭਾਬੀ ਭਾਬੀ ਕਹਿੰਦਾ ਨਈਂ ਥੱਕਦੈ । " ਪਤਾ ਨਹੀਂ ਕਿੰਨਾ ਚਿਰ ਰਾਧਾ ਇਹ ਸਭ ਕੁਝ ਬੋਲਦੀ ਰਹੀ । ਸ਼ਾਮਾ ਉਹਨੂੰ ਬੁੱਕਲ ਵਿੱਚ ਘੁੱਟੀ ਬੇਜਾਨ ਜਿਹਾ ਬੈਠਾ ਰਿਹਾ। ਕਦੇ ਕਦੇ ਉਸ ਦਾ ਹੱਥ ਰਾਧਾ ਦੇ ਸਿਰ 'ਤੇ ਵੀ ਫਿਰ ਜਾਂਦਾ । ਰਾਧਾ ਜਦੋਂ ਸਾਂਤ ਹੋ ਗਈ ਤਾਂ ਸ਼ਾਮਾ ਅੱਜ ਫਿਰ ਬਿਨਾਂ ਕੁਛ ਬੋਲੇ ਘਰੋਂ ਬਾਹਰ ਚਲਾ ਗਿਆ ।

ਰਾਧਾ ਦਾ ਜਨਮ ਇੱਕ ਆਮ ਗਰੀਬ ਪਰਿਵਾਰ ਵਿੱਚ ਹੋਇਆ ਸੀ । ਉਹ ਦੋ ਭਰਾਵਾਂ ਦੀ ਛੋਟੀ ਤੇ ਇੱਕ ਭੈਣ ਦੀ ਵੱਡੀ ਭੈਣ ਸੀ । ਪਾਰਵਤੀ ਉਸ ਤੋਂ ਛੇ ਸੱਤ ਸਾਲ ਛੋਟੀ ਸੀ । ਜਾਣੀ ਪਾਰਵਤੀ ਦੇ ਜਨਮ ਤੋਂ ਪਹਿਲਾਂ ਉਹ ਸਭ ਦੀ ਲਾਡਲੀ ਸੀ। ਉਹਨੂੰ ਉਸਦੀ ਦਾਦੀ ਨੇ ਹੀ ਪਾਲਿਆ ਸੀ । ਮਾਂ ਉਹਦੀ ਨੂੰ ਤਾਂ ਘਰ ਦੇ ਕੰਮਾਂ ਕਾਰਾਂ ਤੋਂ ਹੀ ਵਿਹਲ ਨਾ ਮਿਲਦੀ। ਨਿੱਕੀ ਹੁੰਦੀ ਨੂੰ ਦਾਦੀ ਉਸ ਨੂੰ ਕੁੱਛੜ ਚੁੱਕੀ ਫਿਰਦੀ ਰਹੀ ਤੇ ਵੱਡੀ ਹੋਣ ਤੇ ਉਹ ਦਾਦੀ ਦੇ ਪਿੱਛੇ ਪਿੱਛੇ ਗੇੜੇ ਕੱਢਦੀ ਰਹੀ । ਮਾਂ ਉਹਦੀ ਨੇ ਤਾਂ ਕਿਤੇ ਦੁੱਧ ਦੇਣ ਵੇਲੇ ਹੀ ਉਸ ਨੂੰ ਗੋਦ ਵਿੱਚ ਲਿਆ ਹੋਣੈ। ਬਾਅਦ ਵਿੱਚ ਤਾਂ ਰਾਧਾ ਸੌਂਦੀ ਵੀ ਆਪਣੀ ਦਾਦੀ ਨਾਲ ਹੀ ਰਹੀ । ਦਾਦੀ ਉਹਨੂੰ ਪਰੀਆਂ ਤੇ ਰਾਜੇ ਰਾਣੀਆਂ ਦੀਆਂ ਕਹਾਣੀਆਂ ਸੁਣਾਉਂਦੀ ਰਹਿੰਦੀ । ਉਹ ਕਦੇ ਵੀ ਪੂਰੀ ਕਹਾਣੀ ਨਾ ਸੁਣਦੀ । ਅੱਧ ਪਚੱਧ ਸੁਣਦਿਆਂ ਹੀ ਉਸ ਨੂੰ ਨੀਂਦ ਆ ਘੇਰਦੀ । ਦਸ ਬਾਰਾਂ ਸਾਲ ਦੀ ਉਹ ਮਾਂ ਨਾਲ ਰਸੋਈ 'ਚ ਹੱਥ ਵਟਾਉਣ ਲੱਗ ਪਈ । ਕੰਮ ਕਰਕੇ ਉਹ ਬੜੀ ਖੁਸ਼ ਹੁੰਦੀ । ਜਿੰਨਾਂ ਚਿਰ

ਪੇਕੇ ਰਹੀ, ਉਹਨੂੰ ਕਿਸੇ ਨੇ ਫੁੱਲ ਦੀ ਨਾ ਲਾਈ ਸੀ । ਜੇ ਕਦੇ ਉਹਦੀ ਮਾਂ ਝਿੜਕ ਵੀ ਦਿੰਦੀ ਤਾਂ ਉਹ ਡੁਸਕਦੀ ਡੁਸਕਦੀ ਦਾਦੀ ਦੀ ਬੁੱਕਲ 'ਚ ਜਾ ਲੁਕਦੀ । ਦਾਦੀ ਉਹਦੀ ਮਾਂ ਨੂੰ ਦਿਖਾਵੇ ਲਈ ਬੁਰਾ ਭਲਾ ਕਹਿੰਦੀ।

ਫਿਰ ਉਹਦੀ ਸ਼ਾਦੀ ਸ਼ਾਮੇ ਨਾਲ ਹੋ ਗਈ । ਸਹੁਰੇ ਘਰ ਵਿੱਚ ਉਹਦੀ ਸੱਸ ਤੋਂ ਬਿਨਾਂ ਹੋਰ ਕੋਈ ਜਨਾਨੀ ਹੈ ਹੀ ਨਊਂ ਸੀ। ਰਿਸ਼ਤਾ ਕਰਾਉਣ ਵਾਲੇ ਨੇ ਕਿਹਾ ਮੁੰਡਾ ਸਾਊ ਆ, ਮਿਹਨਤੀ ਆ । ਕਿਸੇ ਤਰ੍ਹਾਂ ਦਾ ਐਬ ਨਊਂ । ਬਸ ਫਿਰ ਕੀ ਸੀ। ਉਹਦੇ ਘਰਦਿਆਂ ਨੇ ਹਾਂ ਕਰ ਦਿੱਤੀ । ਉਹਦੀ ਮਾਂ ਨੇ ਰਾਧਾ ਲਈ ਆਮ ਵਰਤੋਂ 'ਚ ਆਉਣ ਵਾਲਾ ਘਰ ਦਾ ਸਾਰਾ ਸਮਾਨ ਬਣਾਇਆ ਸੀ। ਤਿੰਨ ਚਾਰ ਸੋਨੇ ਦੇ ਗਹਿਣੇ ਵੀ ਪਾ ਦਿੱਤੇ । ਪਰ ਆਪਣੀ ਸੱਸ ਦੇ ਮੂੰਹ ਤੇ ਰੌਣਕ ਰਾਧਾ ਨੇ ਕਦੇ ਨਾ ਦੇਖੀ । ਰਾਧਾ ਦੇ ਹੱਥਾਂ ਦੀ ਮਹਿੰਦੀ ਦਾ ਅਜੇ ਰੰਗ ਵੀ ਫਿੱਕਾ ਨਹੀਂ ਸੀ ਪਿਆ , ਜਦੋਂ ਧਰਮੀ ਨੇ ਆਪਣੀ ਜਗਹ ਕੰਮ ਕਰਨ ਲਈ ਕਮੇਟੀ ਦੀ ਕੂੜੇ ਵਾਲੀ ਰੇੜ੍ਹੀ ਤੇ ਝਾੜੂ ਉਹਦੇ ਹੱਥ ਫੜਾ ਦਿੱਤਾ ਸੀ ।

ਸੰਭੂ ਉਹਦਾ ਇੱਕੋ ਇੱਕ ਦਿਉਰ ਸੀ । ਜੋ ਸ਼ਾਮੇ ਤੋਂ ਬਿਲਕੁਲ ਵੱਖਰਾ ਸੀ । ਪਹਿਲੇ ਦਿਨ ਤੋਂ ਹੀ ਉਸ ਨੇ ਰਾਧਾ ਨਾਲ ਸਿੱਧੇ ਮੂੰਹ ਗੱਲ ਨਾ ਕੀਤੀ। ਹਰ ਵੇਲੇ ਵੱਢੂੰ ਖਾਊਂ ਕਰੀ ਜਾਂਦਾ । ਸਵੇਰ ਤੋਂ ਸ਼ਾਮ ਤੱਕ ਵਿਹਲਾ ਮਟਰ ਗਸ਼ਤੀ ਕਰਦਾ । ਉਹਦੀਆਂ ਜ਼ਹਿਰੀਲੀਆਂ ਤੇ ਕਾਮੁਕ ਨਜ਼ਰਾਂ ਹਰ ਵੇਲੇ ਰਾਧਾ ਨੂੰ ਘੂਰਦੀਆਂ ਰਹਿੰਦੀਆਂ । ਦੋ ਬੱਚਿਆਂ ਦੀ ਮਾਂ ਉਹ ਬਣ ਚੁੱਕੀ ਸੀ , ਅਜੇ ਤੱਕ ਨਾ ਤਾਂ ਸੰਭੂ ਆਪਣੀ ਮਨ ਆਈ ਕਰ ਸਕਿਆ ਸੀ ਤੇ ਨਾ ਹੀ ਉਹ ਉਹਦੀਆਂ ਨਜ਼ਰਾਂ ਤੋਂ ਬਚ ਸਕੀ ਸੀ । ਪਾਲਤੂ ਸਾਨ੍ਹ ਦੀ ਤਰ੍ਹਾਂ ਉਹ ਮੱਲਿਆ ਪਿਆ ਸੀ । ਬੇਵਜ੍ਹਾ ਹੀ ਉਸ ਨੇ ਕਈ ਵਾਰ ਰਾਧਾ ਨੂੰ ਕੁੱਟਿਆ ਮਾਰਿਆ । ਨਾ ਸੁਣਨ ਵਾਲੀਆਂ ਗੰਦੀਆਂ ਗਾਲਾਂ ਵੀ ਕੱਢੀਆਂ। ਫਿਰ ਉਹ ਕਈ ਤਰ੍ਹਾਂ ਦੇ ਨਸ਼ੇ ਵੀ ਕਰਨ ਲੱਗ ਪਿਆ ਸੀ। ਉਹਦੀਆਂ ਅੱਖਾਂ ਹਰ ਵੇਲੇ ਚੜ੍ਹੀਆਂ ਰਹਿੰਦੀਆਂ। ਘਰ ਦਾ ਬਹੁਤਾ ਸਮਾਨ ਉਸ ਨੇ ਵੇਚ ਵੱਟ ਕੇ ਖਾ ਲਿਆ। ਜਦੋਂ ਦੀ ਭੈੜੀ ਸਮੈਕ ਦਾ ਚਸਕਾ ਲੱਗਾ ਓਦੋਂ ਤੋਂ ਸੰਭੂ ਬਾਹਰ ਵੀ ਚੋਰੀ ਡਾਕਾ ਮਾਰਨ ਲੱਗ ਪਿਆ । ਕਈ ਵਾਰ ਉਹਨੂੰ ਪੁਲੀਸ ਫੜ ਕੇ ਲਿਜਾ ਚੁੱਕੀ ਸੀ । ਪਰ ਉਹਦੀ ਮਾਂ ਧਰਮੀ ਹਰ ਵਾਰ ਉਹਦਾ ਪੱਖ ਪੂਰਦੀ। ਉਹਨੂੰ ਦੁੱਧ ਘਿਉ ਲੈ ਲੈ ਖਿਲਾਉਂਦੀ ਪਿਲਾਉਂਦੀ । ਅੱਜ ਜੋ ਕੁਛ ਰਾਧਾ ਨੇ ਸੁਣਿਆ ਸੀ , ਉਹ ਉਸ ਨੂੰ ਲੂਹ ਕੇ ਰੱਖ ਗਿਆ ਸੀ। ਉਹ ਤਾਂ ਸ਼ਾਮਾ ਉਹਦੇ ਜ਼ਖ਼ਮਾਂ ਦੀ ਮਲ੍ਹਮ ਬਣ ਕੇ ਆ ਗਿਆ ਸੀ ।

" ਕੀ ਕਰ ਰਊਂ ਏਂ ? ਪਤਾ ਨਈਂ ਕਿੱਥੇ ਮਰ ਗਈ ਚੁੜੇਲ । ਨਾ ਕਿਤੇ ਝਾੜੂ ਫੇਰਿਆ ਤੇ ਨਾ ਹੀ ਭਾਂਡੇ ਧੋਤੇ ਨੇ । ਆਹ ਮੰਜਾ ਵਿਚਾਲ੍ਹੇ ਡਾਹਿਆ ਪਿਆ । ਅਜੇ ਤੱਕ ਚੁੱਲੇ 'ਚੋਂ ਸਵਾਹ ਨਊਂ ਕੱਢੀ। " ਵਿਹੜੇ ਵੜਦਿਆਂ ਹੀ ਧਰਮੀ ਨੇ ਮੂੰਹ ਪਾੜ ਪਾੜ ਅਵਾ ਤਵਾ ਬੋਲਣਾ ਸ਼ੁਰੂ ਕਰ ਦਿੱਤਾ । ਰਾਧਾ ਚੁੱਪ ਚਾਪ ਅੰਦਰੋਂ ਬਾਹਰ ਆ ਗਈ । ਇੱਕ ਵੀ ਲਫ਼ਜ ਮੂੰਹ 'ਚੋਂ ਕੱਢਦੀ ਤਾਂ ਉਹਦੀ ਸ਼ਾਮਤ ਆ ਜਾਣੀ ਸੀ । ਮੰਜਾ ਇੱਕ ਪਾਸੇ ਖੜਾ ਕਰਕੇ ਉਹ ਭਾਂਡੇ ਮਾਂਜਣ ਲੱਗ ਪਈ ।

ਰਾਧਾ ਦੀਆਂ ਦੋਵੇਂ ਕੁੜੀਆਂ ਮੂੰਹ ਅੱਡੀ ਆਪਣੇ ਚਾਚੇ ਵੱਲ ਦੇਖ ਰਹੀਆਂ ਸਨ

, ਜਿਹੜੀਆਂ ਹੁਣੇ ਹੁਣੇ ਖੇਡ ਖੂਡ ਕੇ ਬਾਹਰੋਂ ਆ ਕੇ ਅੰਦਰ ਵੜ੍ਹੀਆਂ ਸਨ । ਸੇਭੂ ਦੁੱਧ ਦਾ ਭਰਿਆ ਗਿਲਾਸ ਗਟਾਗਟ ਗਲ਼ੇ ਅੰਦਰ ਸੁੱਟ ਰਿਹਾ ਸੀ ਜਿਵੇਂ ਬਹੁਤ ਦੇਰ ਦਾ ਤਿਰਹਾਇਆ ਹੋਵੇ।

" ਨੀਂ ਡੈਣੋ ਕੀ ਘੂਰ ਘੂਰ ਕੇ ਦੇਖੀ ਜਾਨੀਆਂ ਇਹਦੇ ਵੱਲ , ਕਦੇ ਦੁੱਧ ਨ੍ਹੀਂ ਦੇਖਿਆ ਤੁਸੀਂ । ਕਦੇ ਕੁਝ ਪਚਣ ਵੀ ਦਿਆ ਕਰੋ ਕਿਸੇ ਨੂੰ । ਜਾਉ ਖੇਲੋ ਮੱਲੋ , ਜਾਉ ਜਾਉ ਮੇਰੀਆਂ ਬੀਬੀਆਂ ਧੀਆਂ । " ਧਰਮੀ ਨੇ ਕੁੜੀਆਂ ਬਾਹਰ ਕੱਢ ਕੇ ਵਿਹੜੇ ਦਾ ਕੁੰਡਾ ਲਾ ਦਿੱਤਾ ਸੀ ।

' ਮੂਲ ਨਾਲੋਂ ਵਿਆਜ ਪਿਆਰਾ । ' ਰਾਧਾ ਹੌਲੀ ਜਿਹੀ ਬੁੜਬੁੜਾਈ । ਉਹਦੀ ਦਾਦੀ ਇਸ ਤਰ੍ਹਾਂ ਕਹਿੰਦੀ ਹੁੰਦੀ ਸੀ। ਤਾਂ ਹੀ ਤਾਂ ਉਸ ਨੇ ਉਹਦੀ ਭੂਆ ਰਾਧਾ ਦੇ ਨਾਂਅ 'ਤੇ ਉਹਦਾ ਨਾਂਅ ਰਾਧਾ ਹੀ ਰੱਖ ਦਿੱਤਾ ਸੀ । ਉਹ ਕਹਿੰਦੀ, ' ਹੁਣ ਉਹ ਤਾਂ ਆਪਣੇ ਘਰ ਚਲੀ ਗਈ ਐ। ਮੇਰੀ ਰਾਧਾ ਤਾਂ ਹੁਣ ਏਹੀ ਆ । ' ਉਹ ਸੋਚ ਕੇ ਕੰਬ ਗਈ। ਮੂਲ ਨੂੰ ਭੁੱਲ ਕੇ ਉਹਦੀ ਦਾਦੀ ਨੇ ਜਿਸ ਵਿਆਜ ਨੂੰ ਚਾਹਿਆ ਸੀ , ਉਸ ਵਿਆਜ ਦੀਆਂ ਕਿਸ਼ਤਾਂ ਦੀ ਇੱਥੇ ਕੋਈ ਕਦਰ ਹੀ ਨਹੀਂ ਸੀ। ਉਹਦੀ ਦਾਦੀ ਤਾਂ ਉਸ ਨੂੰ ਬੜੇ ਚਾਅ ਤੇ ਤੇਹ ਪਿਆਰ ਨਾਲ ਆਪਣੇ ਹੱਥੀਂ ਰੋਟੀ ਖੁਆਇਆ ਕਰਦੀ ਸੀ । ਪਰ ਇੱਥੇ ....... । ਇੱਥੇ ਤਾਂ ਦਾਦੀ ਪੋਤੀਆਂ ਨੂੰ ਛੱਤੀ ਛੱਤੀ ਗਾਲਾਂ ਕੱਢ ਕੇ ਘਰੋਂ ਬਾਹਰ ਤੋਰ ਦਿੰਦੀ ਸੀ ।

ਰਾਧਾ ਬੁਰੀ ਤਰ੍ਹਾਂ ਥੱਕ ਚੁੱਕੀ ਸੀ । ਰਾਤ ਰਾਣੀ ਨੇ ਦਿਨ ਨੂੰ ਪੂਰੀ ਤਰ੍ਹਾਂ ਆਪਣੀ ਲਪੇਟ ਵਿੱਚ ਲੈ ਲਿਆ ਸੀ। ਮੋਤੀਆਂ ਨਾਲ ਭਰੀ ਪਰਾਤ ਦੀ ਤਰ੍ਹਾਂ ਤਾਰੇ ਅਕਾਸ਼ ਵਿੱਚ ਚਮਕ ਰਹੇ ਸਨ । ਮੰਜੇ 'ਤੇ ਡਿਗਦਿਆਂ ਹੀ ਉਹਦੀਆਂ ਅੱਖਾਂ ਬੰਦ ਹੋਣ ਲੱਗੀਆਂ। ਪਰ ਉਹ ਉੱਠ ਕੇ ਬਹਿ ਗਈ । ਕਿਉਂਕਿ ਅੱਜ ਸਵੇਰ ਤੋਂ ਹੀ ਜਿਹੜੇ ਸਵਾਲ ਉਹਦੇ ਦਿਮਾਗ ਵਿੱਚ ਘੁੰਮਦੇ ਰਹੇ ਸਨ , ਉਨ੍ਹਾਂ ਦੇ ਜਵਾਬ ਉਹ ਸ਼ਾਮੇ ਕੋਲੋਂ ਪੁੱਛਣਾ ਚਾਹੁੰਦੀ ਸੀ ।

" ਮੈਂ ਕਿਹਾ, ਜੀ ਇੱਕ ਗੱਲ ਪੁੱਛਾਂ। " ਇਧਰ ਉਧਰ ਦੀਆਂ ਗੱਲਾਂ ਮਾਰਦਿਆਂ ਰਾਧਾ ਨੇ ਸੰਜੀਦਗੀ ਨਾਲ ਕਿਹਾ ।

" ਹਾਂ ਹਾਂ ਜਰੂਰ ਪੁੱਛ । ਇੱਕ ਕਿਉਂ ਹਜ਼ਾਰ ਪੁੱਛ । ਬਈ ਅੱਜ ਕੀ ਪੁੱਛਣਾ ਚਹੁੰਦੀ ਆ ਮੇਰੀ ਰਾਧਾ ? " ਸ਼ਾਮੇ ਨੇ ਉਹਦੇ ਚਿਹਰੇ ਨੂੰ ਆਪਣੀਆਂ ਹਥੇਲੀਆਂ 'ਚ ਲੈਂਦਿਆਂ ਮੁਸਕਰਾ ਕੇ ਕਿਹਾ । ਦੋਵੇਂ ਕੁੜੀਆਂ ਗੂੜ੍ਹੀ ਨੀਂਦ 'ਚ ਸੁੱਤੀਆਂ ਪਈਆਂ ਸਨ । ਜਦੋਂ ਕਿਤੇ ਉਹ ਮਦਹੋਸ਼ੀ ਵਿੱਚ ਹੀ ਬੁੜਬੁੜਾਉਂਦੀਆਂ ਜਾਂ ਪਾਸਾ ਵੱਟਦੀਆਂ ਤਾਂ ਦੋਹਾਂ ਦੀਆਂ ਨਜ਼ਰਾਂ ਕਾਹਲੀ ਨਾਲ ਉਨ੍ਹਾਂ ਦੇ ਮਾਸੂਮ ਚਿਹਰਿਆਂ 'ਤੇ ਜਾ ਟਿਕਦੀਆਂ । ਜਿਵੇਂ ਕੋਈ ਚੋਰ ਥੋੜ੍ਹੇ ਜਿਹੇ ਖੜਾਕ ਨਾਲ ਹੀ ਤ੍ਰਭਕ ਉੱਠਦਾ ਹੈ ।

" ਏਸ ਤਰ੍ਹਾਂ ਕਦੋਂ ਤੱਕ ਚੱਲਦਾ ਰਹੇਗਾ ਸ਼ਾਮ ? ਕਿੰਨਾਂ ਚਿਰ ਆਪਾਂ ਕੈਦੀਆਂ ਦੀ ਤਰ੍ਹਾਂ ਜੀਂਦੇ ਰਹਾਂਗੇ ? ਜਦ ਆਪਾਂ ਮਿਹਨਤ ਕਰਦੇ ਆਂ , ਸਾਰਾ ਦਿਨ ਟੁੱਟ ਟੁੱਟ ਮਰਦੇ ਆਂ , ਕਮਾਉਂਨੇ ਆਂ । ਫਿਰ ਕਿਉਂ ਭਿਖਾਰੀਆਂ ਦੀ ਤਰ੍ਹਾਂ ਰਹਿਨੇ ਆਂ । ਕੀ ਆਪਾਂ ਜੁਦਾ ਨ੍ਹੀਂ ਰਹਿ ਸਕਦੇ ? " ਰਾਧਾ ਨੇ ਕਿਹਾ ।

" ਨਈਂ ਰਾਧਾ ਨਈਂ । ਨਈਂ ਆਪਾਂ ਜੁਦਾ ਨ੍ਹੀਂ ਰਹਿ ਸਕਦੇ । ਆਪਾਂ ਨੂੰ ਏਥੇ ਹੀ ਰਹਿਣਾ ਪਵੇਗਾ ।" ਸ਼ਾਮਾ ਜਿਵੇਂ ਸੁੱਤਾ ਉੱਠਿਆ ਹੋਵੇ। ਉਹਦੇ ਮੂੰਹ 'ਚੋਂ ਨਿਕਲਿਆ

" ਪਰ ਕਿਉਂ ? ਕਿਉਂ ਨ੍ਹੀਂ ਰਹਿ ਸਕਦੇ ? ਅੱਜ ਰਾਧਾ ਏਨੀ ਮਾੜੀ ਹੋ ਗਈ ਆ ਕਿ ਤੁਸੀਂ ਉਹਨੂੰ ਦਿਲ ਦੀ ਗੱਲ ਵੀ ਨਈਂ ਦੱਸ ਸਕਦੇ । ਕੀ ਮੇਰੇ ਦੁੱਖ ਤੇਰੇ ਦੁੱਖ ਨਈਂ ਸ਼ਾਮ । ਰਾਧਾ ਦਾ ਸ਼ਾਮ ਤਾਂ ਇਸ ਤਰ੍ਹਾਂ ਨਈਂ ਸੀ ਕਰਦਾ। ਉਹ ਪਹਿਲਾਂ ਈ ਸਭ ਕੁਝ ਜਾਣ ਲੈਂਦਾ ਸੀ । " ਰਾਧਾ ਢਿੱਲੀ ਜਿਹੀ ਬੋਲੀ ।

ਪਰ ਉਹ ਭਗਵਾਨ ਸੀ ਰਾਧਾ । ਮੈਂ ਇਨਸਾਨ ਆਂ । ਆਖਿਰ ਉਹ ਮੇਰੀ ਮਾਂ ਐ । ਸੰਭੂ ਦਾ ਕੀ ਪਤਾ ਕਦੋਂ ਘਰੋਂ ਨਿਕਲ ਜਾਵੇ । ਕਦੋਂ ਆਵੇ ਕਦੋਂ ਨਾ ਆਵੇ । ਫਿਰ ਕੌਣ ਸੇਵਾ ਕਰੂਗਾ ਉਸ ਦੀ । ਲੋਕ ਮਾੜਾ ਕਹਿਣਗੇ ਤਾਂ ਕਿਸ ਨੂੰ । ਮੈਨੂੰ ਜਾਂ ਤੈਨੂੰ । ਮੇਰੀ ਮੰਨੇ ਤਾਂ ਤੂੰ ਆਪਣੀ ਭੈਣ ਪਾਰਵਤੀ ਦਾ ਵਿਆਹ ਸੰਭੂ ਨਾਲ ਕਰ ਦੇ । ਸ਼ਾਇਦ ਉਹ ਸੁਧਰ ਈ ਜਾਵੇ । " ਸ਼ਾਮਾ ਉਹਨੂੰ ਸਮਝਾ ਰਿਹਾ ਸੀ ।

" ਹਾਂ ਹਾਂ ਜਰੂਰ ਕਰ ਦਿਆਂਗੀ ! ਆਪਣੀ ਤਾਂ ਜੂਨ ਖਰਾਬ ਹੋ ਈ ਗਈ ਆ, ਹੁਣ ਉਹਦੀ ਵੀ ਕਰ ਦਿਆਂ । ਮੈਂ ਜ਼ਹਿਰ ਖਾ ਲਵਾਂਗੀ , ਪਰ ਇਸ ਨਾਲ ਉਹਦਾ ਵਿਆਹ ਕਦੇ ਨਈਂ ਕਰਾਂਗੀ ਤੇ ਨਾ ਹੋਣ ਹੀ ਦਿਆਂਗੀ । ਜਾਣ ਬੁੱਝ ਕੇ ਕਿਉਂ ਨਰਕ 'ਚ ਲਿਆ ਸੁੱਟਾਂ ਉਹਨੂੰ । "

" ਨਰਕ ਸਵਰਗ ਛੱਡ ਰਾਧਾ । ਪਾਰਵਤੀ ਸਮਝਦਾਰ ਕੁੜੀ ਆ । ਉਹ ਸਭ ਕੁਝ ਠੀਕ ਕਰ ਲਵੇਗੀ । " ਸ਼ਾਮਾ ਕਹਿਣ ਨੂੰ ਤਾਂ ਕਹਿ ਗਿਆ , ਪਰ ਇਸ ਤਰ੍ਹਾਂ ਕਰਨ ਨੂੰ ਉਹਦਾ ਆਪਣਾ ਦਿਲ ਵੀ ਸਹਿਮਤ ਨਹੀਂ ਸੀ ਹੋ ਰਿਹਾ ।

ਰਾਧਾ ਅਹਿਲ ਪਈ ਤਾਰਿਆਂ ਭਰੇ ਅਕਾਸ਼ ਵੱਲ ਘੂਰਦੀ ਰਹੀ । ਜਿਵੇਂ ਹੀ ਉਹਦੀ ਨਜ਼ਰ ਇੱਕ ਤਾਰੇ ਤੋਂ ਅਗਾਂਹ ਹੁੰਦੀ , ਕੋਈ ਦੂਸਰਾ ਤਾਰਾ ਉਹਦੀ ਲਪੇਟ ਵਿੱਚ ਆ ਜਾਂਦਾ । ਗੱਲ ਤਾਂ ਉਸ ਨੇ ਇਸ ਲਈ ਛੇੜੀ ਸੀ ਕਿ ਕਿਸੇ ਤਰ੍ਹਾਂ ਸਮਝਾ ਕੇ ਉਹ ਪਤੀ ਨੂੰ ਜੁਦਾ ਹੋਣ ਲਈ ਮਨਾ ਲਵੇਗੀ । ਤੇ ਜਾਂ ਫਿਰ ਉਸ ਰਾਜ ਦਾ ਪਤਾ ਲਗਾਵੇਗੀ ਕਿ ਕਿਉਂ ਉਹ ਆਟੇ ਦੀ ਤਰ੍ਹਾਂ ਪੀਠੀ ਜਾ ਰਹੀ ਸੀ ਤੇ ਨਾਲ ਹੀ ਘੁਣ ਦੀ ਤਰ੍ਹਾਂ ਸ਼ਾਮਾ । ਜਦੋਂ ਉਹਨੂੰ ਗਾਲਾਂ ਪੈਂਦੀਆਂ, ਉਹ ਬੋਲਦਾ ਨਹੀਂ। ਜਦੋਂ ਉਹਨੂੰ ਮਾਰ ਪੈਂਦੀ, ਉਹਦਾ ਹੱਥ ਨਹੀਂ ਉੱਠਦਾ ਕਿ ਆਪਣੇ ਛੋਟੇ ਵੀਰ ਨੂੰ ਮਾਰਨੋਂ ਹਟਾ ਸਕੇ ।

ਰਾਧਾ ਨੇ ਸਿਰ ਚੁੱਕ ਕੇ ਸ਼ਾਮੇ ਦੇ ਮੰਜੇ ਵੱਲ ਦੇਖਿਆ । ਉਹ ਸੌਂ ਚੁੱਕਾ ਸੀ । ਰਾਧਾ ਦਾ ਮਨ ਜਲ਼ ਉੱਠਿਆ । ਆਦਮੀ ਸਰੀਫ਼ ਹੋਣਾ ਚਾਹੀਦਾ , ਬੁੱਧੂ ਨਹੀਂ। ਰਾਧਾ ਵਿਚਾਰੀ ਕਰ ਵੀ ਕੀ ਸਕਦੀ ਸੀ । ਉਹਨੂੰ ਲੱਗਾ ਹਰ ਨਵਾਂ ਪਲ ਜੀਣ ਲਈ ਉਹ ਇਸੇ ਤਰ੍ਹਾਂ ਘੁਟ ਘੁਟ ਮਰਦੀ ਰਹੇਗੀ । ਜਿਸਮ 'ਚ ਹੁੰਦੇ ਮੱਠੇ ਮੱਠੇ ਦਰਦ 'ਤੇ ਉਹ ਨੀਂਦ ਦੀ ਮਲ੍ਹਮ ਰੱਖ ਕੇ ਸੌਂ ਗਈ ।

–•♣•–



## ਦਰਦ, ਨਸ਼ਾ ਅਤੇ ਔਰਤ

ਬਲਵੰਤ ਮੇਰਾ ਬਚਪਨ ਦਾ ਯਾਰ ਐ। ਲੰਗੋਟੀਆ ਯਾਰ ਵੀ ਕਹਿ ਸਕਦੇ ਹੋ। ਪਿਛਲੇ ਤੀਹ ਸਾਲ ਤੋਂ ਸਾਡੀ ਯਾਰੀ ਵਿੱਚ ਕੋਈ ਫਰਕ ਨਹੀਂ ਪਿਆ। ਕਦੇ ਕੋਈ ਮਨ ਮੁਟਾਵ ਨ੍ਹੀਂ ਹੋਇਆ। ਮਾੜਾ ਮੋਟਾ ਹੋਇਆ ਵੀ ਤਾਂ ਮਿਲ ਬਹਿ ਕੇ ਨਜਿੱਠਦੇ ਰਹੇ ਆਂ। ਇੱਕ ਦੂਜੇ ਦੇ ਦੁੱਖ ਸੁੱਖ ਦੇ ਸਾਂਝੀ ਬਣਦੇ ਰਹੇ ਆਂ। ਪਰ ਪਤਾ ਨ੍ਹੀਂ ਸਾਲ ਸਵਾ ਕੁ ਸਾਲ ਤੋਂ ਬਲਵੰਤ ਕਿਉਂ ਉਖੜਿਆ ਉਖੜਿਆ ਰਹਿ ਰਿਹਾ ਸੀ। ਛੇ ਕੁ ਮਹੀਨੇ ਤਾਂ ਉਸ ਨੇ ਕੁਝ ਪਤਾ ਵੀ ਨਈਂ ਲੱਗਣ ਦਿੱਤਾ।

ਗੱਲ ਉਹਦੇ ਦਫਤਰ ਦੀ ਸੀ। ਗੁਰਦੀਪ ਉਹਦੇ ਦਫਤਰ ਦਾ ਸਾਥੀ ਸੀ। ਸਾਂਝ ਉਨ੍ਹਾਂ ਦੀ ਇਹ ਸੀ ਕਿ ਉਨ੍ਹਾਂ ਇੱਕੋ ਦਫਤਰ ਵਿੱਚ , ਇੱਕੋ ਦਿਨ, ਇੱਕੋ ਸਮੇਂ ਡਿਊਟੀ ਜੁਆਇਨ ਕੀਤੀ ਸੀ। ਇਕੱਠੇ ਬਹਿ ਕੇ ਹਾਜਰੀ ਰਿਪੋਰਟਾਂ ਲਿਖੀਆਂ ਸੀ। ਤੇ ਕਈ ਸਾਲ ਦੋਵੇਂ ਇੱਕੋ ਬਰਾਂਚ ਵਿੱਚ ਆਮ੍ਹਣੇ ਸਾਮ੍ਹਣੇ ਦੀਆਂ ਸੀਟਾਂ ਤੇ ਬਹਿੰਦੇ ਰਹੇ ਸੀ। ਹੁਣ ਪਤਾ ਨ੍ਹੀਂ ਕਿਉਂ ਲੜ ਪਏ ਸੀ। ਬੋਲ ਚਾਲ ਈ ਬੰਦ ਹੋ ਗਈ ਸੀ। ਫਿਰ ਗੁਰਦੀਪ ਦੀ ਬਦਲੀ ਕਿਸੇ ਹੋਰ ਜਗ੍ਹਾ ਹੋ ਗਈ। ਗੁਰਦੀਪ ਦਾ ਤਾਂ ਪਤਾ ਨ੍ਹੀਂ ਪਰ ਬਲਵੰਤ ਦਿਲ 'ਤੇ ਲਾਈ ਬੈਠਾ ਸੀ। ਵਿਛੋੜੇ ਦੇ ਦਰਦ ਨੂੰ ਸਹਿਣਾ ਉਸ ਲਈ ਦਿਨੋਂ ਦਿਨ ਔਖਾ ਹੋ ਰਿਹਾ ਸੀ। ਕਦੇ ਕਦੇ ਸੋਚਦਾ ਗੁਰਦੀਪ ਨੂੰ ਜਾ ਕੇ ਆਪ ਹੀ ਮਿਲ ਆਵੇ। ਜੋ ਹੋਊ ਦੇਖੀ ਜਾਊ। ਖਾਣ ਤਾਂ ਨ੍ਹੀਂ ਲੱਗਾ। ਕਦੇ ਸੋਚਦਾ ਖ਼ਤ ਲਿਖ ਕੇ ਦੇਖ ਲਏ । ਅੱਜ ਉਸ ਨੇ ਕੋਈ ਨਾ ਕੋਈ ਫੈਸਲਾ ਕਰਕੇ ਹੀ ਮੇਰੇ ਕੋਲ ਆਉਣਾ ਸੀ।

ਦਰਵਾਜੇ 'ਤੇ ਦਸਤਕ ਹੋਈ । " ਸ਼ਾਇਦ ਉਹ ਆ ਗਿਆ । " ਮੇਰੇ ਮੂੰਹੋਂ ਨਿਕਲਿਆ। ਮੈਂ ਦਰਵਾਜਾ ਖੋਲ੍ਹਿਆ। ਸਚਮੁੱਚ ਉਹੀ ਸੀ। ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਉਹ ਪਹਿਲਾਂ ਆਉਂਦਾ ਹੁੰਦਾ ਸੀ। ਕਮਰੇ 'ਚ ਵੜਦਿਆਂ ਹੀ ਸਿਗਰਟ ਦਾ ਧੂੰਆਂ ਉਸ ਨੇ ਮੂੰਹੋਂ ਬਾਹਰ ਉਛਾਲ ਦਿੱਤਾ। ਸ਼ਾਇਦ ਇਹ ਕਸ਼ ਉਸ ਨੇ ਬਾਹਰ ਖੜ੍ਹਿਆਂ ਖੜ੍ਹਿਆਂ ਖਿੱਚਿਆ ਹੋਊ।

ਉਹ ਅੰਦਰ ਆ ਗਿਆ ਤੇ ਮੇਰੇ ਨਾਲ ਹੀ ਮੰਜੇ ਉੱਪਰ ਬਹਿ ਗਿਆ। ਉਹਦੀਆਂ ਅੱਖਾਂ ਵਿੱਚ ਗਹਿਰੀ ਲਾਲੀ ਛਲਕ ਰਹੀ ਸੀ, ਉਹ ਥੋੜ੍ਹੀ ਬਹੁਤ ਪੀ ਕੇ ਵੀ ਆਇਆ ਸੀ।

ਮੇਰਾ ਦਿਲ ਤਾਂ ਕੀਤਾ ਕਿ ਉਹਨੂੰ ਪੁੱਛਾਂ, " ਬਲਵੰਤ ਤੂੰ ਇਹ ਸਭ ਕਿਉਂ ਕਰਦੈਂ ? ਸਿਗਰਟ ਸਰਾਬ ਪੀਣ ਵਾਲੇ ਨੂੰ ਕਈ ਲੋਕ ਨਫਰਤ ਕਰਦੇ ਹਨ ਤੇ ਕਈ ਵੈਸੇ ਹੀ ਬੁਰਾ ਮਨਾਉਂਦੇ ਹਨ। " ਪਰ ਅਗਲੇ ਹੀ ਪਲ ਇੱਕ ਖਾਮੋਸ਼ ਜਿਹਾ ਸਵਾਲ ਮੇਰੇ ਅੱਗੇ ਆਣ ਡਿੱਗਦਾ ਹੈ। " ਕੀ ਤੂੰ ਵੀ ਉਹਨੂੰ ਨਫਰਤ ਕਰਦਾ ਏਂ ? " ਤਾਂ ਮੈਨੂੰ ਇਹਦਾ ਕੋਈ ਜਵਾਬ ਨਹੀਂ ਅਹੁੜਦਾ। ਮੈਂ ਉਹਨੂੰ ਪੁੱਛਦਾ ਹੀ ਨਹੀਂ ਹਾਂ ।

ਏਨਾ ਜਰੂਰ ਕਹਿ ਦਿੰਦਾ ਹਾਂ, " ਬਲਵੰਤ ਤੂੰ ਇਹ ਸਭ ਛੱਡ ਕਿਉਂ ਨ੍ਹੀਂ ਦਿੰਦਾ। " ਮੈਨੂੰ ਉਹਦੀਆਂ ਧੁਆਂਖੀਆਂ ਤੇ ਖਾਮੋਸ਼ ਜਿਹੀਆਂ ਅੱਖਾਂ ਚੰਗੀਆਂ ਨਹੀਂ ਲੱਗਦੀਆਂ। ਇਥੋਂ ਤੱਕ ਕਿ ਉਹਦੇ ਉਲਝੇ ਹੋਏ ਵਾਲ ਵੀ ਕਿਸੇ ਵਾਹਣ ਵਿੱਚ ਪਏ ਛੰਡ ਦੀ ਤਰ੍ਹਾਂ ਲੱਗਦੇ ਹਨ । ਉਹ ਹੱਸ ਪਿਆ। ਮੈਨੂੰ ਅਹਿਸਾਸ ਹੋਇਆ ਜਿਵੇਂ ਉਹ ਮੇਰੇ ਉੱਤੇ ਹੀ ਹੱਸਿਆ ਸੀ, ਕਿਸੇ ਹੋਰ ਉੱਤੇ ਨਹੀਂ। ਕਈ ਵਾਰੀ ਇਨਸਾਨ ਨੂੰ ਆਪਣੇ ਆਪ 'ਤੇ ਵੀ ਹੱਸਣਾ ਪੈ ਜਾਂਦੈ। ਪਰ ਇਸ ਵਾਰ ਉਹ ਮੇਰੇ ਉੱਤੇ ਹੀ ਹੱਸਿਆ ਸੀ। ਹੱਸੇ ਵੀ ਕਿਉਂ ਨਾ। ਅਸੀਂ ਜਦੋਂ ਵੀ ਕਦੇ ਸ਼ਾਮ ਨੂੰ ਇਕੱਠੇ ਹੁੰਦੇ , ਉਹਦੀ ਘੁੱਟ ਲਾਈ ਹੁੰਦੀ ਤੇ ਧੁਖਦੀ ਹੋਈ ਸਿਗਰਟ ਉਹਦੇ ਹੱਥ ਦੀਆਂ ਉਂਗਲਾਂ 'ਚ ਫਸੀ ਹੁੰਦੀ। ਮੇਰੇ ਮੂੰਹੋਂ ਸਹਿਜ ਹੀ ਨਿਕਲ ਜਾਂਦਾ , " ਬਲਵੰਤ ਤੂੰ ਇਹ ਛੱਡ ਕਿਉਂ ਨ੍ਹੀਂ ਦਿੰਦਾ ? "

"ਕਿਉਂ ! ਫਿਰ ਚੇਤਾ ਭੁੱਲ ਗਿਆ।" ਉਹ ਮੈਨੂੰ ਪੁੱਛਦਾ ਤੇ ਨਾਲ ਹੀ ਹੱਸ ਪੈਂਦਾ।

" ਨਈਂ, ਚੇਤਾ ਤਾਂ ਨਹੀਂ ਭੁੱਲਿਆ। " ਮੇਰੇ ਮੂੰਹੋਂ ਨਿਕਲਦਾ ਹੈ। ਤੇ ਮੈਨੂੰ ਉਹ ਕਹਾਣੀ ਯਾਦ ਆ ਜਾਂਦੀ ਹੈ, ਜਿਹੜੀ ਉਹ ਮੈਨੂੰ ਪਹਿਲਾਂ ਵੀ ਕਈ ਵਾਰੀ ਸੁਣਾ ਚੁੱਕਾ ਹੈ। ਜਦੋਂ ਵੀ ਮੈਂ ਉਹਨੂੰ ਸਿਗਰਟ ਸ਼ਰਾਬ ਤੋਂ ਟੋਕਦਾਂ ਤਾਂ ਉਹ ਇਹ ਕਹਾਣੀ ਛੇੜ ਬਹਿੰਦੈ ਤੇ ਜਾਂ ਫਿਰ ਯਾਦ ਕਰਵਾ ਕੇ ਹੱਸ ਪੈਂਦਾ। ਹੁਣ ਵੀ ਕਹਾਂ ਤਾਂ ਉਹ ਇਹੀ ਸੁਣਾ ਦੇਵੇਗਾ।

ਦਸ ਕੁ ਸਾਲ ਪਹਿਲਾਂ ਦੀ ਗੱਲ ਐ, ਜਦੋਂ ਘਰ ਵਿੱਚ ਉਹਦੀ ਸ਼ਾਦੀ ਬਾਰੇ ਗੱਲਾਂ ਚੱਲ ਰਹੀਆਂ ਸਨ। ਬਲਵੰਤ ਤਾਂ ਚਾਹੁੰਦਾ ਨਈਂ ਸੀ ਕਿ ਅਜੇ ਉਹ ਵਿਆਹ ਦੇ ਚੱਕਰਾਂ 'ਚ ਫਸੇ, ਪਰ ਉਹਦੇ ਘਰ ਦੇ ਕੁਛ ਜਿਆਦਾ ਈ ਕਾਹਲੇ ਪੈ ਗਏ ਸਨ । ਇੱਕ ਤਾਂ ਉਹ ਆਪਣੇ ਭੈਣ ਭਰਾਵਾਂ 'ਚੋਂ ਸਭ ਤੋਂ ਵੱਡਾ ਸੀ। ਦੂਸਰਾ ਵੈਸੇ ਵੀ ਉਹਦੀ ਮਾਂ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਰਹਿੰਦੀ ਸੀ ਤੇ ਉਹ ਚਾਹੁੰਦੀ ਸੀ ਕਿ ਆਪਣੇ ਜੀਂਦੇ ਜੀਅ ਉਹ ਬਲਵੰਤ ਦਾ ਵਿਆਹ ਦੇਖ ਜਾਵੇ, ਕੀ ਪਤਾ ਕਦ ਉੱਪਰ ਵਾਲੇ ਦਾ ਬੁਲਾਵਾ ਆ ਜਾਵੇ। ਤੀਸਰਾ ਉਹਨੂੰ ਸਰਕਾਰੀ ਨੌਕਰੀ ਵੀ ਮਿਲ ਗਈ ਸੀ। ਬਾਕੀ ਲੋਕ ਵੀ ਨਹੀਂ ਸੀ ਟਿਕਣ ਦਿੰਦੇ । ਅੱਜ ਇੱਕ ਆ ਧਮਕਿਆ, ਕਲ੍ਹ ਕੋਈ ਦੂਸਰਾ। ਕੀ ਕਹੇ, ਜਦੋਂ ਸਲਾਹ ਨਾ ਹੋਵੇ ਤਾਂ ਬੰਦਾ ਜਵਾਬ ਈ ਦਿੰਦਾ। ਤੇ ਜਵਾਬ ਉਨ੍ਹਾਂ ਲਈ ਗੁਨਾਹ ਹੀ ਸਾਬਤ ਹੁੰਦਾ।

" ਲੈ ਨੀਂ ! ਘਰ ਮੁੰਡਾ ਕਾਹਦਾ ਜਵਾਨ ਹੋਇਆ, ਹੁਣ ਇਹ ਸੁਕੜੋ ਜਿਹੀ ਮਾਣ ਈ ਨ੍ਹੀਂ ਕਿਸੇ ਦੀ । " ਤੀਵੀਂਆਂ ਉਹਦੀ ਮਾਂ ਬਾਰੇ ਕਹਿੰਦੀਆਂ।

" ਮੇਰਾ ਭਰਾ ਹੁਣ ਵਲੈਤੋਂ ਆਇਆ ਸੀ, ਕਹੇ ਐਤਕੀਂ ਕੁੜੀ ਦਾ ਵਿਆਹ ਕਰ ਕੇ ਈ ਜਾਣੈ। ਤੇ ਇਹਨੂੰ ਦਾਲ ਈ ਨ੍ਹੀਂ ਪਚੀ ਸਾਡੀ। " ਕੋਈ ਦੂਸਰੀ ਕਹਿੰਦੀ।

" ਔਹ ਮਾਸਟਰਾਂ ਦੀ ਨੂੰਹ ਵੀ ਸ਼ੈਦ ਮਾਰਦੀ ਪਈ ਸੀ ਹੱਥ ਪੱਲਾ। ਤਾੜ੍ਹ ਕਰਦਾ

ਜਵਾਬ ਦੇ ਦਿੱਤਾ ਸੀ ਮੁੰਡੇ ਨੇ। ਉਚੱਕਾ ਕਿਸੇ ਥਾਂ ਦਾ। " ਬੰਤੇ ਦੀ ਰਤਨੀ ਕਹਿੰਦੀ।

" ਇਸ ਤਰ੍ਹਾਂ ਦੇ ਫਿਰ ਕਹਿੰਦੇ ਹੁੰਦੇ ਆ ਬਈ ਭੁੰਜੇ ਈ ਪਾ ਦਿਉ। ਦੇਖੀਂ ਜਾਈਂ ਤੂੰ, ਦੇਖਾਂਗੇ ਕਿਹੜਾ ਸੋਨੇ ਨਾਲ ਮੜ੍ਹ ਕੇ ਭੇਜਦਾ, ਘਰ ਇਨ੍ਹਾਂ ਦੇ, ਧੀ ਆਪਣੀ । " ਚਰਨੋ ਕਹਿੰਦੀ। ਟਿਕਾ ਟਿਕਾ ਕੇ ਗੱਲ ਕਰਨ ਦੀ ਉਹਦੀ ਆਦਤ ਐ।

ਤੇ ਇੱਕ ਦਿਨ ਅੱਕ ਕੇ ਬਲਵੰਤ ਨੇ ਹਰੀ ਝੰਡੀ ਦੇ ਈ ਦਿੱਤੀ। ਕਹਿੰਦਾ ਕਰ ਲਓ ਜਿਵੇਂ ਕਰਨੀ ਆਂ। ਮਾਂ ਉਹਦੀ ਨੇ ਅਗਾਂਹ ਵਿਹੜੇ ਦੀਆਂ ਨੂੰਹਾਂ ਧੀਆਂ ਨੂੰ ਸਾਕ ਲਿਆਉਣ ਲਈ ਹਾਂ ਕਰ ਦਿੱਤੀ।

ਫਿਰ ਉਸਦਾ ਵਿਆਹ ਵੀ ਆ ਗਿਆ । ਮੇਲ੍ਹ ਵਾਲੇ ਦਿਨ ਉਹਦੇ ਨਾਨਕੇ ਮੇਲ੍ਹ ਵਿੱਚ ਉਹਦੇ ਮਾਮੇ ਦੀ ਵੱਡੀ ਨੂੰਹ ਤੇਜੋ ਵੀ ਆਈ ਸੀ। ਉਹ ਕਾਫੀ ਹੱਸਮੁੱਖ ਤੇ ਖੁੱਲੇ ਦਿਲ ਵਾਲੀ ਔਰਤ ਸੀ। ਰਾਤ ਨੂੰ ਨੱਚਣ ਟੱਪਣ ਤੇ ਮਹਿੰਦੀ ਦੀ ਰਸਮ ਤੋਂ ਬਾਅਦ ਜਦੋਂ ਹਰ ਪਾਸੇ ਟਿਕ ਟਿਕਾ ਹੋ ਗਿਆ ਤਾਂ ਕੁੜੀਆਂ ਉਹਨੂੰ ਲੈ ਕੇ ਇੱਕ ਕਮਰੇ ਵਿੱਚ ਬਹਿ ਗਈਆਂ। ਬਲਵੰਤ ਵੀ ਓਸੇ ਕਮਰੇ ਵਿੱਚ ਸੁੱਤਾ ਹੋਇਆ ਸੀ । ਕੁੜੀਆਂ ਨੇ ਇਹ ਕਮਰਾ ਤਾਂ ਦਿਨੇ ਹੀ ਕਬਜੇ 'ਚ ਲੈ ਕੇ ਜਿੰਦਰਾ ਮਾਰ ਲਿਆ ਸੀ। ਪਰ ਪਤਾ ਨਹੀਂ ਕਿਵੇਂ ਕੋਈ ਚੀਜ਼ ਵਸਤ ਕੱਢਣ ਸਮੇਂ ਇਹ ਕਿਸੇ ਤੋਂ ਖੁੱਲਾ ਰਹਿ ਗਿਆ। ਬਲਵੰਤ ਵੱਲ ਜਾਂ ਤਾਂ ਕਿਸੇ ਦੀ ਨਜ਼ਰ ਨਾ ਗਈ ਤੇ ਜਾਂ ਫਿਰ ਉਨ੍ਹਾਂ ਜਾਣ ਬੁੱਝ ਕੇ ਹੀ ਉਹਨੂੰ ਉਠਾਉਣ ਦੀ ਕੋਸ਼ਿਸ਼ ਨਾ ਕੀਤੀ।

ਹਰ ਵਿਆਹ ਸ਼ਾਦੀ ਦੇ ਮੌਕੇ 'ਤੇ ਤੇਜੋ ਨਾਲ ਇਸ ਤਰ੍ਹਾਂ ਹੀ ਹੁੰਦਾ ਸੀ। ਕੁੜੀਆਂ ਉਹਦੀਆਂ ਗੱਲਾਂ ਸੁਣਨ ਲਈ ਘੇਰ ਲੈਂਦੀਆਂ। ਫਿਰ ਤੇਜੋ ਸ਼ੁਰੂ ਹੋ ਜਾਂਦੀ। ਸਾਰੀਆਂ ਕੁੜੀਆਂ ਚੁੱਪ। ਕਿਸੇ ਦੀ ਵੀ ਅਵਾਜ਼ ਨਾ ਆਉਂਦੀ। ਸਿਰਫ ਤੇਜੋ ਦੀ। ਕਿਸੇ ਦਾ ਆਪਣਾ ਵਿਆਹ ਹੋਵੇ ਤੇ ਉਸਨੂੰ ਨੀਂਦ ਆ ਜਾਵੇ, ਇਹ ਕਿਸ ਤਰ੍ਹਾਂ ਹੋ ਸਕਦਾ। ਉਹ ਤਾਂ ਆਪਣੇ ਨਵੇਂ ਸਾਥੀ ਬਾਰੇ ਸੋਚੂਗਾ ਤੇ ਆਉਣ ਵਾਲੇ ਮਸਤੀ ਭਰੇ ਦਿਨਾਂ ਦੇ ਸੁਫਨੇ ਦੇਖੂਗਾ। ਬਲਵੰਤ ਵੀ ਐਵੇਂ ਅੱਖਾਂ ਮੀਟੀ ਪਿਆ ਸੀ।

ਕਮਰੇ 'ਚ ਆ ਕੇ ਤੇਜੋ ਨੇ ਦਰਵਾਜਾ ਬੰਦ ਕਰ ਲਿਆ ਸੀ। ਫਰਸ਼ 'ਤੇ ਵਿਛੀਆਂ ਦਰੀਆਂ, ਤਲਾਈਆਂ 'ਤੇ ਸਭ ਚੌਕੜੀ ਮਾਰ ਕੇ ਬਹਿ ਗਈਆਂ। "ਭਾਬੀ ਚੱਲ ਫੇ' ਹੋ ਜਾ ਸ਼ੁਰੂ। ਸੁਣਾ ਕੋਈ ਵਧੀਆ ਜਿਹੀ ..... । ਮਜ਼ਾ ਆ ਜਾਏ। " ਕੁੜੀਆਂ ਹੁਣ ਦੇਰ ਨਹੀਂ ਸੀ ਕਰਨੀ ਚਹੁੰਦੀਆਂ ।

" ਅੱਛਾ, ਅੱਛਾ! ਅੱਜ ਮੈਂ ਤੁਹਾਨੂੰ ਆਪਣੀ ਖੁਦ ਦੀ ਕਹਾਣੀ ਸੁਣਾਉਦੀ ਆਂ। " ਤੇਜੋ ਬੋਲੀ।

" ਮੇਰਾ ਜਨਮ ਜਿਸ ਘਰ ਵਿੱਚ ਹੋਇਆ, ਉੱਥੇ ਉਨ੍ਹਾਂ ਦਿਨਾਂ ਵਿੱਚ ਕੁੜੀਆਂ 'ਤੇ ਬਹੁਤ ਬੰਧਸ਼ਾਂ ਲੱਗੀਆਂ ਹੁੰਦੀਆਂ ਸੀ। ਉੱਚਾ ਬੋਲਣਾ ਨ੍ਹੀਂ, ਮੁੰਡਿਆਂ ਨਾਲ ਖੇਡਣਾ ਨ੍ਹੀਂ। ਨੰਗੇ ਸਿਰ ਘੁੰਮਣਾ ਨ੍ਹੀਂ। ਤੇ ਏਸੇ ਤਰ੍ਹਾਂ ਦੀਆਂ ਹੀ ਹੋਰ । ਮੈਂ ਜਨਮ ਤੋਂ ਹੀ ਕਾਫੀ ਸੁੰਦਰ ਸੀ। ਜਿਉਂ ਜਿਉਂ ਮੈਂ ਵੱਡੀ ਹੁੰਦੀ ਗਈ, ਮੇਰਾ ਰੂਪ ਰੰਗ, ਅੰਗ ਢੰਗ ਸਭ ਹੀ ਆਕਰਸ਼ਤ ਹੋਈ ਗਿਆ। ਪਰ ਘਰ ਦੇ ਮਹੌਲ ਮੁਤਾਬਿਕ ਹਰ ਨਵੇਂ ਦਿਨ ਇੱਕ ਸਹਿਮ ਜਿਹਾ, ਇੱਕ ਸੰਗ ਜਿਹੀ ਦੀ ਚਾਦਰ ਮੇਰੇ ਵਜੂਦ ਦੇ ਅੰਗ ਸੰਗ ਤਣਦੀ ਰਹੀ।

ਖੈਰ! ਮੈਂ ਜਵਾਨ ਹੋ ਗਈ। ਮੇਰਾ ਜਿਸਮ ਸੰਗਮਰਮਰ ਦੀ ਮੂਰਤੀ ਜਿਹਾ ਲੱਗਦਾ। ਤੇ ਰੰਗ ਜਿਵੇਂ ਜਵਾਰ ਦੇ ਆਟੇ ਵਿੱਚ ਸੰਧੂਰ ਮਿਲਾ ਦਿੱਤਾ ਹੋਵੇ। ਮੇਰੀ ਹਿੱਕ ਦੇ ਉਭਾਰ ਕਿਸੇ ਆਲ੍ਹਣੇ 'ਚ ਪਏ ਕਬੂਤਰਾਂ ਦੇ ਬੋਟ ਜਿਹੇ ਲੱਗਦੇ, ਜਿਨ੍ਹਾਂ ਦੀਆਂ ਅਜੇ ਅੱਖਾਂ ਵੀ ਨਾ ਖੁੱਲੀਆਂ ਹੋਣ। ਕਈ ਵਾਰ ਤਾਂ ਆਪਸ ਵਿੱਚ ਖਹਿ ਕੇ ਇਸ ਤਰ੍ਹਾਂ ਮਚਲਦੇ ਜਿਵੇਂ ਆਲ੍ਹਣੇ 'ਚ ਬੈਠੇ ਬੋਟ ਕਦੇ ਆਪਸ ਵਿੱਚ ਖਹਿ ਜਾਣ ਵੇਲੇ ਸੁਆਦ ਸੁਆਦ ਤੇ ਉਤਾਵਲੇ ਉਤਾਵਲੇ ਹੋ ਜਾਂਦੇ ਹਨ ਤੇ ਫਿਰ ਚੋਗੇ ਦੀ ਤਾਂਘ ਵਿੱਚ ਆਪਣੇ ਮੂੰਹ ਖੋਲ੍ਹ ਕੇ ਬਾਹਰ ਵੱਲ ਕਰ ਦਿੰਦੇ ਹਨ ਜਿਵੇਂ ਉਨ੍ਹਾਂ ਦੇ ਮਾਪੇ ਉਨ੍ਹਾਂ ਦੇ ਭੁੱਖੇ ਪੇਟ ਲਈ ਕੁਝ ਲੈ ਕੇ ਆ ਗਏ ਹੋਣ। ਤੇ ਫਿਰ ਬਿਨਾਂ ਕੁਝ ਪ੍ਰਾਪਤ ਕੀਤਿਆਂ ਮਾਯੂਸ ਜਿਹੇ ਹੋ ਕੇ ਬਹਿ ਜਾਂਦੇ ਹਨ ।

ਜਦੋਂ ਸੋਹਲਵੇਂ ਸਾਲ 'ਚੋਂ ਗੁਜ਼ਰ ਰਹੀ ਸੀ, ਓਦੋਂ ਤੁਰਦੀ ਤਾਂ ਮੈਨੂੰ ਲੱਗਦਾ ਜਿਵੇਂ ਹਵਾ 'ਚ ਉੱਡ ਰਹੀ ਹੋਵਾਂ। ਹਵਾ ਦਾ ਬੁੱਲਾ ਜਦੋਂ ਮੇਰੇ ਸਿਰ ਤੋਂ ਗੁਜ਼ਰਦਾ ਤਾਂ ਵਾਲਾਂ ਦੀ ਇੱਕ ਲਟ ਜਿਹੀ ਮੇਰੇ ਚੌੜੇ ਮੱਥੇ 'ਤੇ ਨਾਚ ਕਰ ਉੱਠਦੀ ਤੇ ਮੈਂ ਆਪਣੀ ਚੀਚੀ ਦੇ ਨਾਲ ਲੱਗਦੀ ਉਂਗਲ ਨਾਲ ਇਹਨੂੰ ਸੰਵਾਰਦੀ ਰਹਿੰਦੀ। ਲੋਕ ਮੇਰੇ ਵੱਲ ਦੇਖਦੇ ਤਾਂ ਮੈਂ ਆਪਣੇ ਆਲੇ ਦੁਆਲੇ ਦੇਖਣ ਲੱਗ ਪੈਂਦੀ। ਮੈਨੂੰ ਹਮੇਸ਼ਾ ਇਹ ਵਹਿਮ ਰਹਿੰਦਾ ਕਿ ਖੌਰੇ ਮੇਰੇ ਵਿੱਚ ਕੋਈ ਨੁਕਸ ਹੈ ਜਾਂ ਕਿਤੇ ਕੁਛ ਲੱਗਾ ਹੋਇਆ ਹੈ। ਤੇ ਜਦੋਂ ਕੋਈ ਨੁਕਸ ਨਾ ਲੱਭਦਾ ਤਾਂ ਮੈਂ ਫੇਰ ਅਗਾਂਹ ਤੁਰ ਪੈਂਦੀ।

ਜੇ ਮੈਂ, ਆ ਜਾ ਰਹੀ ਕਿਸੇ ਕੁੜੀ ਵਿੱਚ ਵੀ ਵੱਜ ਜਾਂਦੀ ਤਾਂ ਇੱਕ ਕਰੰਟ ਜਿਹਾ ਮੇਰੇ ਵਜੂਦ ਵਿੱਚੋਂ ਦੀ ਗੁਜ਼ਰ ਜਾਂਦਾ। ਮੇਰਾ ਦਿਲ ਧੱਕ ਧੱਕ ਕਰਨ ਲੱਗ ਪੈਂਦਾ ਤੇ ਮੱਠਾ ਮੱਠਾ ਦਰਦ ਜਿਹਾ ਕਿੰਨਾ ਕਿੰਨਾ ਚਿਰ ਹੁੰਦਾ ਰਹਿੰਦਾ।

ਤੇ ਇੱਕ ਵਾਰੀ ਮੈਂ ਅਚਾਨਕ ਹੀ ਇੱਕ ਜਵਾਨ ਮੁੰਡੇ ਵਿੱਚ ਵੱਜ ਗਈ। ਸਾਹਮਣੇ ਇੱਕ ਮੋੜ ਸੀ। ਮੈਂ ਇਧਰੋਂ ਜਾ ਰਹੀ ਸੀ, ਉਹ ਉਧਰੋਂ ਆ ਰਿਹਾ ਸੀ। ਮੇਰੀ ਛਾਤੀ ਧੈਅ ਕਰਦੀ ਉਹਦੀ ਹਿੱਕ ਵਿੱਚ ਜਾ ਲੱਗੀ। ਮੇਰਾ ਉਪਰਲਾ ਸਾਹ ਉੱਪਰ ਤੇ ਹੇਠਲਾ ਸਾਹ ਹੇਠਾਂ ਰਹਿ ਗਿਆ। ਮੈਂ ਕੰਬ ਜਿਹੀ ਗਈ, ਜਿਵੇਂ ਮੈਨੂੰ ਕੋਈ ਸੱਪ ਡੰਗ ਗਿਆ ਹੋਵੇ। ਤੇ ਫਿਰ ਮੈਂ ਦੌੜ ਗਈ ਸੀ।

ਬਾਅਦ 'ਚ ਮੈਂ ਜੀਤੇ (ਬਲਵੰਤ ਦੇ ਮਾਮੇ ਦਾ ਲੜਕਾ) ਨਾਲ ਮੰਗੀ ਗਈ। ਇੱਕ ਵਾਰ ਮੈਂ ਪੰਜਾਂ ਸੱਤਾਂ ਦਿਨਾਂ ਲਈ ਆਪਣੀ ਭੂਆ ਦੇ ਪਿੰਡ ਕਿਸੇ ਵਿਆਹ 'ਤੇ ਗਈ ਹੋਈ ਸੀ। ਸੁਭਾਗ ਨਾਲ ਉਸੇ ਪਿੰਡ ਜੀਤੇ ਦੀ ਵੀ ਰਿਸ਼ਤੇਦਾਰੀ ਸੀ।

ਵਿਆਹ ਤੋਂ ਇੱਕ ਦਿਨ ਪਹਿਲਾਂ ਮੈਂ ਬਾਹਰ ਗਲੀ ਵਿੱਚ ਮੰਜੇ 'ਤੇ ਬੈਠੀ ਕੱਪੜੇ ਸੀਵਾਂ, ਤੇ ਇਹ ਚੁੱਪ ਚਾਪ ਆ ਕੇ ਮੇਰੇ ਮੰਜੇ ਕੋਲ ਖੜ੍ਹ ਗਿਆ। ਇੱਕ ਪੈਰ ਸਾਇਕਲ ਉੱਤੇ ਤੇ ਇੱਕ ਪੈਰ ਮੰਜੇ ਦੀ ਬਾਹੀ 'ਤੇ ਰੱਖ ਕੇ ਇਹਨੇ ਮੇਰੇ ਵੱਲ ਤੱਕਿਆ। ਮੈਂ ਘਬਰਾ ਗਈ। ਮੈਂ ਕਿਹੜਾ ਜਾਣਦੀ ਸੀ ਇਹਨੂੰ । ਮੈਂ ਇਹਦੇ ਵੱਲ ਦੇਖੀ ਜਾਵਾਂ ਤੇ ਇਹ ਮੇਰੇ ਵੱਲ।

" ਵੇ ਜੀਤੇ! ਏਥੇ ਤਾਂ ਤੇਜੋ ਆਈ ਹੋਈ ਆ। " ਮੇਰੀ ਭੂਆ ਦੀ ਕੁੜੀ ਸ਼ੀਰੀ ਦੀ ਅਵਾਜ ਮੇਰੇ ਕੰਨੀਂ ਪਈ। ਜਿਹੜੀ ਆਪਣੇ ਚਾਚੇ ਦੇ ਘਰੋਂ ਨਿਕਲੀ ਸੀ। ਸ਼ਾਇਦ ਉਸ ਨੇ ਜੀਤੇ ਨੂੰ ਹੀ ਦੇਖਿਆ ਸੀ, ਮੈਨੂੰ ਨਈਂ। ਮੈਂ ਦੌੜ ਕੇ ਅੰਦਰ ਦਾ ਵੜੀ।

" ਹੁਣ ਤਾਂ ਬਾਹਰ ਆ ਈ ਜਾ । ਕੀ ਫੈਦਾ ਅੰਦਰ ਜਾ ਕੇ ਬਹਿਣ ਦਾ । ਦੇਖ ਤਾਂ ਮੈਂ ਲਿਆ ਈ ਆ ਤੈਨੂੰ। " ਇਹ ਕਹਿਣ ਲੱਗਾ।

ਤੇ ਫਿਰ ਮੈਂ ਬਾਹਰ ਆ ਗਈ। ਇਹ ਮੇਰੇ ਭਰਾ (ਭੂਆ ਦਾ ਲੜਕਾ) ਨੂੰ ਪਹਿਲਾਂ ਈ ਜਾਣਦਾ ਸੀ। ਚਾਹ ਪਾਣੀ ਪਿਲਾਉਣ ਤੋਂ ਬਾਅਦ ਉਹ ਇਹਨੂੰ ਤੋਰਨ ਗਿਆ। ਪਤਾ ਨ੍ਹੀਂ ਰਾਹ 'ਚ ਕੀ ਗਿੱਟ ਮਿੱਟ ਕੀਤੀ ਇਨ੍ਹਾਂ ਨੇ, ਫਿਰ ਘਰ ਆ ਬਹੁੜੇ। ਮੇਰਾ ਤਾਂ ਘਰ ਤੋਂ ਬਾਹਰ ਨਿਕਲਣ ਨੂੰ ਚਿੱਤ ਨਾ ਕਰੇ। ਭਰਾ ਮੇਰਾ ਕਹੇ ਰੋਟੀ ਪਾਣੀ ਦਾ ਪ੍ਰਬੰਧ ਕਰੋ, ਸਵੇਰੇ ਚਲਾ ਜਾਏਗਾ।

ਗੱਲ ਕੀ, ਰੋਟੀ ਬਣਾਈ, ਖੁਆਈ। ਵਿਆਹ ਤਾਂ ਭੂਆ ਦੀ ਜਠਾਣੀ ਦੀ ਕੁੜੀ ਦਾ ਸੀ। ਬਾਹਰ ਵਿਹੜੇ 'ਚ ਕੁੜੀਆਂ ਨੱਚਣ, ਟੱਪਣ ਤੇ ਮੈਂ ਪਿੰਜਰੇ 'ਚ ਤੜੇ ਪੰਛੀ ਵਾਂਗ ਅੰਦਰ ਵੜੀ ਰਹੀ। ਸੌ ਸੰਗ ਸ਼ਰਮ। ਮੈਂ ਡਰਦੀ ਬਾਹਰ ਨਾ ਨਿਕਲਾਂ।

" ਤੂੰ ਕਿਉਂ ਨ੍ਹੀਂ ਨੱਚਦੀ ? ਮੈਂ ਤੈਨੂੰ ਕਿਹੜਾ ਕੁਝ ਕਹਿਣ ਲੱਗਾਂ। " ਪਤਾ ਨਈਂ ਕਿੱਦਾਂ ਕਿਸੇ ਨੂੰ ਪਤਾ ਨ੍ਹੀਂ ਲੱਗਣ ਦਿੱਤਾ ਇਸਨੇ। ਇਹ ਆ ਕੇ ਮੈਨੂੰ ਕਹਿਣ ਲੱਗਾ।

" ਪਰ ਲੋਕ ਕੀ ਕਹਿਣਗੇ ? " ਮੈਂ ਕਿਹਾ ਸੀ। ਪਰ ਇਹਨੇ ਤਾਂ ਬਾਂਹ ਹੀ ਫੜ ਲਈ ਮੇਰੀ। ਮੈਂ ਕੰਬ ਗਈ। ਤੇ ਸ਼ਰਮ ਨਾਲ ਪਾਣੀ ਪਾਣੀ ਹੋ ਗਈ। " ਤੂੰ ਚੱਲ! ਮੈਂ ਅਉਨੀਂ ਆਂ." ਕਹਿ ਕੇ ਮੈਂ ਕੁੜੀਆਂ 'ਚ ਜਾ ਵੜੀ । ਸੰਗ ਸ਼ਰਮ ਤਾਂ ਹੁਣ ਮੇਰੀ ਵੀ ਲਹਿ ਗਈ ਸੀ। ਤੇ ਅਸੀਂ ਉਹ ਭੰਗੜਾ ਪਾਇਆ, ਉਹ ਭੰਗੜਾ ਪਾਇਆ ਕਿ ਰਹੇ ਰੱਬ ਦਾ ਨਾਂਅ। ਵਿੱਚੇ ਈ ਇਹ ਆ ਵੜਿਆ। ਮੈਂ ਤੇ ਕੁੜੀਆਂ ਲੋਟ ਪੋਟ ਹੋ ਗਈਆਂ। ਏਨੇ ਨਖਰੇ ਕੀਤੇ ਸੀ ਇਸਨੇ।

ਫਿਰ ਮੇਰੇ ਘਰਦਿਆਂ ਨੇ ਮੇਰਾ ਵੀ ਵਿਆਹ ਧਰ ਦਿੱਤਾ। ਲਗਨ ਮੰਡਪ ਵਿੱਚ ਜਦੋਂ ਪੰਡਤ ਨੇ ਮੇਰਾ ਹੱਥ ਜੀਤੇ ਦੇ ਹੱਥ 'ਤੇ ਰੱਖਿਆ ਤਾਂ ਮੇਰੇ ਅੰਦਰ ਇੱਕ ਕਾਂਬਾ ਜਿਹਾ ਛਿੜ ਗਿਆ। ਮੈਨੂੰ ਲੱਗਾ ਮੈਂ ਅੱਗ 'ਤੇ ਪਏ ਘਿਓ ਵਾਂਗ ਖੁਰਦੀ ਜਾ ਰਹੀ ਹਾਂ, ਸੜਦੀ ਜਾ ਰਹੀ ਹਾਂ। ਮੇਰਾ ਚਿੱਤ ਕੀਤਾ ਕਿ ਮੈਂ ਆਪਣਾ ਹੱਥ ਜੀਤੇ ਦੇ ਹੱਥ 'ਚੋਂ ਖਿੱਚ ਲਵਾਂ ਤੇ ਅੰਦਰ ਦੌੜ ਜਾਵਾਂ। ਪਰ ਮੈਂ ਬੈਠੀ ਰਹੀ।

ਲਾਵਾਂ ਹੋ ਕੇ ਹਟੀਆਂ ਹੀ ਸੀ ਅਜੇ। ਇੱਕ ਹਾੜ੍ਹ ਦਾ ਮਹੀਨਾ ਤੇ ਦੂਜਾ ਮੂੰਹ ਸਿਰ ਲਪੇਟਿਆ ਹੋਣ ਕਰ ਕੇ ਮੈਨੂੰ ਗਰਮੀ ਨਾਲ ਅੰਦਰ ਵੜਦਿਆਂ ਹੀ ਚੱਕਰ ਜਿਹਾ ਆਇਆ ਤੇ ਗਸ਼ੀ ਪੈ ਗਈ। ਮੈਂ ਬੇਹੋਸ਼ ਹੋ ਗਈ। ਖੌਰੇ ਕਿਸ ਤਰ੍ਹਾਂ ਇਹਨੂੰ ਖਬਰ ਲੱਗ ਗਈ। " ਕੀ ਹੋਇਆ ਤੇਜੋ ਨੂੰ .... ਕੀ ਹੋਇਆ ਤੇਜੋ ਨੂੰ " ਕਹਿੰਦਾ ਇਹ ਅੰਦਰ ਆ ਵੜਿਆ। ਛੋਟੇ ਚਾਚੇ (ਜੀਤੇ ਦਾ ਚਾਚਾ) ਨੇ ਤਾਂ ਇੱਕ ਚਪੇੜ ਵੀ ਮਾਰੀ ਇਹਦੇ, ਪਰ ਇਹ ਨਾ ਠਹਿਰਿਆ। ਕਿਸੇ ਨਿਆਣੇ ਤੋਂ ਕੁਲਫੀ ਖੋਹ ਕੇ ਮੇਰੇ ਮੂੰਹ ਵਿੱਚ ਧੱਕੀ ਜਾਵੇ। ਏਨੀ ਕੁ ਤਾਂ ਹੋਸ਼ ਆ ਗਈ ਸੀ ਮੈਨੂੰ।

" ਦੇਖੋ ਨੀਂ ਕੀ ਕਰਦਾ ਏ ਮੁੰਡਾ! ਵੇ ਜਾਹ ਸਾਂਭ ਆਪਣੇ ਆਪ ਨੂੰ । " ਕੁੜੀਆਂ ਇਹਨੂੰ ਝੇਡਾਂ ਕਰਨ। ਹੁਣ ਵੀ ਜਦੋਂ ਕਦੇ ਗੁੱਸੇ ਹੋ ਜਾਵਾਂ, ਤਾਂ ਆਪ ਈ ਬੁਲਾਊ। " ਕੀ ਗੱਲ ਐ ਸ਼ਾਹ ਜੀ, ਅੱਜ ਬੋਲਦੇ ਕਿਉਂ ਨ੍ਹੀਂ। ਮੇਰੇ ਨਾਲ। ਕੋਈ ਗੱਲ ਤਾਂ

ਕਰੋ ਸੋਹਣਿਉ। "

ਮੇਰੀ ਸੁਹਾਗਰਾਤ ਆਈ। ਕੁੜੀਆਂ ਬੁੜੀਆਂ ਮੈਨੂੰ ਕਮਰੇ 'ਚ 'ਕੱਲੀ ਛੱਡ ਕੇ ਬਾਹਰ ਚਲੇ ਗਈਆਂ। ਜੀਤਾ ਮੇਰੇ ਕੋਲ ਆ ਬੈਠਾ ਤਾਂ ਮੇਰੀਆਂ ਨਜ਼ਰਾਂ ਪਲੰਘ ਦੀ ਨਵਾਰ ਪਾੜ੍ਹ ਕੇ ਜ਼ਮੀਨ ਵਿੱਚ ਗੱਡੀਆਂ ਗਈਆਂ। ਜੀਤੇ ਦੇ ਇੱਕ ਹੱਥ ਦੀ ਛੋਹ ਮੇਰੀ ਠੋਡੀ 'ਤੇ ਉੱਭਰੀ। ਇੱਕ ਦਬਾਅ ਜਿਹਾ ਮੇਰੇ ਚਿਹਰੇ ਨੂੰ ਜ਼ਮੀਨ ਤੋਂ ਉਤਾਂਹ ਪੁੱਟ ਲਿਆਇਆ। ਮੇਰੀਆਂ ਅੱਖਾਂ ਬੰਦ ਹੋ ਗਈਆਂ। ਗਰਮ ਗਰਮ ਸਾਹਾਂ ਦਾ ਸੇਕ ਮੇਰੇ ਚਿਹਰੇ ਦੀ ਉਪਰਲੀ ਪਰਤ 'ਤੇ ਮਹਿਸੂਸ ਹੋਣ ਲੱਗਾ ਤਾਂ ਮੈਂ ਚਿਹਰਾ ਘੁਮਾ ਲਿਆ।

ਮੇਰੀ ਇਸ ਹਰਕਤ ਨੇ ਜੀਤੇ ਨੂੰ ਜਿਵੇਂ ਝੰਜੋੜ ਕੇ ਰੱਖ ਦਿੱਤਾ। ਇੱਕ ਅੰਗੜਾਈ ਜਿਹੀ ਮੇਰੇ ਵਜੂਦ ਨੇ ਲਈ ਤੇ ਮੇਰੀਆਂ ਬਾਹਾਂ ਪੂਰੇ ਜ਼ੋਰ ਨਾਲ ਬਾਹਰ ਵੱਲ ਖੁੱਲੀਆਂ। ਤੇ ਇਸ ਦੇ ਨਾਲ ਹੀ ਇੱਕ ਅਹਿਸਾਸ ਮੇਰੇ ਦਿਮਾਗ 'ਚ ਉੱਭਰਿਆ ਕਿ ਇਹ ਬਾਹਾਂ ਜਿੰਨੇ ਜ਼ੋਰ ਨਾਲ ਬਾਹਰ ਵੱਲ ਖੁੱਲੀਆਂ, ਓਨੇ ਹੀ ਜ਼ੋਰ ਨਾਲ ਮੇਰੀ ਆਪਣੀ ਹਿੱਕ ਵੱਲ ਵੀ ਮੁੜ ਜਾਣ ਤੇ ਕੋਈ ਸਖਤ ਸਖਤ ਠੋਸ ਅਕਾਰ ਇਨ੍ਹਾਂ ਬਾਹਾਂ ਵਿੱਚ ਆ ਜਾਵੇ ਤਾਂ ਮੈਂ ਉਸ ਅਕਾਰ ਨੂੰ ਆਪਣੀਆਂ ਇਨ੍ਹਾਂ ਬਾਹਾਂ ਵਿੱਚ ਘੁੱਟ ਲਵਾਂ ਤੇ ਓਦੋਂ ਤੱਕ ਨਾ ਛੱਡਾਂ ਜਦੋਂ ਤੱਕ ਇਹ ਬਾਹਾਂ ਥੱਕ ਕੇ ਚੂਰ ਨਾ ਹੋ ਜਾਣ ਤੇ ਆਪੇ ਢਿੱਲੀਆਂ ਨਾ ਪੈ ਜਾਣ।

ਅਗਲੇ ਹੀ ਪਲ ਮੈਂ ਆਪਣੀ ਬਾਂਹ ਨੂੰ ਜੀਤੇ ਦੇ ਹੱਥ ਵਿੱਚ ਘੁਟਿਆ ਹੋਇਆ ਮਹਿਸੂਸ ਕੀਤਾ। ਮੈਂ ਕਾਲੀਆਂ ਤੇ ਸ਼ਰਮੀਲੀਆਂ ਅੱਖਾਂ ਤੋਂ ਪਲਕਾਂ ਪੁੱਟ ਕੇ ਤਿਰਛਾ ਜਿਹਾ ਜੀਤੇ ਵੱਲ ਤੱਕਿਆ। ਮੈਨੂੰ ਲੱਗਾ ਜਿਵੇਂ ਮੇਰੀ ਇਹ ਹਰਕਤ ਨੇ ਜੀਤੇ ਨੂੰ ਕਤਲ ਕਰ ਦਿੱਤਾ ਹੋਵੇ। ਮੇਰੀ ਇਸ ਸੋਚ ਨਾਲ ਮੇਰਾ ਚਿਹਰਾ ਲਾਲ ਸੁਰਖ ਹੋ ਗਿਆ । ਸਾਇਦ ਮੈਂ ਸ਼ਰਮਾ ਗਈ ਸੀ।

ਬਾਹਰੀ ਤੌਰ ਤੇ ਮੈਂ ਆਪਣੇ ਜ਼ਿਹਨ ਵਿੱਚ ਮਰਦਾਂ ਵਾਂਗ ਮੁੱਛਾਂ ਨੂੰ ਵੱਟ ਦੇ ਰਹੀ ਸੀ, ਪਰ ਅੰਦਰੋਂ ਮੈਂ ਡਰ ਗਈ। ਪਤਾ ਨ੍ਹੀਂ ਕੀ ਹੋਵੇਗਾ। ਜੀਤੇ ਨੇ ਚਲਾਕੀ ਨਾਲ ਪਲੰਘ ਲਾਗਿਉਂ ਕੋਈ ਬਟਨ ਦਬਾ ਦਿੱਤਾ ਸੀ। ਬੱਤੀ ਗੁੱਲ ਹੋ ਗਈ ਸੀ। ਘੁੱਪ ਹਨੇਰੇ 'ਚ ਮੈਂ ਸਹਿਮ ਕੇ ਜੀਤੇ ਦੀ ਹਿੱਕ ਨਾਲ ਜਾ ਲੱਗੀ। ਮੇਰਾ ਦਿਲ ਬੁਰੀ ਤਰ੍ਹਾਂ ਉੱਪਰ ਥੱਲੇ ਹੋ ਰਿਹਾ ਸੀ, ਜਿਵੇਂ ਕੋਈ ਅੰਦਰੋਂ ਬਾਹਰ ਨੂੰ ਹਥੌੜੇ ਮਾਰ ਰਿਹਾ ਹੋਵੇ। ਜੀਤੇ ਦੀਆਂ ਬਾਹਾਂ ਨੇ ਮੇਰੇ ਪੂਰੇ ਵਜੂਦ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਤੇ ਮੇਰੇ ਬੁੱਲ ਜੀਤੇ ਦੇ ਬੁੱਲਾਂ ਵਿੱਚ ਘੁੱਟੇ ਗਏ।

ਇੱਕ ਅੱਗ ਜਿਹੀ ਮੇਰੇ ਅੰਦਰ ਲੱਗ ਗਈ। ਮੂੰਹ ਸੁੱਕਣ ਲੱਗਾ, ਜ਼ੁਬਾਨ ਤਾਲੂ ਨਾਲ ਜਾ ਲੱਗੀ ਤੇ ਬੁੱਲ ਖੁਸ਼ਕ ਹੋ ਗਏ ਜਿਵੇਂ ਬੁਹਤ ਦੇਰ ਦੀ ਪਿਆਸੀ ਹੋਵਾਂ। ਮੈਨੂੰ ਲੱਗਾ ਜਿਵੇਂ ਕੋਈ ਬੁਹਤ ਵੱਡਾ ਤੂਫਾਨ ਆਉਣ ਵਾਲਾ ਹੋਵੇ ਤੇ ਮੈਂ ਜੀਤੇ ਦੇ ਨਾਲ ਹੋਰ ਜਿਆਦਾ ਹੋਰ ਜਿਆਦਾ ਲੱਗਦੀ ਗਈ, ਚੁੰਬੜਦੀ ਗਈ।

ਮੇਰੇ ਕੰਨਾਂ ਵਿੱਚ ਮੇਰੀ ਆਪਣੀ ਹੀ ਚੀਖ ਜਿਹੀ ਉੱਭਰੀ ਤੇ ਫਿਰ ਮਿੱਠੀਆਂ ਮਿੱਠੀਆਂ ਸਿਸਕੀਆਂ ਤੇ ਫਿਰ ਮੈਨੂੰ ਲੱਗਾ ਜਿਵੇਂ ਕੋਈ ਬਹੁਤ ਦੂਰੋਂ ਦੌੜ ਕੇ ਆਇਆ ਹੋਵੇ ਤੇ ਹੁਣ ਮੇਰੇ ਲਾਗੇ ਹੀ ਲੁਕਿਆ ਹਫ ਰਿਹਾ ਹੋਵੇ । ਕਿੰਨਾਂ ਹੀ ਚਿਰ ਮੈਂ ਇਨ੍ਹਾਂ ਪਲਾਂ ਬਾਰੇ ਸੋਚਦੀ ਰਹੀ। ਇੱਕ ਮੁਸਕਰਾਹਟ ਜਿਹੀ ਮੇਰੇ ਬੁੱਲਾਂ 'ਤੇ ਤੈਰ ਗਈ ਤੇ ਮੈਂ ਅੰਦਰ ਹੀ ਅੰਦਰ

ਹੱਸ ਪਈ, ਸ਼ਾਇਦ ਆਪਣੇ ਆਪ ਉੱਤੇ । ਮੈਂ ਆਪਣੇ ਚਿਹਰੇ 'ਤੇ ਦੋਵੇਂ ਹੱਥ ਰੱਖ ਲਏ। ਮੈਨੂੰ ਆਪਣੇ ਆਪ ਤੋਂ ਹੀ ਸੰਗ ਆ ਰਹੀ ਸੀ। ਹੋਰ ਕਿਤੇ ਓਹਲਾ ਨਾ ਦੇਖ ਕੇ ਮੈਂ ਫਿਰ ਜੀਤੇ ਦੀ ਹਿੱਕ ਵਿੱਚ ਸਿਰ ਦੇ ਦਿੱਤਾ ਤੇ ਬਾਹਾਂ ਉਹਦੇ ਦੁਆਲੇ ਕੱਸ ਦਿੱਤੀਆਂ।

ਮੇਰੀ ਸ਼ਾਦੀ ਹੋਇਆਂ ਹੁਣ ਕਈ ਸਾਲ ਹੋ ਗਏ ਹਨ। ਹੁਣ ਮੈਂ ਜੀਤੇ ਕੋਲ ਜਾਂਦੀ ਸੰਗਦੀ ਨਈਂ। ਜਦੋਂ ਕਦੇ ਉਹ ਬਾਹਰ ਕੰਮ 'ਤੇ ਚਲਾ ਜਾਂਦਾ ਤੇ ਕਈ ਕਈ ਦਿਨ ਘਰ ਨ੍ਹੀਂ ਮੁੜਦਾ ਤਾਂ ਮੈਂ ਆਪਣੇ ਨਿੱਤ ਦੇ ਕੰਮ ਖਤਮ ਕਰਕੇ ਰਾਤ ਨੂੰ ਬੜੇ ਅਰਾਮ ਨਾਲ ਆਪਣੇ ਨੀਂਦੇ ਸੌਂਦੀ ਹਾਂ ਤੇ ਸਵੇਰੇ ਤਰੋ ਤਾਜਾ ਉੱਠ ਕੇ ਆਪਣੇ ਆਹਰ ਵਿੱਚ ਲੱਗ ਜਾਂਦੀ ਹਾਂ। ਪਰ ਜਦੋਂ ਜੀਤਾ ਘਰ ਹੋਵੇ ਤਾਂ ਮੇਰਾ ਦਿਲ ਗੁਟਕਣ ਲੱਗਦਾ ਹੈ ਤੇ ਮੇਰੇ ਪੈਰ ਟਪੂੰ ਟਪੂੰ ਕਰਨ ਲੱਗ ਪੈਂਦੇ ਆ। ਰਾਤ ਪੈਣ ਤੱਕ ਮੈਂ ਮੋਰਨੀ ਵਾਂਗ ਨੱਚਦੀ ਰਹਿੰਦੀ ਆਂ, ਤੇ ਰਾਤ ਨੂੰ........।

ਉਸ ਰਾਤ ਦੀ ਸੁਣੀ ਇਹ ਕਹਾਣੀ ਨੂੰ ਬਲਵੰਤ ਨੇ ਪਤਾ ਨ੍ਹੀਂ ਕਿਉਂ ਨਸ਼ੇ ਨਾਲ ਜੋੜ ਲਿਆ ਸੀ। ਉਹ ਕਹਿੰਦਾ, "ਸਿਗਰਟ ਪੀਣ ਤੋਂ ਪਹਿਲਾਂ ਮੈਂ ਵੀ ਇਸ ਨੂੰ ਨਫਰਤ ਕਰਦਾ ਸੀ। ਜੇ ਕੋਈ ਲਾਗੇ ਆ ਕੇ ਧੂੰਆਂ ਸੁੱਟਦਾ ਤਾਂ ਮੈਂ ਉਸ ਨੂੰ ਮਾਰਨ ਕੁੱਟਣ ਤੱਕ ਜਾਂਦਾ ਸੀ। ਤੇਜੋ ਵਾਂਗ ਮੈਂ ਵੀ ਪਹਿਲਾਂ ਸਿਗਰਟ ਨੂੰ ਹੱਥ ਲਾਉਣ ਤੋਂ ਡਰਦਾ ਸੀ ਜਿਵੇਂ ਉਹ ਕਿਸੇ ਮਰਦ ਨੂੰ ਹੱਥ ਲਾਉਣ ਤੋਂ ਡਰਦੀ ਸੀ। ਪਤਾ ਨ੍ਹੀਂ ਇਸ ਨਾਲ ਕੀ ਹੋ ਜਾਣੈ।

ਪਰ ਜਦੋਂ ਪੀਤੀ ਤਾਂ ਧੂਆਂ ਮੈਨੂੰ ਕੌੜਾ ਜਿਹਾ ਲੱਗਾ ਤੇ ਬੇਸੁਆਦ ਜਿਹਾ ਵੀ। ਅੱਖਾਂ ਵਿੱਚ ਪਾਣੀ ਆ ਗਿਆ ਤੇ ਹੁੱਥੂ ਜਿਹਾ ਵੀ ਛਿੜ ਪਿਆ। ਹੌਲੀ ਹੌਲੀ ਇਹ ਮੈਨੂੰ ਚੰਗਾ ਲੱਗਣ ਲੱਗ ਪਿਆ। ਮੈਂ ਕੋਈ ਇਸ ਦੀ ਆਦਤ ਤਾਂ ਨਈਂ ਪਾਈ। ਮੈਂ ਇਸ ਤੋਂ ਬਿਨਾਂ ਰਹਿ ਵੀ ਸਕਦਾ ਹਾਂ। ਕਈ ਵਾਰੀ ਤਾਂ ਕਈ ਕਈ ਦਿਨ ਲੰਘ ਜਾਂਦੇ ਆ ਬਿਨਾਂ ਪੀਤਿਆਂ।

ਬਸ ਐਵੇਂ ਰਹਿ ਨ੍ਹੀਂ ਹੁੰਦਾ। ਪੈਕਟ ਸਾਹਮਣੇ ਪਿਆ ਹੋਵੇ ਤਾਂ ਇੱਕ ਤਲਬ ਜਿਹੀ, ਤ੍ਰੇਹ ਜਿਹੀ ਮੇਰੇ ਅੰਦਰ ਉੱਠਦੀ ਐ ਤਾਂ ਮੈਂ ਇਹਨੂੰ ਪੂਰਾ ਕਰਨ ਲਈ ਪੈਕਟ ਵੱਲ ਹੱਥ ਵਧਾ ਦਿੰਦਾ ਹਾਂ। ਐਨ ਤੇਜੋ ਦੀ ਤਰ੍ਹਾਂ ਜਿਹੜੀ ਆਪਣੇ ਮਰਦ ਬਾਰੇ ਬਿਨਾਂ ਕੁਝ ਸੋਚੇ ਸਾਰਾ ਸਾਰਾ ਦਿਨ ਕੰਮ ਕਰਦੀ ਰਹਿੰਦੀ ਐ, ਜੀਤਾ ਕਿਤੇ ਬਾਹਰ ਗਿਆ ਹੋਵੇ ਤਾਂ ਉਹ ਕਈ ਕਈ ਦਿਨ ਕੱਟ ਗੁਜਰਦੀ ਐ। ਪਰ ਜਦੋਂ ਜੀਤਾ ਉਹਦੇ ਕੋਲ ਹੋਵੇ ਤਾਂ ਉਹ....। "

"ਫਿਰ ਕੀ ਬਣਿਆਂ ਤੇਰੇ ਦਰਦ ਦਾ" ਇਸ ਤੋਂ ਪਹਿਲਾਂ ਕਿ ਉਹ ਇਹ ਕਹਾਣੀ ਹੁਣ ਫਿਰ ਸ਼ੁਰੂ ਕਰ ਦਿੰਦਾ, ਮੈਂ ਉਹਨੂੰ ਗੁਰਦੀਪ ਵੱਲ ਮੋੜਨ ਦੀ ਕੋਸ਼ਿਸ਼ ਕੀਤੀ ਸੀ।

" ਕੁਛ ਨਈਂ। ਆਹ ਇੱਕ ਖ਼ਤ ਲਿਖਿਆ ਏ ਮੈਂ ਉਹਨੂੰ । ਫਿਰ ਦੇਖਾਂਗੇ ਕੀ ਬਣਦੈ । ਦੇਖ ਤਾਂ ਜ਼ਰਾ। " ਉਹਨੇ ਕੁਝ ਕਾਗਜ਼ ਜੇਬ 'ਚੋਂ ਕੱਢ ਕੇ ਮੇਰੇ ਵੱਲ ਵਧਾ ਦਿੱਤੇ। ਮੈਂ ਦੇਖਿਆ ਉਸਨੇ ਇਹ ਖ਼ਤ ਬਿਨਾਂ ਕਿਸੇ ਨੂੰ ਸੰਬੋਧਨ ਤੇ ਸਲਾਮ ਕੀਤਿਆਂ ਹੀ ਲਿਖ ਦਿੱਤਾ ਸੀ । ਸ਼ਾਇਦ ਉਹਨੂੰ ਕੁਝ ਸੁੱਝਿਆ ਹੀ ਨਹੀਂ ਸੀ। ਮੈਂ ਪੜ੍ਹਨਾ ਸ਼ੁਰੂ ਕੀਤਾ।

ਯਾਰ ਮੌਸਮਾਂ ਨੇ ਪਲਟਾ ਖਾ ਲਿਆ, ਪਰ ਤੂੰ ਨ੍ਹੀਂ ਪਲਟਿਆ। ਪਹਿਲਾਂ ਠੰਡ ਦੀਆਂ ਲੰਮੀਆਂ ਰਾਤਾਂ ਹੌਲੀ ਹੌਲੀ ਘਟਦੀਆਂ ਰਹੀਆਂ । ਦਿਨਾਂ ਵਿੱਚ ਵੀ ਫਰਕ ਜਿਹਾ

ਪੈਂਦਾ ਰਿਹੈ। ਸੂਰਜ ਸ਼ਾਮ ਨੂੰ ਪਹਿਲਾਂ ਨਾਲੋਂ ਦੇਰ ਨਾਲ ਹੀ ਓਹਲੇ ਹੁੰਦਾ ਤੇ ਸਵੇਰੇ ਵੀ ਅੱਖ ਛੇਤੀ ਹੀ ਖੋਲ੍ਹ ਲੈਂਦਾ।

ਠੰਡ ਲੰਘ ਗਈ, ਪਰ ਮੈਨੂੰ ਕੋਈ ਫਰਕ ਨਈਂ ਪਿਆ। ਮੈਨੂੰ ਠੰਡ ਲੱਗੀ ਈ ਨਈਂ ਉਨ੍ਹੀਂ ਦਿਨੀਂ । ਇੱਕ ਅੱਗ ਜਿਹੀ ਮੇਰੇ ਅੰਦਰ ਲੱਗੀ ਰਹੀ । ਜਵਾਲਾਮੁਖੀ ਦੀ ਤਰ੍ਹਾਂ । ਐਨੀ ਤੇਜ਼! ਬਸ ਲੂਹ ਹੀ ਦਿੰਦੀ। ਅੱਗ ਅੱਗ ਹੀ ਹੁੰਦੀ ਆ। ਕਦੇ ਕਦੇ ਤਾਂ ਜੀਅ ਕਰਦਾ, ਰਜਾਈ ਵੀ ਪਰ੍ਹੇ ਵਗਾਹ ਮਾਰਾਂ । ਸਿਆਲ ਦੀ ਰੁੱਤੇ ਗਰਮੀ ? ਹਾਂ। ਹੁਨਾਲ ਦੀਆਂ ਧੁੱਪਾਂ ਵਾਂਗੂੰ ਪਸੀਨੋ ਪਸੀਨੀਂ ਹੀ ਹੋ ਜਾਂਦਾ ਰਿਹਾ ਮੈਂ ਕਈ ਵਾਰੀ। ਹੈ ਕਿ ਨਈਂ ਗਲਤ ਜਿਹੀ ਗੱਲ।

ਹਾਂ। ਮੈਨੂੰ ਆਪ ਈ ਸਮਝ ਨ੍ਹੀਂ ਪੈਂਦੀ। ਮੈਂ ਕੀ ਗਲਤ ਕੀਤਾ। ਜਾਂ ਕਰ ਗਿਆਂ। ਕੁਝ ਕੀਤਾ ਤਾਂ ਹੋਊ।

ਫਿਰ ਪੱਤਝੜ ਆਈ। ਸਾਰੇ ਰੁੱਖ ਖਾਲੀ ਜਿਹੇ ਹੋ ਗਏ। ਉਦਾਸੇ ਉਦਾਸੇ ਜਿਹੇ।

ਹੁਣ ਉਹ ਵੀ ਗੁਜ਼ਰ ਗਈ ਆ। ਰੁੱਖਾਂ ਦੇ ਟੁੰਡ ਮੁੰਡ ਜਿਹੇ ਬੁੱਤ ਹੁਣ ਪਿੰਜਰ ਜਿਹੇ ਨਈਂ ਲੱਗਣਗੇ। ਆਹ ਦੇਖ, ਇਨ੍ਹਾਂ ਦੀਆਂ ਟਾਹਣੀਆਂ ’ਤੇ ਫਿੰਨਸੀਆਂ ਜਿਹੀਆਂ ਨਿਕਲ ਆਈਆਂ। ਫਿੰਨਸੀਆਂ। ਨਈਂ ਗਲਤ। ਹੈ ਕਿ ਨਈਂ ਨਿਰਾ ਝੂਠ। ਇਹ ਤਾਂ ਅੱਖਾਂ ਨੇ ਕਰੂੰਬਲਾਂ ਫੁੱਟਣ ਲਈ। ਫਿਰ ਭਰ ਜਾਣੀਆਂ ਟਾਹਣੀਆਂ। ਪੱਤਿਆਂ ’ਤੇ ਪੱਤੇ ਚੜ੍ਹ ਜਾਣੇ ਆਂ। ਬਹਾਰ ਹੀ ਬਹਾਰ ਰੌਲਾ ਪੈ ਜਾਣੈ। ਫਿਰ ਕਿਤੇ ਨਜ਼ਰ ਨ੍ਹੀਂ ਆਉਣੀਆਂ ਇਹ ਅੱਖਾਂ।

ਅੱਖਾਂ! ਕੀ ਦੱਸਾਂ। ਮੈਂ ਹੁਣੇ ਕਿਹਾ ਸੀ ਕਿ ਮੈਨੂੰ ਕੁਝ ਸਮਝ ਨ੍ਹੀਂ ਪੈਂਦੀ। ਮੈਂ ਕੁਝ ਗਲਤ ਨਈਂ ਕੀਤਾ। ਬਸ ਜਿਧਰ ਜਾਵਾਂ, ਅੱਖਾਂ ਹੀ ਅੱਖਾਂ। ਮੈਨੂੰ ਹੀ ਘੂਰਦੀਆਂ। ਕਿਉਂ ਘੂਰਦੀਆਂ । ਮੈਨੂੰ ਬੜਾ ਗੁੱਸਾ ਵੀ ਆਉਂਦੈ। ਭਲਾ ਮੈਨੂੰ ਕੀ ਲੱਗਾ। ਸਾਰੇ ਮੈਨੂੰ ਕਿਉਂ ਦੇਖਦੇ ਆ ?

ਫਿਰ ਸੋਚਦਾਂ, ਅੱਖਾਂ ਦੇਖਣ ਲਈ ਤਾਂ ਬਣੀਆਂ। ਦੇਖਣ ਨਾ ਤਾਂ ਹੋਰ ਕੀ ਕਰਨ। ਦੇਖੀ ਜਾਣ। ਪਰ ਮੈਨੂੰ ਹੀ ਕਿਉਂ ? ਸਾਰਿਆਂ ਵੱਲ ਈ ਦੇਖਦੇ ਹੋਣੇ ਆਂ। ਕਿਤੇ ਸ਼ੱਕ ਤਾਂ ਨ੍ਹੀਂ ਕੋਈ।

ਮੈਂ ਕੋਈ ਬਲੈਕੀਆ ਤਾਂ ਹੈ ਨ੍ਹੀਂ। ਮੈਂ ਅਫੀਮ ਡੋਡੇ ਤਾਂ ਵੇਚਦਾ ਨ੍ਹੀਂ। ਮੇਰੇ ਨਾਲ ਸਾਰੇ ਬੋਲਦੇ ਆ। ਹੱਸਦੇ ਆ, ਖੇਡਦੇ ਆ। ਹੱਸਣਾ ਖੇਡਣਾ ਮਾੜਾ ਤਾਂ ਨ੍ਹੀਂ ਕਿਤੇ। ਮੈਂ ਕਿਸੇ ਦਾ ਮਾੜਾ ਤਾਂ ਕਰਦਾ ਨ੍ਹੀਂ। ਮੈਂ ਕਿਸੇ ਤੋਂ ਲੈ ਕੇ ਤਾਂ ਖਾਂਦਾ ਨਈਂ। ਕਿਸੇ ਨੂੰ ਬੁਲਾਉਣਾ ਤਾਂ ਪਾਪ ਨਈਂ। ਬਸ ਮੂੰਹ ਮੁਲਾਹਜਾ ਈ ਆ।

ਇਹ ਜਰੂਰ ਸੋਚਦੇ ਹੋਣੇ ਆਂ, ਕੁਝ ਨਾ ਕੁਝ। ਕੀ ਸੋਚਦੇ ਹੋਣਗੇ ? ਮੈਂ ਜਵਾਨ ਆਂ, ਸੋਹਣਾ ਆਂ, ਮੈਂ... ਮੈਂ......ਮੈਂ.... । ਪਰ ਇਹ ਸੋਚਦੇ ਕਿਉਂ ਆ ? ਆਪਣਾ ਵਕਤ ਈ ਖਰਾਬ ਕਰਦੇ ਹੋਣਗੇ। ਦਿਨ ਬਿਤਾਉਂਦੇ ਆ ? ਨਹੀਂ। ਦਿਨ ਤਾਂ ਬੀਤਦੇ ਈ ਰਹਿੰਦੇ ਆ। ਸੋਚਿਆਂ ਕਿਤੇ ਜਿਆਦਾ ਤਾਂ ਨ੍ਹੀਂ ਬੀਤ ਜਾਂਦੇ।

ਸੋਚਾਂ ਤਾਂ ਖੱਡਾਂ ਹੁੰਦੀਆਂ, ਖੱਡਾਂ। ਡੂੰਘੀਆਂ ਖੱਡਾਂ। ਇੱਕ ਵਾਰੀ ਕੋਈ ਇਨ੍ਹਾਂ ’ਚ ਡਿਗਿਆ ਨਈਂ, ਬਸ ਨਿਕਲਦਾ ਨ੍ਹੀਂ ਮੁੜ ਕੇ।

ਖੱਡਾਂ! ਹਾਂ ਹਾਂ ਖੱਡਾਂ। ਪਤਾ ਕਿੰਨੀਆਂ ਡੂੰਘੀਆਂ ਹੁੰਦੀਆਂ। ਤੂੰ ਕਦੇ ਪਹਾੜਾਂ 'ਤੇ ਗਿਐਂ। ਜਰੂਰ ਗਿਆ ਹੋਣੈ। ਦੇਖਿਆ, ਕਿੰਨਾਂ ਸੋਹਣਾ ਲੱਗਦਾ ਏ ਓਥੇ। ਬਸ ਬੰਦਾ ਏਹੀ ਸੋਚਦੈ, ਉੱਡ ਉੱਡ ਕੇ ਸਾਰੀਆਂ ਚੋਟੀਆਂ ਤਹਿ ਕਰ ਲਵਾਂ। ਦੌੜ ਦੌੜ ਕੇ ਚੜ੍ਹਦਾ ਜਾਵਾਂ, ਉਤਾਂਹ ਹੀ ਉਤਾਂਹ। ਤੇ ਫਿਰ। ਥੱਲੇ ਵੀ ਝਾਕਿਆ ਹੋਣੈ ਤੈਂ। ਜਰੂਰ, ਜਰੂਰ ਝਾਕਿਆ ਹੋਣੈ। ਦੇਖਿਆ, ਕਿੰਨੀਆਂ ਡੂੰਘੀਆਂ ਹੁੰਦੀਆਂ ਨੇ ਖੱਡਾਂ। ਦਿਲ ਥਰ ਥਰ ਕੰਬਦੈ। ਕਿਤੇ ਡਿੱਗ ਨਾ ਪਵਾਂ। ਪੈਰ ਨਾ ਤਿਲਕ ਜਾਵੇ।

ਬਸ ਇਹੀ ਗੱਲ ਮੈਂ ਸੋਚਦਾਂ। ਬਿਲਕੁਲ ਏਦਾਂ। ਹੈ ਨਾ ਸਹੀ ਗੱਲ। ਫਿਰ ਵੀ ਪਤਾ ਨਈਂ, ਲੋਕ ਕਿਉਂ ਸੋਚਾਂ ਈ ਸੋਚਦੇ ਰਹਿੰਦੇ ਆ। ਪਹਾੜਾਂ ਦੀਆਂ ਖੱਡਾਂ ਤਾਂ ਆਰ ਪਾਰ ਕਰ ਈ ਦਿੰਦੀਆਂ। ਪਰ ਇਹ ਸੋਚਾਂ! ਕਦੀ ਡੁੱਬ ਕੇ ਦੇਖ। ਸਾਗਰ ਦੀਆਂ ਛੱਲਾਂ ਵਾਂਗੂੰ ਅਗਾਂਹ ਹੀ ਅਗਾਂਹ ਖਿੱਚੀ ਲਈ ਜਾਂਦੀਆਂ। ਸੋਚਾਂ ਐਵੇਂ ਤਾਂ ਨ੍ਹੀਂ ਸੋਚੀਆਂ ਜਾਂਦੀਆਂ। ਆਪਣੇ ਲੱਛਣੀਂ ਹੀ ਤਾਂ ਡੁੱਬਦੇ ਹਾਂ ਆਪਾਂ।

ਮੈਂ ਹੁਣ ਕਦੇ ਇਨ੍ਹਾਂ ਸੋਚਾਂ ਵਿੱਚ ਨਈਂ ਡੁੱਬਾ। ਮੇਰਾ ਵਾਹ ਜਿਉਂ ਪੈ ਚੁੱਕਾ ਹੈ ਇਨ੍ਹਾਂ ਨਾਲ । ਹੁਣ ਤਾਂ ਪ੍ਛਾਵੇਂ ਦੀ ਤਰ੍ਹਾਂ ਅਹਿਸਾਸ ਦਾ ਸਾਇਆ ਹਰ ਵੇਲੇ ਮੇਰੇ ਨਾਲ ਨਾਲ ਘੁੰਮਦਾ ਰਹਿੰਦੈ। ਜਿਵੇਂ ਪ੍ਛਾਵਾਂ ਨਈਂ, ਇਹ ਹੀ ਮੇਰਾ ਪ੍ਛਾਵਾਂ ਹੁੰਦੈ।

ਤੈਨੂੰ ਪਤਾ ਈ ਆ, ਓਦੋਂ ਆਪਾਂ ਐਵੇਂ ਲੜ ਪਏ ਸੀ। ਐਵੇਂ ਮਾੜੀ ਜਿਹੀ ਗੱਲ ਤੋਂ। ਉਸੇ ਕੁੜੀ ਬਦਲੇ । ਉਹ ਕੀ ਨਾਂਅ ਸੀ ਉਹਦਾ ? ਰਜਨੀ। ਹਾਂ ਰਜਨੀ। ਆਪਣੇ ਨਾਲ ਈ ਦਫਤਰ ਵਿੱਚ ਕੰਮ ਕਰਦੀ ਸੀ। ਐਵੇਂ ਛਮਕ ਜਿਹੀ। ਹੌਲੇ ਜਿਹੇ ਇੱਕ ਵੱਜ ਜਾਵੇ ਤਾਂ ਸੱਤ ਭੁਆਂਟਣੀਆਂ ਖਾ ਜਾਵੇ। ਪਰ ਮਾਰੇ ਕਿਹੜਾ। ਅੱਖਾਂ ਕੀ ਸੀ। ਪਾਈਏ ਪਾਈਏ ਦਾ ਡੇਲਾ ਸੀ ਸਾਲੀ ਦਾ। ਜਿਸ ਨੇ ਉਸ ਵੱਲ ਦੇਖਿਆ, ਉਹੀ ਅੱਖਾਂ 'ਚ ਗਵਾਚਾ ਸਮਝੋ।

ਬਲਵੰਤ! ਖੱਟ ਲੈ ਕੁਝ। ਤੈਂ ਕਿਹਾ ਸੀ ਮੈਨੂੰ । ਭਲਾ ਖੱਟਣਾ ਕੀ ਸੀ।

ਉਹਦਾ ਤਾਂ ਕੰਮ ਈ ਏਹੀ ਸੀ। ਹਰ ਇੱਕ ਵੱਲ ਅੱਖਾਂ ਪਾੜ ਪਾੜ ਦੇਖਦੀ ਰਹਿੰਦੀ। ਓਹ ਪਰੇਮ ਸਰੇਮ ਤਾਂ ਉਹਦੀ ਘੂਰੀ ਤੋਂ ਈ ਡਰ ਜਾਂਦੇ ਸੀ। ਅੱਖਾਂ ਨਾਲ ਗੱਲ ਕਰਦੀ ਸੀ ਸਾਲੀ। ਤੈਥੋਂ ਗੁੱਝਾ ਤਾਂ ਹੈ ਨਈਂ। ਮੈਂ ਕਹਿਣਾ ਬਈ ਅੱਖਾਂ ਨਾਲ ਗੱਲ ਕਿਸ ਤਰ੍ਹਾਂ ਹੋ ਜੂ। ਐਵੇਂ ਲਿਖ ਦਿੰਦੇ ਆ। ਬੋਲਣਾ ਮੂੰਹ ਨਾਲ। ਸੁਣਨਾ ਕੰਨਾਂ ਨਾਲ। ਤੇ ਇਹ ਦੋਵੇਂ ਕੰਮ ਕਿੱਦਾਂ ਕਰ ਦਿੰਦੀਆਂ। ਪਰ ਪਤਾ ਓਦੋਂ ਲੱਗਦਾ ਸੀ, ਜਦੋਂ ਪਟੱਕ ਦੇਣੀ ਅੱਖ ਦਬਾ ਕੇ ਸਾਲੀ ਕਈ ਕੁਝ ਕਹਿ ਦਿੰਦੀ।

ਸਮਝਦਾਰ ਨੂੰ ਇਸ਼ਾਰਾ ਈ ਕਾਫੀ। ਸੱਚ ਈ ਐ। ਅੱਖਾਂ ਈ ਅੱਖਾਂ ਵਿੱਚ ਬੇਹਿਸਾਬ ਗੱਲਾਂ ਅਸੀਂ ਕਰ ਲੈਂਦੇ। ਦਿਲ ਦੀਆਂ ਧੜਕਣਾਂ 'ਕੱਲੀ 'ਕੱਲੀ ਗੱਲ ਸੁਣ ਕੇ, ਸਹੀ ਜਵਾਬ ਵੀ ਦੇ ਦਿੰਦੀਆਂ। ਫਿਰ ਹੱਥ ਲਾਉਣਾ ਤਾਂ ਸੁਖਾਲਾ ਹੀ ਸੀ। ਉਹਨੇ ਕਿਹੜਾ ਗੁੱਸਾ ਕਰਨਾ ਹੁੰਦਾ ਸੀ। ਜੇ ਕਰਦੀ ਵੀ ਤਾਂ, ਬਸ ਵਰਜ ਈ ਦਿੰਦੀ। ਉਹ ਵੀ ਹਾਸੇ ਹਾਸੇ ਵਿੱਚ। " ਹੱਥ ਤਾਂ ਨਈਂ ਟਿਕਦੇ। ਰਹਿ ਤਾਂ ਨ੍ਹੀਂ ਹੁੰਦੈ ਸਰਾਰਤਾਂ ਤੋਂ । " ਸੱਚ ਜਾਣੀ! ਮੇਰੇ ਦਿਲ ਵਿੱਚ ਕੋਈ ਗੱਲ ਨਈਂ ਸੀ, ਪਰ ਤੂੰ ਮੇਰੇ ਨਾਲ ਲੱਗਣ ਲੱਗ ਪਿਆ ਸੀ।

ਨਫਰਤ ਜਿਹੀ ਭਰ ਗਈ ਸੀ ਤੇਰੇ ਮਨ ਵਿੱਚ। ਮੇਰਾ ਵੀ ਕੀ ਕਸੂਰ ਸੀ। ਪਿਆਰ ਕਰਨਾ ਕੋਈ ਪਾਪ ਤਾਂ ਹੈ ਨਈਂ। ਬਿੱਲਾਂ ਦੀ ਸ਼ੈਂਕਸ਼ਨ ਈ ਤਾਂ ਮੰਗੀ ਸੀ, ਮੈਂ ਤੇਰੇ ਕੋਲੋਂ। ਯਾਰੀ ਦੋਸਤੀ ਵਿੱਚ ਮੈਂ ਕਹਿ ਬੈਠਾ," ਜ਼ਰਾ ਜਲਦੀ ਕਰਦੇ ਦੀਪ। " ਬਸ ਫਿਰ ਕੀ ਸੀ। ਤੂੰ ਤਾਂ ਸ਼ਾਇਦ ਪਹਿਲਾਂ ਈ ਭਰਿਆ ਪੀਤਾ ਬੈਠਾ ਸੀ।

" ਕਰ ਦਿਆਂਗਾ! ਬਹੁਤ ਕਾਹਲੀ ਐ ਤੈਨੂੰ, ਵਾਰੀ ਸਿਰ ਈ ਕਰੂੰਗਾ। ਹੋਰ ਵੀ ਬਥੇਰਾ ਕੰਮ ਪਿਆ ਕਰਨ ਵਾਲਾ। ਕਿਹਦਾ ਕਿਹਦਾ ਕਰਾਂ ਵਿੱਚੋਂ ਕੱਢ ਕੱਢ ਕੇ। "

ਉਹ ਦਿਨ ਜਾਵੇ, ਦੀਪ! ਮੈਨੂੰ ਪਤੈ। ਆਪਾਂ ਉਪਰੋਂ ਉਪਰੋਂ ਭਾਵੇਂ ਮਿਲਦੇ, ਬੋਲਦੇ , ਹੱਸਦੇ । ਪਰ ਅੰਦਰੋ ਅੰਦਰੀ ਜਲੇ ਭੁੱਜੇ ਰਹਿੰਦੇ। ਇਸ ਨਾਲ ਅਹਿ ਕਰਾਂ, ਇਸ ਨਾਲ ਔਹ ਕਰਾਂ। ਸਾਬ੍ਹ ਕੋਲ ਸਕੈਤ ਕਰ ਦਿਆਂ, ਆਪੇ ਅਕਲ ਟਿਕਾਣੇ ਆ ਜੂ। ਰਜਨੀ ਦੀ ਬਦਲੀ ਕਰਵਾਂ ਦਿਆਂ। ਫਾਈਲਾਂ ਚੋਰੀ ਕਰਕੇ ਅੱਗ ਲਾ ਦਿਆਂ, ਇਨਕੁਆਰੀ ਹੋਊ ਤਾਂ ਆਪੇ ਫਸਦਾ ਫਿਰੂ।

ਗੱਲ ਕੀ ਦਫਤਰ ਦਾ ਕੰਮ ਨਾ ਮੈਂ ਕਰਦਾ, ਨਾ ਤੂੰ ਕਰਦਾ। ਹਰ ਵੇਲੇ ਇਹੀ ਸੋਚਾਂ। ਇੱਕ ਦੂਜੇ ਨੂੰ ਫਸਾਉਣ ਦੀਆਂ। ਮਾਰਨ ਦੀਆਂ। ਕੁੱਟਣ ਦੀਆਂ। ਹੈ ਕਿ ਨਈਂ ਸੱਚ। ਮੈਂ ਝੂਠ ਨ੍ਹੀਂ ਕਹਿੰਦਾ। ਤੇਰਾ ਤਾਂ ਮੈਨੂੰ ਪਤਾ ਨਈਂ। ਆਪਣਾ ਕੀ ਦੱਸਾਂ। ਹਰ ਪਲ, ਹਰ ਮੌਕੇ ਇਹੀ ਸੋਚਾਂ। ਰਾਤੀਂ ਵੀ ਚੰਗੀ ਤਰ੍ਹਾਂ ਨੀਂਦ ਨਾ ਆਉਦੀ। ਸਵੇਰੇ ਵੇਲੇ ਨਾਲ ਉੱਠ ਨਾ ਹੁੰਦਾ। ਕਾਹਲੀ ਕਾਹਲੀ ਦਫਤਰ ਨੂੰ ਦੌੜਨਾ। ਘਰਦਿਆਂ ਦਾ ਗੁੱਸਾ ਜੁਦਾ। ਅਫਸਰ ਦੀਆਂ ਝਿੜਕਾਂ ਜੁਦੀਆਂ। ਕਦੇ ਬੱਸ ਮਿੱਸ ਹੋ ਜਾਣੀ। ਕਦੇ ਕਦੇ ਤਾਂ ਟਿਫਨ ਵੀ ਘਰ ਭੁੱਲ ਜਾਣਾ।

ਕੰਮ ਕੋਈ ਸਮੇਂ ਸਿਰ ਨਾ ਹੋਣਾ। ਸਿਕਾਇਤਾਂ ਤੇ ਸਿਕਾਇਤਾਂ। ਜਿਹਦਾ ਕੰਮ ਨਾ ਹੋਊ, ਉਹਨੇ ਤਾਂ ਰੌਲਾ ਪਾਉਣਾ ਈ ਹੋਇਆ। ਅਫਸਰ ਨੇ ਕਹਿਣਾ ਸਸਪੈਂਡ ਕਰ ਦਿਆਂਗਾ। ਸੀ ਆਰ 'ਚ ਉਲਟ ਅੰਦਰਾਜ ਕਰ ਦਿਆਂਗਾ। ਸੱਚੀ ਗੱਲ ਐ, ਸੋਚਾਂ ਨੇ ਬੁਰਾ ਹਾਲ ਆਪਣਾ ਕੀਤਾ। ਰਜਨੀ ਦਾ ਕੀ ਗਿਆ। ਪਹਿਲਾਂ ਆਪਣੇ ਨਾਲ ਅੱਖ ਮਟੱਕਾ ਕਰਦੀ ਸੀ, ਫਿਰ ਦੂਜਿਆਂ ਵੱਲ ਹੋ ਤੁਰੀ। ਤੂੰ ਮੇਰੇ ਨਾਲ ਗੁੱਸੇ, ਮੈਂ ਤੇਰੇ ਨਾਲ ਗੁੱਸੇ।

ਕੀ ਮਿਲਿਆ ਆਪਾਂ ਨੂੰ । ਇਕੋ ਥਾਂ ਬਹਿ ਕੇ ਖਾਂਦੇ ਪੀਂਦੇ ਸੀ, ਬੋਲਣੋਂ ਵੀ ਗਏ। ਇਹ ਤਾਂ ਸ਼ੁਕਰ ਐ ਰੱਬ ਦਾ, ਅਫਸਰ ਚੰਗਾ ਨਿਕਲਿਆ। ਤੈਨੂੰ ਬਦਲਕੇ ਪਰ੍ਹੇ ਕਰ ਦਿੱਤਾ। ਉਹ ਤਾਂ ਕਰਨਾ ਹੀ ਸੀ, ਤੈਨੂੰ ਜਾਂ ਮੈਨੂੰ। ਇੱਕ ਨੇ ਪਰ੍ਹੇ ਹੋਣਾ ਹੀ ਸੀ। ਨਈਂ ਤਾਂ ਜਿੰਨਾ ਚਿਰ ਆਹਮਣੇ ਸਾਹਮਣੇ ਰਹਿੰਦੇ, ਬੁਰਾ ਹੀ ਹੋਣਾ ਸੀ। ਦਿਨੋ ਦਿਨ ਆਪਣਾ ਵਤੀਰਾ ਸੜਿਆ ਜਿਹਾ ਖਰਾਬ ਜਿਹਾ ਹੋਈ ਜਾਂਦਾ ਸੀ।

ਮੈਨੂੰ ਪਤੈ , ਤੂੰ ਮੇਰੇ ਨਾਲ ਚਾਹੇ ਲੱਖ ਗੁੱਸੇ ਹੋਵੇਂ, ਮੇਰਾ ਇਹ ਖਤ ਤੂੰ ਦਬਾਦਬ ਖੋਲ੍ਹ ਲਿਆ ਹੋਣੈ। ਤੇ ਚਾਹਿਆ ਹੋਣੈ, ਸਾਰਾ ਖਤ ਇੱਕੋ ਵਾਰੀ ਹੀ ਪੜ੍ਹ ਜਾਵਾਂ। ਮੈਂ ਜਾਣਦਾ ਹਾਂ, ਤੂੰ ਇਹਨੂੰ ਬਿਨਾਂ ਪੜ੍ਹੇ ਪਾੜ ਕੇ ਰੱਦੀ ਦੀ ਟੋਕਰੀ 'ਚ ਨਈਂ ਸਿੱਟਣ ਲੱਗਾ। ਪੜ੍ਹੇਂਗਾ ਜਰੂਰ। ਤੇ ਫਿਰ ਤੂੰ ਮੇਰੀਆਂ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰੇਂਗਾ। ਹੁਣ ਤੱਕ ਤਾਂ ਤੈਨੂੰ ਵੀ ਸਮਝ ਆ ਗਈ ਹੋਵੇਗੀ। ਚਲੋ ਨਾ ਵੀ ਸਹੀ। ਮਿਲਣ ਲਈ ਦਿਲ ਤਾਂ

ਕਰਦਾ ਹੀ ਹੋਵੇਗਾ। ਰਿਸ਼ਤੇ ਟੁੱਟਦੇ ਤਾਂ ਨਈਂ। ਬਹੁਤ ਚਿਰ ਹੋ ਗਿਆ ਮਿਲਿਆਂ ਨੂੰ।

ਤੂੰ ਯਾਦ ਤਾਂ ਬਹੁਤ ਕੀਤਾ ਹੋਊ ਮੈਨੂੰ। ਸ਼ਾਇਦ ਮਿਲਣਾ ਵੀ ਚਾਹੁੰਦਾ ਹੋਵੇਂਗਾ। ਪਰ ਤੇਰੀ ਆਕੜ ਨੇ ਤੈਨੂੰ ਆਉਣ ਨ੍ਹੀਂ ਦਿੱਤਾ ਹੋਣੈ। ਪਰ ਮੈਥੋਂ ਤਾਂ ਨਈਂ ਰਹਿ ਹੋਇਆ। ਸੋਚਾਂ ਸੋਚ ਸੋਚ ਕੇ ਮੇਰਾ ਬੁਰਾ ਹਾਲ ਹੋ ਗਿਆ ਹੈ। ਸੋਚਾਂ ਦਾ ਦਰਦ ਮੇਰੇ ਅੰਗ ਅੰਗ ਵਿੱਚ ਰਚ ਗਿਆ ਹੈ। ਮੈਥੋਂ ਇਹ ਹੋਰ ਨ੍ਹੀਂ ਜਰਿਆ ਜਾਂਦਾ। ਮੇਰਾ ਸਹਿਣ ਸ਼ਕਤੀ ਜਵਾਬ ਦੇ ਗਈ ਐ।

ਮੇਰੇ ਦੋਸਤਾ! ਮੈਨੂੰ ਹੁਣ ਲੋਕਾਂ ਦੀ ਤੱਕਣੀ ਤੋਂ ਡਰ ਨਹੀਂ ਲੱਗਦਾ। ਮੈਂ ਹੁਣ ਇਨ੍ਹਾਂ ਦੀਆਂ ਅੱਖਾਂ ਵੱਲ ਖਾਸ ਧਿਆਨ ਨਈਂ ਦਿੰਦਾ। ਜਿੱਥੇ ਮਰਜੀ ਚਲਾ ਜਾਵਾਂ, ਮੈਂ ਹੁਣ ਪਿੱਛੇ ਮੁੜ ਮੁੜ ਨ੍ਹੀਂ ਦੇਖਦਾ। ਮੈਨੂੰ ਪਤੈ ਹੁਣ ਵੀ ਬਥੇਰੀਆਂ ਅੱਖਾਂ ਮੇਰਾ ਪਿੱਛਾ ਕਰ ਰਹੀਆਂ ਹੋਣਗੀਆਂ। ਹੁਣ ਲੋਕ ਮੇਰੇ ਬਾਰੇ ਕੁਝ ਨਾ ਕੁਝ ਸੋਚ ਰਹੇ ਹੋਣਗੇ। ਅੱਖਾਂ ਦੇਖਣ ਲਈ ਬਣੀਆਂ, ਦੇਖੀ ਜਾਣ। ਸੋਚੀ ਜਾਣ। ਮੈਂ ਹੁਣ ਇਨ੍ਹਾਂ ਗੱਲਾਂ ਦੀ ਪ੍ਰਵਾਹ ਨ੍ਹੀਂ ਕਰਦਾ। ਮੈਂ ਕਿਉਂ ਐਵੇਂ ਇਸ ਤਰ੍ਹਾਂ ਦਰਦ ਹੰਢਾਈ ਜਾਵਾਂ। ਮਿਟਦਾ ਜਾਵਾਂ। ਖੁਰਦਾ ਜਾਵਾਂ।

ਅੱਛਾ ਯਾਰ! ਮੈਨੂੰ ਲੱਗਦੈ ਮੇਰਾ ਇਹ ਖ਼ਤ ਬਹੁਤ ਵਧ ਗਿਆ ਹੈ। ਮੈਨੂੰ ਈ ਲੱਗਦੈ ਤਾਂ ਤੈਨੂੰ ਕਿਵੇਂ ਨਾ ਲੱਗੂ। ਮੇਰਾ ਤਾਂ ਇਹੀ ਕਹਿਣਾ ਹੈ ਕਿ ਤੂੰ ਵੀ ਇਨ੍ਹਾਂ ਸੋਚਾਂ ਦੇ ਦਰਦ ਦੇ ਬੋਝ ਨੂੰ ਆਪਣੇ ਦਿਲ ਦਿਮਾਗ ਤੋਂ ਹਟਾ ਦੇ। ਕਿਉਂਕਿ ਮੈਨੂੰ ਪੂਰੀ ਆਸ ਹੈ ਕਿ ਹੁਣ ਤੱਕ ਤੈਨੂੰ ਵੀ ਇਸ ਤਰ੍ਹਾਂ ਦਾ ਅਹਿਸਾਸ ਹੋ ਗਿਆ ਹੋਵੇਗਾ। ਮਿਟਾ ਦੇ ਸਭ ਗਿਲੇ ਸਿਕਵੇ। ਜੇ ਤੇਰਾ ਦਿਲ ਅਜੇ ਨਾ ਮੰਨੇ ਤਾਂ ਚੱਲ ਤੂੰ ਮੇਰੇ ਨਾਲ ਭਾਵੇਂ ਨਾ ਬੋਲੀਂ। ਪਰ ਸੋਚਾਂ ਦਾ ਦਰਦ। ਤੂੰ ਇਸ ਤੋਂ ਅਜਾਦ ਹੋ ਜਾ। ਮੈਨੂੰ ਇਸ ਨਾਲ ਈ ਖੁਸ਼ੀ ਮਿਲ ਜਾਵੇਗੀ। ਦੁਨੀਆਂ ਦੇਖਦੀ ਰਹੇ, ਸੋਚਦੀ ਰਹੇ। ਪਰ ਤੂੰ ਕਦੇ ਇਨ੍ਹਾਂ ਦਾ ਸਾਇਆ ਆਪਣੇ ਉੱਪਰ ਨਾ ਪੈਣ ਦੇਵੀਂ।

ਸੱਚ ਮੇਰੇ ਯਾਰ! ਹੁਣ ਇਨ੍ਹਾਂ ਬਾਰੇ ਕਦੇ ਨਾ ਸੋਚੀਂ। ਕਦੇ ਨਾ ਸੋਚੀਂ। ਕਦੇ ਨਾ ਸੋਚੀਂ। ਤੇਰਾ ਵਿਛੜਿਆ ਯਾਰ, ਬਲਵੰਤ।

ਖ਼ਤ ਪੜ੍ਹ ਕੇ ਮੈਂ ਬਲਵੰਤ ਵੱਲ ਦੇਖਿਆ। ਉਹ ਅੱਖਾਂ ਬੰਦ ਕਰੀ ਬੈਠਾ ਸੀ। ਖ਼ਤ ਪੜ੍ਹ ਕੇ ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਗੁਰਦੀਪ ਨੂੰ ਖ਼ਤ ਲਿਖਣ ਵੇਲੇ ਉਸ ਦੇ ਦਿਲ ਤੇ ਦਿਮਾਗ ਉੱਤੇ ਉਹਦੀ ਤਸਵੀਰ ਸ਼ਾਖਸ਼ਾਤ ਉੱਕਰੀ ਗਈ ਸੀ ਤੇ ਉਹ ਗੁਰਦੀਪ ਨਾਲ ਇਸ ਤਰ੍ਹਾਂ ਗੱਲਾਂ ਕਰਦਾ ਰਿਹਾ ਸੀ ਜਿਵੇਂ ਕੋਈ ਸਾਹਮਣੇ ਬੈਠੇ ਸ਼ਖਸ ਨਾਲ ਕਰਦਾ ਹੈ।

ਸਿਆਣੇ ਕਹਿੰਦੇ ਆ ਬਈ ਖੁਸ਼ੀ ਸਾਂਝੀ ਕਰਿਆਂ ਦੂਣੀ ਹੋ ਜਾਂਦੀ ਐ ਤੇ ਗ਼ਮ ਅੱਧਾ ਰਹਿ ਜਾਂਦਾ। ਤੇ ਜੇ ਕੋਈ ਗ਼ਮ ਨੂੰ ਸਾਂਝਾ ਕਰਨ ਵਾਲਾ ਨਾ ਮਿਲੇ ਤਾਂ ਦੁੱਖ ਨੂੰ ਲਿਖ ਲੈਣ ਨਾਲ ਵੀ ਇਹਦਾ ਦਰਦ ਘੱਟ ਹੋ ਜਾਂਦਾ ਹੈ। ਬਲਵੰਤ ਨੇ ਵੀ ਸ਼ਾਇਦ ਇਹ ਕਿਤੇ ਪੜ੍ਹ ਸੁਣ ਲਿਆ ਲੱਗਦਾ ਸੀ। ਤਾਂ ਹੀ ਹੁਣ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਇਹ ਖ਼ਤ ਲਿਖ ਕੇ ਉਹਦੇ ਦਿਲ ਦਾ ਸਾਰਾ ਬੋਝ ਲਹਿ ਗਿਆ ਸੀ। ਹੁਣ ਉਹਦੇ ਚਿਹਰੇ 'ਤੇ ਦਰਦ ਦੀ ਕੋਈ ਸ਼ਿਕਨ ਤੱਕ ਨਹੀਂ ਸੀ।

-•♣•-



## ਦਿਲਾਂ ਵਾਲੇ

ਅੱਜ ਕਈ ਦਿਨਾਂ ਬਾਅਦ ਦਿਨ ਲੱਗਾ ਸੀ। ਨਹੀਂ ਤਾਂ ਸਵੇਰ ਤੋਂ ਸ਼ਾਮ ਤੱਕ ਚਾਰੇ ਪਾਸੇ ਧੁੰਦ ਦੇ ਬੱਦਲ ਜਿਹੇ ਛਾਏ ਰਹਿੰਦੇ। ਦਿਨ ਢਲਦਿਆਂ ਹੀ ਹਵਾ ਵਗਣੀ ਸ਼ੁਰੂ ਹੋ ਗਈ ਸੀ। ਠੰਡ ਵਾਹਵਾ ਪੈ ਰਹੀ ਸੀ। ਕੰਬਲ ਦੀ ਬੁੱਕਲ ਮਾਰ ਮੈਂ ਘਰੋਂ ਚੱਲ ਕੇ ਅਜੇ ਹਵੇਲੀ ਵਾਲੇ ਪਾਸੇ ਮੁੜਿਆ ਹੀ ਸੀ ਕਿ ਕਿੰਦੇ ਦਾ ਵੱਡਾ ਭਰਾ ਬਿੰਦਾ ਮੈਨੂੰ ਅੱਗੋਂ ਆਉਂਦਾ ਦਿਸ ਪਿਆ। ਮੈਂ ਵਾਪਿਸ ਘਰ ਨੂੰ ਮੁੜਨਾ ਚਾਹਿਆ ਪਰ ਮੁੜ ਨਾ ਸਕਿਆ।

" ਓ ਬਈ ਕੀ ਹਾਲ ਐ ਜੱਸੀ, ਅੱਜ ਕਲ੍ਹ ਮਿਲਦਾ ਈ ਨਈਂ। ਕਦੇ ਘਰ ਵੀ ਨ੍ਹੀਂ ਆਇਆ। ਕਿਧਰ ਨੂੰ ਜਾ ਰਿਹਾ ਏਂ ਐਸ ਵੇਲੇ। ਘਰ ਸਭ ਠੀਕ ਠਾਕ ਹੈ ਨਾ। " ਬਿੰਦੇ ਨੇ ਕੋਲ ਆ ਕੇ ਕਿਹਾ ਸੀ।

"ਹਾਂ ਠੀਕ ਠਾਕ ਐ। ਤੁਸੀਂ ਦੱਸੋ ਕਿਵੇਂ ਚੱਲਦੈ। ਕਿੰਦੇ ਦਾ ਕੀ ਹਾਲ ਐ। " ਮੈਂ ਸਰਸਰੀ ਤੌਰ ਤੇ ਆਖਿਆ ਸੀ।

" ਹਾਲ ਦਾ ਤੈਨੂੰ ਪਤਾ ਈ ਆ। ਬਥੇਰਾ ਵਰਜੀਦਾ, ਕਹੇ ਤੇ ਸਗੋਂ ਜਿਆਦਾ ਸ਼ੁਰੂ ਕਰ ਦਿੰਦੈ। ਤੂੰ ਈ ਸਮਝਾ ਨਾ ਉਹਨੂੰ । ਉਹਦੀ ਤੇਰੇ ਨਾਲ ਬੋਲ ਚਾਲ ਐ, ਬਹਿਣੀ ਉੱਠਣੀ ਆਂ। ਦੋਸਤ ਦੀ ਦੋਸਤ ਮੰਨ ਲੈਂਦਾ ਆ, ਭਰਾ ਦੀ ਭਰਾ ਚਾਹੇ ਨਾ ਵੀ ਮੰਨੇ। " ਬਿੰਦੇ ਨੇ ਜਵਾਬ ਦਿੱਤਾ।

ਜਿਸ ਗੱਲ ਦਾ ਡਰ ਸੀ ਉਹੀ ਹੋਈ। ਏਸੇ ਕਰਕੇ ਮੈਂ ਉਸ ਤੋਂ ਬਚਣਾ ਚਾਹੁੰਦਾ ਸੀ। ਮੈਨੂੰ ਪਤਾ ਸੀ ਗੱਲ ਖਾਣ ਪੀਣ ਤੇ ਹੀ ਆ ਕੇ ਖੜ੍ਹਨੀਂ ਆਂ। ਭਲਾ ਮੈਂ ਉਹਨੂੰ ਕਿਵੇਂ ਵਰਜ ਸਕਦਾ ਸੀ। ਪੀਂਦੇ ਤਾਂ ਅਸੀਂ ਦੋਨੋਂ ਹੀ ਸੀ। ਤੇ ਪੀਂਦੇ ਵੀ ਕਈ ਵਾਰੀ 'ਕੱਠੇ ਬਹਿ ਕੇ ਸੀ। ਛੁੱਟੀ ਵਾਲੇ ਦਿਨ ਤਾਂ ਪੱਕਾ ਹੀ ਹਵੇਲੀ ਵਿੱਚ ਬਹਿੰਦੇ ਸੀ। ਕਦੇ ਕਦੇ ਹੀ ਨਾਗਾ ਪੈਂਦਾ। ਮੈਂ ਤਾਂ ਹੁਣ ਹਵੇਲੀ ਜਾ ਵੀ ਏਸੇ ਕਰਕੇ ਰਿਹਾ ਸੀ।

" ਠੀਕ ਐ ਭਾਜੀ। ਜਦੋਂ ਮਿਲਿਆ ਕਹਿ ਦਿਆਂਗਾ। ਅੱਜ ਕੀ ਕਰ ਰਿਹਾ ਹੈ ਉਹ ? " ਮੈਂ ਪੁੱਛਿਆ।

" ਕਰਨਾ ਕੀ ਆ। ਤਲਵੰਡੀ ਨੂੰ ਗਿਆ ਹੋਇਆ ਸੀ ਸਵੇਰ ਦਾ, ਆ ਗਿਆ ਹੋਣੈ। ਮਿਲ ਆਈਂ ਘਰ ਜਾ ਕੇ। " ਬਿੰਦੇ ਨੇ ਕਿਹਾ ਸੀ।

" ਚੰਗਾ ਭਾਜੀ। " ਮੈਂ ਕਹਿਕੇ ਅੱਗੇ ਤੁਰ ਪਿਆ।

ਕਿੰਦਾ ਮੇਰਾ ਸਕੂਲ ਵੇਲੇ ਦਾ ਯਾਰ ਹੈ। ਉਹਦਾ ਘਰ ਦੂਸਰੇ ਮੁਹੱਲੇ ਵਿੱਚ ਹੈ। ਪਰ ਸਕੂਲ ਵਿੱਚ ਉਹ ਪਹਿਲੀ ਤੋਂ ਅੱਠਵੀਂ ਤੱਕ ਮੇਰੇ ਅੱਗੇ ਪਿੱਛੇ ਜਾਂ ਖੱਬੇ ਸੱਜੇ ਬਹਿੰਦਾ ਰਿਹਾ ਹੈ। ਮਿਡਲ ਸਕੂਲ ਤੱਕ ਅਸੀਂ ਇਕੱਠੇ ਪੜ੍ਹਦੇ ਰਹੇ ਹਾਂ। ਫਿਰ ਉਹ ਪੜ੍ਹਨੋਂ ਹਟ ਗਿਆ ਸੀ, ਪਰ ਮੈਂ ਅੱਗੇ ਪੜ੍ਹਦਾ ਰਿਹਾ। ਪੜ੍ਹਨੋਂ ਹਟ ਕੇ ਉਹ ਕਦੇ ਸਕੂਟਰਾਂ ਨੂੰ ਠੀਕ ਕਰਨ ਦਾ ਕੰਮ ਸਿੱਖਣ ਲੱਗ ਪੈਂਦਾ, ਕਦੇ ਬਿਜਲੀ ਦਾ। ਕਦੇ ਲੱਕੜ ਦਾ ਕੰਮ ਸਿੱਖਣ ਲੱਗ ਪੈਂਦਾ ਤੇ ਕਦੇ ਕੋਈ ਹੋਰ। ਆਖਿਰ ਇੱਟਾਂ ਭੰਨਣ ਦਾ ਕੰਮ ਹੀ ਸਿਰੇ ਚੜ੍ਹਿਆ। ਪਹਿਲਾਂ ਤਾਂ ਦਿਨੇ ਅਸੀਂ ਭਾਵੇਂ ਕੁਝ ਵੀ ਕਰੀਏ ਪਰ ਰੋਜ਼ ਸ਼ਾਮ ਨੂੰ ਇੱਕ ਦੂਜੇ ਨੂੰ ਮਿਲੇ ਬਿਨਾਂ ਸਾਨੂੰ ਚੈਨ ਨਾ ਆਉਂਦੀ। ਜੇ ਉਹ ਇਸ ਵੇਲੇ ਮੇਰੇ ਵੱਲ ਨਾ ਆਉਂਦਾ ਤਾਂ ਮੈਂ ਉਹਦੇ ਘਰ ਜਾ ਵੜ੍ਹਦਾ। ਜਦੋਂ ਦਾ ਮੈਂ ਨੌਕਰੀ ਲੱਗ ਗਿਆ ਸੀ, ਮਿਲਣਾ ਘਟ ਗਿਆ ਸੀ। ਹੁਣ ਤਾਂ ਛੁੱਟੀ ਵਾਲੇ ਦਿਨ ਨੂੰ ਹੀ ਮਿਲ ਹੁੰਦਾ ਸੀ, ਤੇ ਉਹ ਵੀ ਸ਼ਾਮ ਵੇਲੇ ਹੀ। ਕਿਉਂਕਿ ਛੁੱਟੀ ਤਾਂ ਮੈਨੂੰ ਹੀ ਹੁੰਦੀ ਸੀ, ਉਹਦੀ ਤਾਂ ਲੱਗੀ ਦਿਹਾੜੀ ਸੀ। ਕੰਮ ਮਿਲ ਜਾਏ ਤਾਂ ਚੱਲਦਾ ਰਹਿੰਦਾ ਨਹੀਂ ਤਾਂ ਕਈ ਕਈ ਦਿਨ ਵਿਹਲਿਆਂ ਨਿਕਲ ਜਾਂਦੇ।

ਪਿਛਲੇ ਛੇ ਕੁ ਮਹੀਨਿਆਂ ਤੋਂ ਉਹਨੇ ਸ਼ਰਾਬ ਕੁਛ ਜਿਆਦਾ ਹੀ ਵਧਾ ਦਿੱਤੀ ਸੀ। ਪੀਂਦੇ ਤਾਂ ਅਸੀਂ ਪਹਿਲਾਂ ਵੀ ਸੀ, ਪਰ ਐਵੇਂ ਦੋ ਦੋ ਤਿੰਨ ਤਿੰਨ ਪੈੱਗਾਂ ਤੋਂ ਵੱਧ ਨਹੀਂ। ' ਬਹੁਤੀ ਪੀਣੀ ਸਿਹਤ ਲਈ ਹਾਨੀਕਾਰਕ ਹੈ ' ਪਹਿਲਾਂ ਪਹਿਲਾਂ ਬੋਤਲ ਦੇ ਲੇਬਲ 'ਤੇ ਹੀ ਲਿਖਿਆ ਹੁੰਦਾ ਸੀ। ਹੁਣ 'ਬਹੁਤੀ' ਕੱਟ ਕੇ 'ਪੀਣੀ ਸਿਹਤ ਲਈ ਹਾਨੀਕਾਰਕ ਹੈ' ਲਿਖਿਆ ਹੁੰਦਾ ਹੈ।

ਪਤਾ ਨਹੀਂ ਕਿਹੜਾ ਗ਼ਮ ਲੱਗਾ ਸੀ ਉਹਨੂੰ। ਕਿਸ ਤਰ੍ਹਾਂ ਗੋਰਾ ਗੋਰਾ ਚਿੱਟਾ ਰੰਗ ਹੁੰਦਾ ਸੀ ਉਸਦਾ। ਜਿਹੜਾ ਸਿਗਰਟਾਂ ਦੇ ਧੂੰਏਂ ਨਾਲ ਹੁਣ ਧੁਆਂਖਿਆ ਜਿਹਾ ਲੱਗਦਾ। ਬਹੁਤੀ ਸ਼ਰਾਬ ਪੀਣ ਨਾਲ ਅੱਖਾਂ ਦੇ ਦੁਆਲੇ ਕਾਲੀ ਸ਼ਿਆਹ ਲਕੀਰ ਜਿਹੀ ਫਿਰ ਗਈ ਸੀ। ਮੈਂ ਉਹਨੂੰ ਪੁੱਛਦਾ ਤਾਂ ਕਹਿੰਦਾ, " ਐਵੇਂ ਸ਼ੁਗਲ ਨਾਲ ਈ ਪੀਨਾਂ। ਨਾਲੇ ਮੈਂ ਕਿਹੜਾ ਕਿਸੇ ਸਾਲੇ ਤੋਂ ਮੰਗ ਕੇ ਪੀਨਾਂ। ਆਪਣੇ ਪੈਸੇ ਖਰਚੀਦੇ ਆ। " ਜਦੋਂ ਇਸ ਤਰ੍ਹਾਂ ਕਹਿੰਦਾ ਤਾਂ ਮੈਨੂੰ ਉਸ 'ਤੇ ਬੜਾ ਗੁੱਸਾ ਆਉਂਦਾ।

ਹਵੇਲੀ ਵਿੱਚ ਆ ਕੇ ਬਹਿ ਤਾਂ ਗਿਆ ਸੀ, ਪਰ ਸੋਚੀ ਉਹਦੇ ਬਾਰੇ ਹੀ ਜਾ ਰਿਹਾ ਸੀ। ਬਾਹਰ ਹਨੇਰਾ ਹੋ ਗਿਆ ਸੀ ਪਰ ਕਿੰਦਾ ਅਜੇ ਤੱਕ ਪਹੁੰਚਿਆ ਨਹੀਂ ਸੀ। ਗੁੱਸੇ ਦੇ ਤਾਪ ਨਾਲ ਤਪਿਆ ਮੈਂ ਉਹਨੂੰ ਦਿਮਾਗ 'ਚੋਂ ਝਟਕਣ ਦੀ ਕਈ ਵਾਰੀ ਕੋਸ਼ਿਸ਼ ਕਰ ਚੁੱਕਿਆ ਸੀ। ਪਰ ਹਰ ਵਾਰੀ ਉਹਦੀ ਤਸਵੀਰ ਮੇਰੀਆਂ ਨਜ਼ਰਾਂ ਅੱਗੇ ਨੱਚਦੀ ਟੱਪਦੀ ਦਿਸਦੀ। ਮਨ ਉਹਦੇ ਘਰ ਜਾਣ ਲਈ ਕਾਹਲਾ ਪੈਂਦਾ, ਪਰ ਪੈਰ ਉੱਠਦੇ ਈ ਨਾ। ' ਆਪੇ ਈ ਆਜੂਗਾ ' ਮੈਂ ਦਿਲ ਹੀ ਦਿਲ ਵਿੱਚ ਕਿਹਾ। ਉਹ ਦਰਵਾਜੇ ਵਿੱਚ ਖੜ੍ਹਾ ਸੀ। ਇੱਕ ਹੱਥ 'ਚ ਪੌਣੀ ਕੁ ਬੋਤਲ ਸ਼ਰਾਬ ਦੀ ਫੜੀ ਉਹ ਅਗਾਂਹ ਵਧਿਆ। ਮੇਰਾ ਗੁੱਸਾ ਉਹਨੂੰ ਦੇਖਦਿਆਂ ਹੀ ਕਿਤੇ ਹਵਾ ਹੋ ਗਿਆ।

" ਕਿਸ ਤਰ੍ਹਾਂ ਬੈਠਾ ਏਂ ਜੱਸੀ? ......... ਅੱਛਾ ਠੰਡ ਲੱਗਦੀ ਹੋਣੀ ਆਂ। .....ਲੈ ਫੜ ਤੂੰ ਵੀ ਦੋ ਘੁੱਟ ਪੀ ਲੈ। .....ਕੁਛ ਗਰਮੀ ਆ ਜੂ। ਅਜੇ ਕਿਹੜਾ ਪੀਤੀ ਹੋਣੀਂ ਆਂ....ਏਸ ਤਰ੍ਹਾਂ ਬੈਠਾ ਬੈਠਾ ਤਾਂ ਉਂਜ ਈ ਸੁੰਨ ਹੋ ਜਾਏਂਗਾ। .... ਲੈ ਫੜ ਵੀ.... ਦੇਖੀ ਕੀ ਜਾਨੈ .. ਮੇਰੀ ਵੱਲ ।" ਕਿੰਦਾ ਆਪਣੀਆਂ ਹੀ ਮਾਰੀ ਗਿਆ ਤੇ ਮੈਂ ਉਹਦੇ ਚਿਹਰੇ 'ਤੇ ਨਜ਼ਰਾਂ ਜਮਾਈ ਉਹਦੇ ਵੱਲ ਤੱਕੀ ਗਿਆ। ਉਹਨੂੰ ਤਾਂ ਜਿਵੇਂ ਕੁਝ ਹੋਇਆ ਹੀ ਨਹੀਂ ਸੀ। ਬੱਤੀ ਦੀ ਲੋਅ 'ਚ ਉਹਦਾ ਚਿਹਰਾ ਚੜ੍ਹਦੇ ਸੂਰਜ ਦੀ ਲਾਲੀ ਵਾਂਗ ਲੱਗ ਰਿਹਾ ਸੀ। ਸ਼ਰਾਬੀ ਅੱਖਾਂ ਵਿੱਚ ਭਾਵੇਂ ਲਾਲ ਡੋਰੇ ਤੈਰ ਰਹੇ ਸੀ, ਪਰ ਫਿਰ ਵੀ ਸ਼ਾਂਤੀ ਸੀ। ਅੱਖਾਂ ਹੀ ਅੱਖਾਂ ਵਿੱਚ ਉਸ ਨੇ ਮੈਨੂੰ ਬੋਤਲ ਫੜ੍ਹਨ ਲਈ ਕਿਹਾ ਸੀ ਪਰ ਮੇਰਾ ਹੱਥ ਅਗਾਂਹ ਨਾ ਹੋਇਆ।

" ਅੱਛਾ ਜੱਸੀ ਮੈਂ ਚੱਲਦਾਂ, ਤੂੰ ਬੈਠ। ਸ਼ਾਇਦ ਤੇਰੀ ਸਿਹਤ ਠੀਕ ਨਈਂ। ਤੇ ਜਾਂ ਫਿਰ ਤੂੰ ਮੇਰੇ ਨਾਲ ਬੋਲਣਾਂ ਈ ਨਈਂ ਚਾਹੁੰਦਾ। " ਉਸ ਨੇ ਪੈਰ ਪਿਛਾਂਹ ਨੂੰ ਪੁੱਟ ਲਿਆ ਸੀ। ਪਰ ਮੈਨੂੰ ਲੱਗਾ ਉਹਦਾ ਜਾਣ ਨੂੰ ਜੀਅ ਨਹੀਂ ਸੀ ਕਰ ਰਿਹਾ।

" ਕਿੰਦਿਆ ਏਦਾਂ ਈ ਚਲਾ ਜਾਏਂਗਾ ਯਾਰ! ਬਹਿ ਤਾਂ ਜਾ। ਨਾਲੇ ਅੱਜ ਦੀ ਕੋਈ ਗੱਲ ਤਾਂ ਦੱਸ, ਤੇਰੀ 'ਉਹ' ਵਾਲੀ ਦੀ। ਸੁਣਿਐ ਤੂੰ ਓਥੇ ਗਿਆ ਸੀ। ਮਿਲੀ ਕਿ ਨਈਂ ਉਹ ਤੈਨੂੰ ਇਸ ਵਾਰੀ। " ਮੈਥੋਂ ਵੀ ਰਿਹਾ ਨਾ ਗਿਆ। ਯਾਦ ਆਇਆ ਉਹ ਤਾਂ ਅੱਜ ਆਪਣੇ ਨਾਨਕੇ ਪਿੰਡ ਗਿਆ ਸੀ। ਜਰੂਰ ਰਾਣੋ ਨੂੰ ਮਿਲ ਕੇ ਆਇਆ ਸੀ। ਸ਼ਾਇਦ ਏਸੇ ਕਰਕੇ ਸਰੂਰ ਵਿੱਚ ਸੀ।

ਉਹ ਮੇਰੇ ਸਾਹਮਣੇ ਵਾਲੀ ਕੁਰਸੀ 'ਤੇ ਬਹਿ ਗਿਆ। ਬੋਤਲ ਉਸ ਨੇ ਮੇਜ਼ ਉੱਪਰ ਰੱਖ ਲਈ। ਸਿਗਰਟ ਦੀ ਡੱਬੀ ਕੱਢ ਕੇ ਉਸ ਨੇ ਇੱਕ ਸਿਗਰਟ ਲਾ ਲਈ ਤੇ ਕਾਲੇ ਹੋਏ ਬੁੱਲਾਂ ਵਿੱਚ ਘੁੱਟ ਲਈ। ਵਿੱਚ ਵਿੱਚ ਉਹ ਮੇਰੇ ਵੱਲ ਵੀ ਦੇਖੀ ਗਿਆ। ਇੱਕ ਲੰਮਾ ਸਾਰਾ ਕਸ਼ ਖਿੱਚ ਕੇ ਉਸ ਨੇ ਧੂੰਆਂ ਕਮਰੇ 'ਚ ਉਛਾਲ ਦਿੱਤਾ। ਮੈਂ ਦੋ ਗਲਾਸ ਤੇ ਨਮਕੀਨ ਲਿਆ ਕੇ ਬੋਤਲ ਕੋਲ ਰੱਖ ਦਿੱਤੇ। ਪਾਣੀ ਦਾ ਜੱਗ ਪਹਿਲਾਂ ਹੀ ਮੇਜ਼ ਉੱਪਰ ਪਿਆ ਸੀ। ਕਿੰਦੇ ਨੇ ਸ਼ਰਾਬ ਗਲਾਸਾਂ ਵਿੱਚ ਪਾਈ ਤੇ ਪਾਣੀ ਪਾ ਕੇ ਉੱਤੋਂ ਤੱਕ ਭਰ ਦਿੱਤੇ।

" ਚੱਲ ਮਿੱਤਰਾ ਹੋ ਜਾ ਸ਼ੁਰੂ । ਰੱਬ ਦਾ ਨਾਂ ਲੈ ਕੇ। " ਉਸ ਨੇ ਗਲਾਸ ਚੁੱਕ ਕੇ ਹੱਥ 'ਚ ਫੜ ਲਿਆ।

" ਚੰਗਾ.... ਚੀਅਰਜ਼। " ਮੈਂ ਗਲਾਸ ਉਹਦੇ ਗਲਾਸ ਨਾਲ ਖੜਕਾਇਆ। "ਕਿੱਦਾਂ ਫੇ' ਹੋਏ ਦਰਸ਼ਨ ਸਰਕਾਰ ਦੇ।"

" ਉਹ ਤਾਂ ਮੇਰੇ ਨਾਲ ਬੋਲੀ ਈ ਨਈਂ। ......ਨਈਂ ਨਈਂ ਪਹਿਲਾਂ ਬੋਲੀ ਸੀ, ਬਾਅਦ 'ਚ ਲੜ ਪਈ ਸੀ। "

" ਕਿਉਂ ਕਿਹੜੀ ਗੱਲੋਂ ? "

" ਬਸ ਐਵੇਂ ਹੀ, ਅਖੇ ਆਉਂਦਾ ਨ੍ਹੀਂ ਛੇਤੀਂ ਛੇਤੀਂ। ਜਦੋਂ ਮੈਂ ਗਿਆ ਸੀ ਤਾਂ ਮਾਮੇ ਕੇ ਛਿੱਬੂ ਨੇ ਥੋੜ੍ਹੀ ਜਿਹੀ ਪਿਲਾ ਦਿੱਤੀ ਸੀ। ਜੀਅ ਤਾਂ ਕਰਦਾ ਨਈਂ ਸੀ ਜਾਣ ਨੂੰ, ਬਸ

ਐਵੇਂ ਚਲਾ ਗਿਆ। ਗਵਾਂਢ ਹੀ ਤਾਂ ਘਰ ਸੀ ਉਹਦਾ। ਸੋਚਿਆ ਸੀ ਦੇਖ ਲਿਆ ਤਾਂ ਫੇ' ਲੜੂ। " ਉਹ ਕਹਿਣ ਲੱਗਾ।

' ਕਦੋਂ ਆਏ ਸੀ ਤੁਸੀਂ ? ' ਉਹ ਮੈਨੂੰ ਦੇਖ ਕੇ ਕਹਿਣ ਲੱਗੀ।

'ਬਸ ਹੁਣੇ ਆਇਆਂ। ' ਮੈਂ ਕਿਹਾ। 'ਕੀ ਹਾਲ ਐ ਤੇਰਾ। ' ਮੈਂ ਉਹਨੂੰ ਪੁੱਛਿਆ ਤਾਂ ਕਹਿਣ ਲੱਗੀ, 'ਤੇਰਾ ਈ ਖਿਆਲ ਆ। '

'ਮਾਮੀ ਹੋਰਾਂ ਦਾ ਕੀ ਹਾਲ ਐ। ਪੱਪੂ ਕਿੱਥੇ ਗਿਆ। ਸੀਤਾ ਆਈ ਕਿ ਨਈਂ ਸਕੂਲੋਂ ਅਜੇ। ' ਇੱਕ ਤਾਂ ਉਨ੍ਹਾਂ ਦੇ ਘਰ ਕੋਈ ਨਈਂ ਸੀ, ਤੇ ਦੂਜਾ ਉਹਨੇ ਜਵਾਬ ਈ ਕੁਛ ਇਸ ਤਰੀਕੇ ਨਾਲ ਦਿੱਤਾ ਸੀ ਕਿ ਮੈਂ ਠਰ ਜਿਹਾ ਗਿਆ ਸੀ। ਤਾਂਹੀਉਂ ਮੈਂ ਉਹਨੂੰ ਕਿੰਨੇ ਸਾਰੇ ਸਵਾਲ ਇੱਕੋ ਵਾਰੀ ਕਰ ਗਿਆ ਸੀ ਜੱਸੀ। '

'ਸਭ ਠੀਕ ਠਾਕ ਐ। ' ਉਹਨੇ ਛੇਤੀ ਦੇਣੀ ਕਿਹਾ। 'ਹੁਣ ਤਾਂ ਆਉਂਦੇ ਈ ਨਈਂ ਕਦੇ.... ਗੁੱਸੇ ਤਾਂ ਨ੍ਹੀਂ ਕਿਸੇ ਗੱਲੋਂ ..... ਮੈਂ ਤਾਂ ਰਾਹ ਦੇਖਦੀ ਦੇਖਦੀ ਥੱਕ ਜਾਨੀਂ ਆਂ। ਤੂੰ ਆਉਣਾ ਕਿਉਂ ਛੱਡ ਦਿੱਤਾ ਕਿੰਦਿਆ। ' ਉਸ ਨੇ ਮੇਰਾ ਹੱਥ ਆਪਣੇ ਹੱਥਾਂ ਵਿੱਚ ਲੈ ਲਿਆ। "

" ਇਹ ਤੀਵੀਂ ਤੂੰ ਤੋਂ ਤੁਸੀਂ ਕਿੱਦਾਂ ਕਹਿਣ ਲੱਗ ਪੈਂਦੀ ਆ ਜੱਸੀ। " ਉਹਦੀ ਇਸ ਗੱਲ ਨਾਲ ਮੈਂ ਉੱਖੜ ਜਿਹਾ ਗਿਆ। ਜਿਵੇਂ ਕੋਈ ਰਾਹੇ ਰਾਹੇ ਜਾਂਦਾ ਬੇਧਿਆਨੇ ਠੋਕਰ ਖਾ ਜਾਂਦਾ ਹੈ। ਮੈਂ ਤਾਂ ਉਹਦੀ ਪ੍ਰੇਮ ਕਹਾਣੀ ਸੁਣਨ ਵਿੱਚ ਮਸਤ ਹੋਇਆ ਪਿਆ ਸੀ। " ਮੇਰੇ ਖਿਆਲ 'ਚ ਜਿਹੜੀ ਤੀਵੀਂ ਥੋੜ੍ਹਾ ਕੁ ਪੜ੍ਹੀ ਲਿਖੀ ਹੋਵੇ, ਉਹ ਜ਼ਰਾ ਇੱਜਤ ਨਾਲ ਬੋਲਦੀ ਆ। " ਉਹ ਆਪ ਹੀ ਕਹਿਣ ਲੱਗਾ।

" ਤੇ ਫਿਰ ਤੁਸੀਂ ਤੋਂ ਤੂੰ ਵੀ ਤਾਂ ਉਸੇ ਵੇਲੇ ਕਹਿ ਦਿੰਦੀ ਆ। " ਮੈਂ ਬੋਲਿਆ।

" ਓਏ ਉਹ ਤਾਂ ਪਿਆਰ ਨਾਲ ਕਹਿ ਈ ਹੋ ਜਾਂਦੈ ਕਿਤੇ ਕਿਤੇ । ਯਾਰੀ ਜਿਉਂ ਹੁੰਦੀ ਆ। " ਉਸ ਨੇ ਫਿਰ ਕਿਹਾ ਸੀ।

" ਅੱਛਾ! ਫਿਰ ਤਾਂ ਇਹ ਪਿਆਰ ਦੀ ਨਿਸ਼ਾਨੀ ਹੋਈ, ਕਿੰਦਿਆ! " ਮੇਰੇ ਮੂੰਹੋਂ ਨਿਕਲਿਆ।

" ਹਾਂ ਬਈ ਹਾਂ । ਜੱਸੀ ਤੈਂ ਕਿਹੜਾ ਕਦੀ ਪਿਆਰ ਕੀਤੈ ਕਿਸੇ ਨੂੰ । ਕਰੇਂ ਤਾਂ ਪਤਾ ਲੱਗ ਜਾਏ ਤੈਨੂੰ..... ਕਿਸ ਤਰ੍ਹਾਂ ਪਰਾਏ ਆਪਣੇ ਬਣ ਜਾਂਦੇ ਆ। " ਉਹ ਚਮਕ ਕੇ ਬੋਲਿਆ। ਜਿਵੇਂ ਉਸ ਨੂੰ ਇਸ ਗੱਲ ਦਾ ਪੂਰਾ ਵਿਸ਼ਵਾਸ਼ ਸੀ ਕਿ ਇਸ ਤਰ੍ਹਾਂ ਪਰਾਏ ਆਪਣੇ ਬਣ ਜਾਂਦੇ ਹਨ।

" ਇਹ ਜਰੂਰੀ ਤਾਂ ਨਹੀਂ ਕਿੰਦਿਆ ਕਿ ਹਰ ਤੀਵੀਂ 'ਤੁਸੀਂ' ਹੀ ਕਹੇ। ਤੂੰ ਕਹਿਣ 'ਚ ਵੀ ਕਈਆਂ ਦੇ ਬੋਲ ਸ਼ਹਿਦ ਨਾਲ ਭਰੇ ਹੁੰਦੇ ਆ। ਭਲਾ ਜਿਹੜੀਆਂ ਅਲਫੋਂ ਬੇ ਨ੍ਹੀਂ ਪੜ੍ਹੀਆਂ ਹੁੰਦੀਆਂ, ਉਨ੍ਹਾਂ ਨੂੰ ਪਿਆਰ ਕਰਨਾ ਨ੍ਹੀਂ ਆਉਂਦਾ। ਜਾਂ ਉਨ੍ਹਾਂ 'ਚ ਦਿਲ ਨ੍ਹੀਂ ਹੁੰਦਾ। "

" ਨਈਂ ਮੈਂ ਇਹ ਤਾਂ ਨਹੀਂ ਕਹਿੰਦਾ। ਰਾਣੋ ਤਾਂ ਮੇਰੇ ਨਾਲ ਇਸ ਕਰਕੇ ਲੜ੍ਹੀ ਸੀ ਕਿ ਮੈਂ ਸ਼ਰਾਬ ਪੀਤੀ ਹੀ ਕਿਉਂ। ਉਹ ਮੰਨਦੀ ਹੀ ਨਈਂ ਸੀ ਕਿ ਮੈਨੂੰ ਛਿੱਬੂ ਨੇ ਪਿਲਾਈ

ਆ। ਉਹ ਕਹਿੰਦੀ ਸੀ, ਮੈਂ ਜਾਣ ਬੁੱਝ ਕੇ ਪੀ ਕੇ ਆਇਆਂ। ਕਿੰਨਾਂ ਗਲਤ ਸੋਚਦੀ ਸੀ ਉਹ । ਤੇ ਲੜਦੀ ਝਗੜਦੀ ਦੇ ਮੈਂ ਇੱਕ ਮਾਰ ਦਿੱਤੀ। ਉਹ ਫਿੱਸ ਪਈ ਸੀ । ਫਿਰ ਮੈਂ ਆ ਗਿਆ ਸੀ , ਉਹਨੂੰ ਰੋਂਦੀ ਨੂੰ ਛੱਡ ਕੇ। " ਉਹ ਬੋਲਦਾ ਗਿਆ।

ਉਹਦੀਆਂ ਗੱਲਾਂ ਮੈਂ ਬੜੇ ਧਿਆਨ ਨਾਲ ਸੁਣੀ ਜਾਂਦਾ ਸੀ ਤੇ ਅੱਖਾਂ ਮੇਰੀਆਂ ਕੀੜੀਆਂ ਦੇ ਬਣਾਏ ਰਾਹ ਵਾਂਗ ਵਲ ਖਾਂਦੇ ਧੂੰਏਂ ਵੱਲ ਤੱਕ ਰਹੀਆਂ ਸਨ, ਜਿਹੜਾ ਉਤਾਂਹ ਛੱਤ ਵੱਲ ਉੱਠਦਾ ਜਾ ਰਿਹਾ ਸੀ। ਕਿੰਦੇ ਨੇ ਸ਼ਰਾਬ ਦਾ ਭਰਿਆ ਗਲਾਸ ਮੂੰਹ ਨੂੰ ਲਾਇਆ ਤੇ ਇੱਕੋ ਸਾਹ ਖਾਲੀ ਕਰ ਦਿੱਤਾ। ਸਿਗਰਟ ਦੇ ਮੂੰਹ 'ਤੇ ਧੁਖ ਧੁਖ ਕਿੰਨੀ ਸਾਰੀ ਸਵਾਹ 'ਕੱਠੀ ਹੋ ਗਈ ਸੀ।

"ਯਾਰ ਦੀ ਯਾਰੀ ਮਗਰ ਜਾਣਾ ਚਾਹੀਦਾ, ਉਹਦੇ ਵੈਲਾਂ ਮਗਰ ਨਈਂ। " ਉਹਦੀ ਇਸ ਗੱਲ ਨੇ ਮੇਰੀ ਚੁੱਪ ਨੂੰ ਜਿਵੇਂ ਝੰਜੋੜਾ ਮਾਰਿਆ। ਸ਼ਾਇਦ ਉਸ ਨੇ ਮੇਰੀ ਸੋਚ ਨੂੰ ਟੋਹ ਲਿਆ ਸੀ। ਇੱਕ ਚੁਟਕੀ ਮਾਰ ਕੇ ਉਸ ਨੇ ਸਿਗਰਟ ਦਾ 'ਗੁੱਲ' ਝਾੜ ਦਿੱਤਾ ਸੀ। ਮੈਂ ਨਜ਼ਰ ਭਰ ਕੇ ਉਹਦੇ ਵੱਲ ਦੇਖਿਆ। ਉਹਦੇ ਬੁੱਲਾਂ ਉੱਤੇ ਖਾਸ ਮੁਸਕਰਾਹਟ ਨੱਚ ਰਹੀ ਸੀ। ਤੇ ਅੱਖਾਂ 'ਚ ਇੱਕ ਸੁਆਲ।

"ਤੈਂ ਕਦੇ ਪਿਆਰ ਕੀਤਾ ਜੱਸੀ। " ਉਸ ਨੇ ਪੁੱਛ ਹੀ ਲਿਆ।

" ਪਿਆਰ! ਕਿੰਦਿਆ ਤੂੰ ਵੀ ਅਜੀਬ ਸਵਾਲ ਕੀਤਾ ਏ ਮੈਨੂੰ। ਅੱਜ ਤੈਨੂੰ ਮੇਰੇ ਕੋਲੋਂ ਇਹ ਪੁੱਛਣ ਦੀ ਕੀ ਸੁੱਝ ਗਈ। ਭਲਾ ਮੇਰੀ ਏਨੀ ਜੁਰਤ ਕਿੱਥੇ। " ਮੈਂ ਕਿਹਾ । ਉਪਰੋਂ ਉਪਰੋਂ ਭਾਵੇਂ ਮੈਂ ਇਹ ਕਹਿ ਗਿਆ ਪਰ ਅੰਦਰੋਂ ਮੇਰਾ ਰੋਮ ਰੋਮ ਹਿੱਲ ਗਿਆ ਸੀ। ਜੀਤਾਂ ਤੇ ਨਿਰਮਲ ਦੀਆਂ ਯਾਦਾਂ ਦੇ ਜਖਮਾਂ 'ਚ ਟੀਸ਼ ਜਿਹੀ ਉੱਭਰ ਆਈ ਸੀ। ਜਿਸ ਬਾਰੇ ਮੈਂ ਕਦੇ ਵੀ ਕਿੰਦੇ ਨਾਲ ਗੱਲ ਨਹੀਂ ਸੀ ਕੀਤੀ। ਪਿੰਡੋਂ ਬਾਹਰ ਦੀਆਂ ਗੱਲਾਂ ਸਨ। ਜਿਨ੍ਹਾਂ ਦਾ ਜਿਕਰ ਕਦੇ ਵੀ ਸਾਡੀ ਮਹਿਫਲ 'ਚ ਨਹੀਂ ਸੀ ਛਿੜਿਆ।

" ਕਿਉਂ ਤੈਨੂੰ ਕੀ ਗੱਲ ਐ ? " ਉਹ ਹੱਸਿਆ।

" ਕੋਈ ਨਈਂ। ਗੱਲ ਤਾਂ ਕੋਈ ਨ੍ਹੀਂ। ਮੈਂ ਕਿਸੇ ਨੂੰ ਦੱਸਿਆ ਤਾਂ ਨਈਂ ਕਿ ਮੈਂ ਕਦੇ ਕਿਸੇ ਨੂੰ ਪਿਆਰ ਕੀਤਾ। ਤੈਨੂੰ ਦੱਸ ਦਿੰਨਾਂ। ਪਹਿਲਾਂ ਕਿਸੇ ਹੋਰ ਨੂੰ ਕਰਦਾ ਸੀ ਤੇ ਫਿਰ ਕਿਸੇ ਹੋਰ ਨੂੰ। "

" ਉਹ ਕਿਸ ਤਰ੍ਹਾਂ ? " ਉਹ ਸੁਆਲ ਬਣ ਕੇ ਚਹਿਕ ਉੱਠਿਆ।

" ਲੈ ਹੁਣ ਇਹ ਵੀ ਪੁੱਛ ਕੇ ਹਟੇਂਗਾ। ਮੈਂ ਤਾਂ ਇਸ ਤਰ੍ਹਾਂ ਦਾ ਨਈਂ ਸੀ, ਏਹੀ ਸੋਚਦਾ ਹੋਣੈ ਤੂੰ ਮੇਰੇ ਬਾਰੇ। ਭਲਾ ਵਿਗੜਨ ਲੱਗਿਆਂ ਕਿਹੜਾ ਚਿਰ ਲੱਗਦੈ। ਏਥੇ ਪਿੰਡ ਵਿੱਚ ਤਾਂ ਕਿਤਾਬਾਂ ਈ ਨਈਂ ਸੀ ਛੱਡਦੀਆਂ ਹੁੰਦੀਆਂ ਮੈਨੂੰ ਤੇ ਜਾਂ ਫਿਰ ਘਰ ਦੇ ਕੰਮ । ਘਰੋਂ ਸਕੂਲ ਤੇ ਸਕੂਲੋਂ ਘਰ। ਇਹ ਤਾਂ ਕਾਲਜ ਗਿਆਂ ਤੇ ਮੇਹਰਬਾਨੀ ਹੋ ਗਈ ਬਈ। " ਮੈਂ ਖੁੱਲੀ ਕਿਤਾਬ ਦੀ ਤਰ੍ਹਾਂ ਹੋ ਗਿਆ। " ਪਿਆਰ ਕੀਤਾ ਨ੍ਹੀਂ ਜਾਂਦਾ, ਹੋ ਈ ਜਾਂਦੈ। " ਉਹਦਾ ਵਿਚਾਰ ਸੀ।

" ਅੱਛਾ! ਲੈ ਫੜ 'ਫੇ ਪਹਿਲਾਂ ਦੋ ਘੁੱਟ ਭਰ ਏਹਦੇ। ਫਿਰ ਦੱਸਦਾਂ ਤੈਨੂੰ ਸਾਰੀ ਗੱਲ। ਪਾਣੀ ਪਾਉਣਾ ਕਿ ਨਈਂ। ਚੱਲ ਛੱਡ ਯਾਰ । ਸਰੂਰ ਜਿਹਾ ਆਜੂ। ਠੰਡ ਵੀ ਬੜੀ

ਹੋ ਗਈ ਆ। ਘੁੱਟ ਘੁੱਟ ਪੀਈ ਚੱਲ। ਸਾਡੇ ਦਫਤਰ ਦਾ ਇੱਕ ਬਾਊ ਆ। ਪਹਿਲਾਂ ਅਗਲੇ ਨਾਲ ਗੱਲਾਂ ਮਾਰੀ ਜਾਊ। ਨਾ ਅਗਲੇ ਨੂੰ ਕਹੂ ਪੀ ਲੈ ਤੇ ਨਾ ਆਪ ਹੀ ਪੀਊ। ਬਸ ਪਾ ਕੇ ਟਿਕਾ ਦਊ ਮੇਜ਼ ਉੱਪਰ। ਜੇ ਅਗਲਾ ਪੀ ਵੀ ਲਊ ਤਾਂ ਵੀ ਉਹ ਰਾਅ ਤੋਤੇ ਦੀ ਤਰ੍ਹਾਂ ਟੈਂ ਟੈਂ ਕਰਨੋਂ ਨ੍ਹੀਂ ਹਟਦਾ। ਬਾਅਦ 'ਚ ਇੱਕੋ ਵਾਰੀ ਸਾਰਾ ਗਲਾਸ ਅੰਦਰ। ਸੱਚੀ ਗੱਲ ਐ, ਪੀਣੀ ਵੀ ਕਿਸੇ ਕਿਸੇ ਨੂੰ ਆਉਂਦੀ ਆ। " ਮੈਂ ਗਲਾਸ 'ਚ ਸ਼ਰਾਬ ਪਾ ਕੇ ਉਹਨੂੰ ਫੜਾਉਂਦਿਆਂ ਕਿਹਾ।

" ਅੱਜ ਬੜੀਆਂ ਗੱਲਾਂ ਮਾਰੀ ਜਾਨੈ ਜੱਸੀ। " ਉਸ ਨੇ ਗਲਾਸ ਫੜਦਿਆਂ ਕਿਹਾ।

" ਗੱਲਾਂ! ਗੱਲਾਂ ਕਿੱਥੇ ਆਉਂਦੀਆਂ ਮੈਨੂੰ । ਇਹ ਤਾਂ ਐਵੇਂ ਤੇਰੇ ਮੇਰੇ ਕੋਲੋਂ ਸੁਣ ਲਈਦੀਆਂ। ਬਸ ਸਮੇਂ ਦਾ ਗੇੜ ਈ ਹੁੰਦੈ। ਪਤਾ ਨ੍ਹੀਂ ਕੀ ਕੀ ਦੇਖਣਾ ਪੈਂਦਾ, ਆਦਮੀ ਨੂੰ ਜ਼ਿੰਦਗੀ 'ਚ। ਤੂੰ ਸੋਚਦੈ ਹੋਣੈ, ਇਹ ਚੁੱਪ ਗੜੁੱਪ ਜਿਹਾ ਬੰਦਾ ਜਿਹੜਾ ਕਦੇ ਏਨਾ ਬੋਲਦਾ ਨਈਂ ਸੀ, ਅੱਜ ਕਿਵੇਂ ਗੱਲਾਂ ਦੀਆਂ ਫਾਕੜਾਂ ਲਾਈ ਜਾਂਦੈ। ਹੈ ਕਿ ਨਈਂ। ਇਹ ਤਾਂ ਐਵੇਂ ਤੂੰ ਪੁੱਛ ਲਿਆ। ਗੱਲ ਚੱਲ ਪਈ। ਨਈਂ ਤਾਂ ਮੈਂ ਕਦੇ ਨ੍ਹੀਂ ਦੱਸਿਆ ਕਿਸੇ ਨੂੰ ਆਪਣੇ ਬਾਰੇ। " ਮੈਂ ਬੋਤਲ ਫੜੀ ਤੇ ਬਾਕੀ ਬਚਦੀ ਸ਼ਰਾਬ ਗਲਾਸ 'ਚ ਪਾ ਕੇ ਪੀ ਗਿਆ।

" ਤੂੰ ਏਨੀ ਪੀਣ ਕਦੋਂ ਤੋਂ ਲੱਗ ਪਿਆਂ ਓਏ, ਜੱਸੀ। " ਉਸ ਨੇ ਮੈਨੂੰ ਫਿਰ ਟੋਕਿਆ। ਅੱਜ ਪਹਿਲੀ ਵਾਰ ਮੈਂ ਕੋਟੇ ਤੋਂ ਵਧ ਗਿਆ ਸੀ। ਸ਼ਾਇਦ ਏਸੇ ਲਈ ਉਹ ਹੈਰਾਨ ਹੋ ਗਿਆ ਸੀ।

" ਤੈਂ ਅੰਬ ਖਾਣੇ ਕਿ ਬੂਟੇ ਗਿਣਨੇ। ਅਖੇ ਤੂੰ ਏਨੀ ਪੀਣ ਕਦੋਂ ਤੋਂ ਲੱਗ ਪਿਆਂ। ਅਜੇ ਤਾਂ ਮੈਂ ਪੀਤੀ ਈ ਨਈਂ। ਇਹ ਤਾਂ ਬਸ ਤੇਰੇ ਨਾਲ ਬਹਿ ਗਿਆਂ, ਦੋ ਘੁੱਟ ਭਰ ਲਏ। ਸੰਭਲੀਂ ਓਏ ਕਿੰਦਿਆ। ਲੱਗਾ ਸੀ ਡਿਗਣ ਮੇਜ਼ ਉੱਤੇ। ਤੂੰ ਤਾਂ ਯਾਦਾ ਈ ਹੋ ਗਿਆ ਲੱਗਦੈ ਬਈ। ਸੱਚ ਮੰਨੀ ਮੈਨੂੰ ਤਾਂ ਚੜ੍ਹਦੀ ਈ ਨਈਂ । ਨਾਲੇ ਮੈਂ ਕਿਹੜਾ ਰੋਜ਼ ਪੀਨਾਂ। ਜਦੋਂ ਕਦੇ ਦਿਲ ਬਹੁਤਾ ਈ ਉਦਾਸ ਹੁੰਦਾ ਤਾਂ ਪੀ ਲੈਨਾਂ। " ਉਹ ਮਾੜਾ ਜਿਹਾ ਮੇਜ਼ ਵੱਲ ਨੂੰ ਉੱਲਰ ਗਿਆ ਸੀ। ਮੈਨੂੰ ਲੱਗਾ ਜਿਵੇਂ ਉਹ ਡਿਗਣ ਲੱਗਾ ਸੀ। ਪਰ ਉਹ ਮਾਚਿਸ ਚੁੱਕ ਕੇ ਫਿਰ ਸੰਭਲ ਕੇ ਬਹਿ ਗਿਆ।

" ਪਰ ਤੇਰੀ ਅੱਖ ਲੜ੍ਹ ਕਿਵੇਂ ਗਈ ? ਤੂੰ ਤਾਂ ਕਦੇ ਕਿਸੇ ਕੁੜੀ ਵੱਲ ਅੱਖ ਭਰ ਕੇ ਦੇਖਿਆ ਵੀ ਨਈਂ ਸੀ। ਏਨਾ ਚਿਰ ਹੋ ਗਿਆ ਮੇਰੇ ਨਾਲ ਪਿੰਡ ਰਹਿੰਦਿਆਂ। ਬਹਿੰਦਿਆਂ। " ਕਿੰਦਾ ਜਿਵੇਂ ਪੀਣੀ ਭੁੱਲ ਗਿਆ ਲੱਗਦਾ ਸੀ।

" ਅੱਖ ਲੜ੍ਹ ਈ ਜਾਂਦੀ ਆ ਭਰਾਵਾ। ਤੂੰ ਜਾਣਦਾ ਈ ਏਂ । ਤੇਰੀ ਵੀ ਤਾਂ ਲੜ੍ਹੀ ਹੋਈ ਆ। ਓਦੋਂ ਮੈਂ ਬੀ. ਏ. ਅਜੇ ਕੀਤੀ ਨਈਂ ਸੀ, ਜਦੋਂ ਉਹ ਕੀ ਕਹਿੰਦੇ ਆ ... ਸਾਹਨੀ .. ਸਾਹਨੀ , ਲੱਖਪੁਰ ਸਾਹਨੀ। ਬਈ ਕੁੜੀ ਕੀ ਸੀ। ਰੱਬ ਨੇ ਕਿਤੇ ਵਿਹਲੇ ਬਹਿ ਕੇ ਬਣਾਈ ਲੱਗਦੀ ਸੀ। ਐਸੀ ਅੱਖ ਲੜ੍ਹੀ, ਬਸ ਲੜ੍ਹ ਈ ਗਈ। ਮੈਂ ਤਾਂ ਮਰ ਹੀ ਗਿਆ ਸੀ ਉਸ ਉੱਤੇ। ਉੱਥੇ ਮੇਲੇ 'ਚ ਟੱਕਰੀ ਸੀ। ਮਾਰ ਲਿਆ ਉਹਦੇ ਗੋਰੇ ਰੰਗ ਨੇ। ਬਈ ਕੁੜੀ ਨਿਰਾ ਪਟੋਲਾ ਸੀ। ਨਾਲੇ ਮੈਂ ਕਿਹੜਾ ਘੱਟ ਸੀ। ਫੁੱਲ ਖਿੜੇ ਤਾਂ ਕਿਹੜਾ ਵਰਜੇ। ਬਈ

ਭੌਰਿਆ ਇਧਰ ਨਾ ਆਈਂ। ਜੀਤਾਂ ਨਾਂ ਸੀ ਉਸ ਦਾ। ਦੋ ਢਾਈ ਸਾਲ ਕਿਵੇਂ ਲੰਘੇ, ਪਤਾ ਈ ਨਾ ਲੱਗਾ।

ਕੀ ਦੱਸਾਂ ਕਿੰਦਿਆ। ਪਤਾ ਓਦੋਂ ਲੱਗਾ, ਜਦੋਂ ਅਮਰੀਕਾ ਜਾ ਵੜ੍ਹੀ। ਜਾਣ ਲੱਗੀ ਨੇ ਧੂੰਆਂ ਵੀ ਨਾ ਕੱਢਿਆ। ਦਿਲ ਟੁੱਟ ਗਿਆ ਮੇਰਾ। ਮੂਰਖ, ਪਾਗਲ , ਦੀਵਾਨਾ, ਮਜਨੂੰ । ਕੀ ਕੀ ਨਈ੍ਹੀਂ ਕਿਹਾ ਮੈਨੂੰ, ਲੋਕਾਂ ਨੇ ਮੈਨੂੰ। ਤੁਸੀਂ ਤਾਂ ਦੇਖਿਆ ਨਈ੍ਹੀਂ, ਕੀ ਹਾਲ ਹੋਇਆ ਸੀ ਮੇਰਾ। ਜਿਸ ਦਿਨ ਗਈ ਦਾ ਪਤਾ ਲੱਗਾ, ਉਸ ਦਿਨ ਬੜੀ ਪੀਤੀ। ਓਦੋਂ ਤੱਕ ਜਦੋਂ ਤੱਕ ਹੋਸ਼ 'ਚ ਰਿਹਾ। ਉਹ ਦਿਨ ਜਾਏ, ਆਪਾਂ ਮੁੜ ਕੇ ਪੀਣੀ ਨ੍ਹੀਂ ਛੱਡੀ। ਪਰ ਹਿਸਾਬ ਨਾਲ ਹੀ। ਬਹੁਤੀ ਨਈ੍ਹੀਂ। ਬਥੇਰਾ ਸਮਝਾਇਆ ਸੀ ਤੇਰੇ ਮੇਰੇ ਵਰਗਿਆਂ ਨੇ। ਭਲਾ ਛੱਡ ਹੁੰਦੀ ਆ। ਕੋਈ ਕੀ ਜਾਣੇ। ਜਿਸ ਤਨ ਲੱਗੀਆਂ ਸੋਈ ਤਨ ਜਾਣੇ, ਕੌਣ ਜਾਣੇ ਪੀੜ ਪਰਾਈ। ਕਈ ਵਾਰੀ ਗੱਡੀ ਦੀ ਲਾਈਨ 'ਤੇ ਗਿਆ। ਕੀ ਲੈਣਾ ਜੀ ਕੇ। ਪਰ ਉਹਦੀ ਯਾਦ ਨੇ ਮਰਨ ਵੀ ਨਾ ਦਿੱਤਾ। ਉਹ ਬੇਵਫ਼ਾ ਹੋ ਗਈ। ਪਰ ਮੈਥੋਂ ਭੁਲਾਇਆ ਨਈ੍ਹੀਂ ਸੀ ਜਾਂਦਾ। ਜਦੋਂ ਕਦੇ ਯਾਦ ਆਉਂਦੀ, ਤਾਂ ਜਾਨ ਦੀ ਬਣ ਜਾਂਦੀ। " ਏਨਾ ਕਹਿ ਕੇ ਮੈਂ ਚੁੱਪ ਹੋ ਗਿਆ। ਪਾਣੀ ਦੇ ਕੁਛ ਘੁੱਟ ਪੀਤੇ ਤੇ ਅਲਮਾਰੀ ਖੋਲ੍ਹ ਕੇ ਹੋਰ ਬੋਤਲ ਮੇਜ਼ ਉੱਤੇ ਰੱਖ ਦਿੱਤੀ।

" ਹੁਣ ਰਹਿਣ ਦੇ ਹੋਰ ਪੀਣ ਨੂੰ, ਬਸ ਕਰ। ਟੈਮ ਵੀ ਬਹੁਤ ਹੋ ਗਿਆ। ਗਿਆਰਾਂ ਵੱਜਣ ਵਾਲੇ ਆ। " ਬੋਤਲ ਵੱਲ ਦੇਖ ਕੇ ਕਿੰਦੇ ਨੇ ਘੜੀ ਦੇਖੀ ਸੀ। ਤੇ ਜਾਂ ਫਿਰ ਉਹ ਮੇਰੀ ਗੱਲ ਮੁੱਕ ਗਈ ਸਮਝਦਾ ਹੋਊ।

" ਬਸ ਕਰਾਂ! ਨਈ੍ਹੀਂ ਅਜੇ ਤਾਂ ਗੱਲ ਅੱਧੀ ਹੀ ਮੁੱਕੀ ਆ। ਤੂੰ ਪਾ ਅਜੇ ਪੈੱਗ ਪੈੱਗ । ਡਰ ਨਾ ਮੈਂ ਡੋਲਦਾ ਨਈ੍ਹੀਂ ਤੇ ਥੱਕਦਾ ਵੀ ਨਈ੍ਹੀਂ। ਅੱਜ ਤੂੰ ਪੁੱਛ ਲਿਆ ਤਾਂ ਦੱਸ ਰਿਹਾਂ। ਫਿਰ ਕਿਸ ਨੇ ਪੁੱਛਣਾਂ ਤੇ ਕੀਹਨੂੰ ਮੈਂ ਦੱਸਣੀਂ ਆਂ। ਅੱਗੇ ਰੋਜ਼ ਪੀਨਾਂ ਈਂ ਆਂ। ਕਦੇ ਕਿਸੇ ਨੇ ਨਈ੍ਹੀਂ ਪੁੱਛਿਆ। ਯਾਰ ਯਾਰ ਈ ਹੁੰਦੈ ਕਿੰਦਿਆ। ਕਿਤੇ ਅੱਕ ਤਾਂ ਨ੍ਹੀਂ ਗਿਆ ਤੂੰ। ਦੱਸ ਦਈਂ, ਬੋਰ ਤਾਂ ਨਈ੍ਹੀਂ ਕਰ ਰਹੀਆਂ ਮੇਰੀਆਂ ਗੱਲਾਂ। ਮੈਂ ਕਿਸੇ ਦਾ ਸਮਾਂ ਖਰਾਬ ਨਈ੍ਹੀਂ ਕਰਨਾ ਚਾਹੁੰਦਾ। ਪਰ ਜੇ ਉੱਖਲੀ 'ਚ ਸਿਰ ਦਿੱਤਾ ਤਾਂ ਫਿਰ ਮੋਹਲਿਆਂ ਦਾ ਕੀ ਡਰ। ਜਦ ਯਾਰੀ ਲਾ ਈ ਬੈਠਾਂ ਤਾਂ ਫਿਰ ਪਿੱਛੇ ਕੀ ਹਟਣਾਂ। ਹੈ ਨਾ। ਹੁਣ ਸੁਣ ਈ ਲੈ, ਕਿਹੜਾ ਰੋਜ਼ ਰੋਜ਼ ਦੱਸਣੀਂ ਆਂ।

ਸ਼ਹਿਰ, ਮਾਡਲ ਟਾਊਨ 'ਚ ਰਹਿੰਦੀ ਹੁੰਦੀ ਸੀ ਉਹ ਨਿਰਮਲ। ਨਿਰਮਲ। ਜੀਤਾਂ ਦੇ ਨਾਲ ਹੀ ਫਿਰਦੀ ਹੁੰਦੀ ਸੀ। ਉਸ ਨੇ ਹੀ ਮੈਨੂੰ ਦੱਸਿਆ ਸੀ ਕਿ ਜੀਤਾਂ ਅਮਰੀਕਾ ਚਲੀ ਗਈ ਆ। ਸੱਚ ਜਾਣੀ ਹੋਰ ਕੋਈ ਨ੍ਹੀਂ ਸੀ ਜਾਣਦਾ ਸਾਡੀਆਂ ਗੱਲਾਂ। ਉਹਨੂੰ ਸਭ ਪਤਾ ਸੀ। ਇਹ ਸੱਚ ਐ ਕਿ ਮੈਂ ਲੋਕਾਂ ਦੇ ਚਿਹਰੇ ਥੋੜ੍ਹਾ ਥੋੜ੍ਹਾ ਪੜ੍ਹ ਲੈਨਾਂ। ਕਿਸੇ ਦੇ ਦਿਲ 'ਚ ਕੀ ਐ, ਉਹਦੀਆਂ ਅੱਖਾਂ 'ਚੋਂ, ਚਿਹਰੇ ਤੋਂ ਪਤਾ ਲੱਗ ਜਾਂਦੈ। ਨਿਰਮਲ ਵੀ ਮੈਨੂੰ ਚਾਹੁੰਦੀ ਸੀ। ਉਹਦੀਆਂ ਅੱਖਾਂ 'ਚ ਉਮੜਿਆ ਪਿਆਰ ਮੈਂ ਕਈ ਵਾਰੀ ਦੇਖਿਆ ਸੀ। ਜੀਤਾਂ ਤੋਂ ਬਾਅਦ ਜਿਹੜੇ ਸ਼ਖਸ ਨੇ ਮੇਰੇ ਨਾਲ ਹਮਦਰਦੀ ਜਤਾਈ ਸੀ, ਉਹ ਕੋਈ ਸੀ ਤਾਂ ਸਿਰਫ਼ ਨਿਰਮਲ।

ਤੇ ਉਸ ਦਿਨ ਤੋਂ ਬਾਅਦ ਮੈਂ ਉਹਨੂੰ ਪਿਆਰ ਕਰਨ ਲੱਗ ਪਿਆ। ਮੇਰੇ ਦਿਲ

ਦੀਆਂ ਧੜਕਨਾਂ ਉਹਦੀਆਂ ਧੜਕਨਾਂ ਸੀ। ਜਿੰਨਾਂ ਪਿਆਰ ਮੈਂ ਜੀਤਾਂ ਨੂੰ ਕਰਦਾ ਸੀ, ਓਨਾ ਹੀ ਨਿਰਮਲ ਨੂੰ ਕਰਨ ਲੱਗਾ। ਸਗੋਂ ਜਿਆਦਾ ਹੀ। ਉਹ ਮੇਰੇ ਦੁੱਖ ਸੁੱਖ ਦੀ ਭਾਈਵਾਲ ਬਣੀ ਸੀ। " ਮੈਂ ਭਾਵੁਕ ਜਿਹਾ ਹੋ ਗਿਆ। ਅੱਖਾਂ 'ਚ ਕੁਝ ਪਾਣੀ ਜਿਹਾ ਵੀ ਆ ਗਿਆ।

" ਤੇ ਫਿਰ ਤੇਰੀਆਂ ਅੱਖਾਂ 'ਚ ਪਾਣੀ ਕਿਉਂ ਆ ਗਿਆ, ਜੱਸੀ ਤੂੰ ਅਜੇ ਵੀ ਖੁਸ਼ ਨ੍ਹੀਂ ਲੱਗਦਾ। ਕੋਈ ਗ਼ਮ ਖਾ ਰਿਹਾ ਤੈਨੂੰ। ਹੰਝੂ ਐਵੇਂ ਤਾਂ ਨ੍ਹੀਂ ਆਉਂਦੇ। " ਕਿੰਦਾ ਮੇਰੇ ਸਾਹਮਣੇ ਬੈਠਾ ਸੀ। ਨਾ ਤਾਂ ਉਸ ਨੇ ਸ਼ਰਾਬ ਨੂੰ ਹੱਥ ਲਾਇਆ ਸੀ ਤੇ ਨਾ ਹੀ ਸਿਗਰਟ ਸੁਲਗਾਈ ਸੀ। ਇੱਕ ਟੱਕ ਮੇਰੇ ਵੱਲ ਦੇਖੀ ਜਾਂਦਾ ਸੀ।

" ਹੰਝੂ! ਓ ਨਈਂ ਕਿੰਦਿਆ। ਇਹ ਤਾਂ ਐਵੇਂ ਪਾਣੀ ਆ ਗਿਆ ਅੱਖਾਂ 'ਚ । ਬਹੁਤਾ ਪੜ੍ਹਨ ਨਾ' ਮੇਰੀ ਨਜ਼ਰ ਕਮਜ਼ੋਰ ਹੋ ਗਈ ਆ। ਪੁਰਾਣਾ ਕੱਪੜਾ ਵੀ ਬਥੇਰਾ ਚਿਰ ਕੱਢ ਜਾਂਦੈ, ਜੇ ਆਪਾਂ ਉਹਦੀ ਚੱਜ ਨਾਲ ਗੰਢ ਤੁੱਪ ਕਰ ਲਈਏ। ਉਸ ਦਿਨ ਸੱਚਮੁਚ ਮੇਰਾ ਦਿਲ ਟੁੱਟ ਗਿਆ ਸੀ ਜਦੋਂ ਨਿਰਮਲ ਨੇ ਮੈਨੂੰ ਜੀਤਾਂ ਬਾਰੇ ਦੱਸਿਆ ਸੀ। ਫਿਰ ਨਿਰਮਲ ਨੂੰ ਪਾ ਕੇ ਮੈਂ ਇਹ ਸਮਝਿਆ ਸੀ ਕਿ ਉਹ ਮੈਨੂੰ ਸੰਭਾਲ ਲਵੇਗੀ। ਮੈਨੂੰ ਕੁਰਾਹੇ ਪੈਣ ਤੋਂ ਰੋਕ ਲਵੇਗੀ।

ਪਰ ਨਹੀਂ ਕਿੰਦਿਆ! ਕੌਣ ਕਿਸੇ ਦਾ ਬਣਦੈ। ਨਿਰਮਲ ਨੂੰ ਮੇਰਾ ਪਿਆਰ ਮੰਜ਼ੂਰ ਨਾ ਹੋਇਆ। ਸ਼ਾਇਦ ਉਹਨੂੰ ਰਾਸ ਨ੍ਹੀਂ ਸੀ ਆਇਆ, ਮੇਰਾ ਇਹ ਟੁੱਟਾ ਹੋਇਆ ਦਿਲ। ਉਸ ਨੇ ਸੋਚਿਆ ਹੋਣੈ, ਏਥੇ ਤਾਂ ਪਹਿਲਾਂ ਈ ਲਗਾਰ ਆਇਆ ਹੋਇਆ। ਉਸ ਨੇ ਦਿਲ ਨੂੰ ਦਿਲ ਨਾ ਸਮਝਿਆ। ਠੋਕਰ ਮਾਰੀ। ਜਿਵੇਂ ਕੋਈ ਕੱਚ ਦਾ ਖਿਡੌਣਾ ਹੋਵੇ। ਉਸ ਨੇ ਵੀ ਬਿਨ੍ਹਾਂ ਦੱਸਿਆਂ ਕਿਤੇ ਹੋਰ ਸ਼ਾਦੀ ਕਰ ਲਈ।

ਬਸ ਇਹੀ ਆ ਮੇਰੀ ਕਹਾਣੀ। ਦੇਖੀਂ ਦੋਸਤਾ! ਕਿਤੇ ਦਿਲ ਨੂੰ ਨਾ ਲਾ ਬੈਠੀਂ। ਤੂੰ ਵੀ ਰਾਣੋ ਨਾਲ ਅੱਖ ਲੜ੍ਹਾਈ ਹੋਈ ਆ। ਕੋਈ ਨ੍ਹੀਂ ਕਿਸੇ ਦਾ ਬਣਦਾ। ਪੈੱਗ ਪੀ ਤੇ ਚੱਲ ਚੱਲੀਏ । ਬਹੁਤ ਚਿਰ ਹੋ ਗਿਆ ਬੈਠਿਆਂ ਨੂੰ। ਸੰਭਲੀਂ । ਨਾਲੇ ਇਨ੍ਹਾਂ 'ਤੇ ਜ਼ੋਰ ਵੀ ਕੀ ਆ ਆਪਣਾ । ਆਪਾਂ ਤਾਂ ਹੋਏ ਨਿਮਾਣੇ ਜਿਹੇ ਬੰਦੇ ਤੇ ਇਹ ਹੋਏ ਦਿਲਾਂ ਵਾਲੇ। " ਮੈਂ ਆਪਣਾ ਗਲਾਸ ਚੁੱਕ ਕੇ ਮੂੰਹ ਨੂੰ ਲਾ ਲਿਆ ਤੇ ਕਿੰਦੇ ਦਾ ਗਲਾਸ ਕਿੰਦੇ ਵੱਲ ਕਰ ਦਿੱਤਾ। ਉਹ ਅਜੇ ਵੀ ਬੇਚੈਨ ਜਿਹਾ ਮੇਰੇ ਵੱਲ ਦੇਖੀ ਜਾ ਰਿਹਾ ਸੀ।

–•♣•–



# ਕੰਜਰ

"ਬਈ ਮੈਂ ਕਿਆ! ਹੁਣ ਜ਼ਰਾ ਮੈਨੂੰ ਛੱਡਣ ਦੀ ਖੇਚਲ ਕਰੋਗੇ।" ਪ੍ਰਵੇਜ਼ ਦੀਆਂ ਗਹਿਰੀਆਂ ਨਜ਼ਰਾਂ ਆਪਣੇ ਵੱਲ ਉੱਠੀਆਂ ਦੇਖ ਕੇ ਮੈਂ ਉਹਦੇ ਕੰਨ ਦੇ ਲਾਗੇ ਮੂੰਹ ਕਰਦਿਆਂ ਹੌਲੀ ਜਿਹੀ ਕਿਹਾ ਤਾਂ ਉਹ ਇੱਕ ਝਟਕੇ ਨਾਲ ਮੈਥੋਂ ਵੱਖ ਹੋ ਗਈ। ਜਿਵੇਂ ਉਹਦੇ ਪੈਰ ਨੂੰ ਬਿਜਲੀ ਦਾ ਨੰਗਾ ਤਾਰ ਛੂਹ ਗਿਆ ਹੋਵੇ। ਬੜੀ ਘਬਰਾਹਟ ਜਿਹੀ ਨਾਲ ਉਹਨੇ ਆਪਣੇ ਆਲੇ ਦੁਆਲੇ ਦੇਖਿਆ। ਬੱਸ ਵਿੱਚ ਬੈਠੀਆਂ ਸਾਰੀਆਂ ਸਵਾਰੀਆਂ ਦੀਆਂ ਨਜ਼ਰਾਂ ਸਾਡੇ ਉੱਪਰ ਹੀ ਤਣੀਆਂ ਪਈਆਂ ਸਨ। ਸਿਨਮੇ 'ਚ ਲੱਗੇ ਪਰਦੇ 'ਤੇ ਪੈਂਦੀ ਰੌਸ਼ਨੀ ਦੀਆਂ ਕਿਰਨਾਂ ਦੀ ਤਰ੍ਹਾਂ। ਜਿਵੇਂ ਉਨ੍ਹਾਂ ਨੇ ਇਹ ਸਾਡੇ ਉੱਪਰ ਫੋਕਸ ਕਰਕੇ ਛੱਡ ਦਿੱਤੀਆਂ ਹੋਣ।

ਹੁੰਦੀਆਂ ਵੀ ਕਿਉਂ ਨਾ। ਬੱਸ ਬੱਸ ਅੱਡੇ 'ਚੋਂ ਨਿਕਲੀ ਹੀ ਸੀ ਕਿ ਉਹ ਦੌੜ ਕੇ ਬਾਰੀ ਦੇ ਡੰਡੇ ਨੂੰ ਆ ਚਿੰਬੜੀ। ਜਿਹੜੀ ਹੁਣ ਤੱਕ ਲਾਪਰਵਾਹੀ ਜਿਹੀ ਨਾਲ ਟਿਕਟ ਕਾਊਂਟਰਾਂ ਤੋਂ ਪਰ੍ਹੇ ਖੜ੍ਹੀ ਇਧਰ ਉਧਰ ਤੱਕਦੀ ਰਹੀ ਸੀ। ਖੁੱਲੀ ਬਾਰੀ ਦੇ ਹੈਂਡਲ ਨੂੰ ਇੱਕ ਹੱਥ ਪਾਈ ਉਹ ਡਿੱਗ ਹੀ ਪੈਣੀ ਸੀ ਜੇ ਮੈਂ ਉਹਨੂੰ ਹੁਸ਼ਿਆਰੀ ਨਾਲ ਫੜ ਨਾ ਲੈਂਦਾ। ਮੋਢੇ 'ਤੇ ਲਟਕਦਾ ਬਰੀਕ ਤਾਰ ਦੀ ਜਾਲੀ ਦਾ ਬਣਿਆ, ਨਿੱਕ ਸੁਕ ਨਾਲ ਭਰਿਆ ਬੈਗ ਉਹਦੀ ਬਾਂਹ ਤੇ ਭਾਰੂ ਹੋ ਗਿਆ ਸੀ ਤੇ ਉਹ ਥਿੜਕ ਗਈ ਸੀ।

ਉਹਦੇ ਪਤਲੇ ਲੱਕ ਦੁਆਲੇ ਬਾਂਹ ਪਾ ਕੇ ਜਾਂ ਸਮਝੋ ਕਾਹਲੀ 'ਚ ਪੈ ਗਈ ਸੀ, ਮੈਂ ਉਹਨੂੰ ਉਤਾਂਹ ਖਿੱਚ ਲਿਆ। ਬਾਰੀ ਉਹਦੇ ਅੰਦਰ ਆਉਣ ਦੇ ਨਾਲ ਹੀ ਬੰਦ ਹੋ ਗਈ ਸੀ। ਅਗਲੇ ਹੀ ਪਲ ਉਸ ਨੇ ਦੋਹਾਂ ਬਾਹਾਂ 'ਚ, ਮੈਨੂੰ ਚੰਗੀ ਤਰ੍ਹਾਂ ਘੁੱਟ ਲਿਆ ਸੀ। ਉਹਦੀ ਹਿੱਕ ਲੁਹਾਰ ਦੀ ਧੌਂਕਣੀ ਦੀ ਤਰ੍ਹਾਂ ਉੱਪਰ ਹੇਠਾਂ ਹੋ ਰਹੀ ਸੀ ਤੇ ਦਿਲ ਦੀ ਧੜਕਣ ਤੇਜ਼, ਕਿਸੇ ਟਿਊਬਵੈੱਲ ਦੇ ਡੀਜ਼ਲ ਇੰਜਣ ਦੀ ਤਰ੍ਹਾਂ ਧੱਕ ਧੱਕ ਕਰ ਰਹੀ ਸੀ। ਜਿਵੇਂ ਉਹ ਬਹੁਤ ਦੂਰੋਂ ਦੌੜ ਕੇ ਆਈ ਹੋਵੇ। ਉਸ ਨੇ ਆਪਣਾ ਸਿਰ ਮੇਰੀ ਛਾਤੀ 'ਚ

ਲੁਕੋਇਆ ਹੋਇਆ ਸੀ ਤੇ ਅੱਖਾਂ ਮੀਟੀਆਂ ਹੋਈਆਂ ਸਨ। ਉਸ ਨੂੰ ਆਪਣੇ ਆਪ ਦੀ ਕੋਈ ਹੋਸ਼ ਨਹੀਂ ਸੀ। ਉਹਦੇ ਗਰਮ ਗਰਮ ਸਾਹ ਮੇਰੇ ਸੀਨੇ ਵਿੱਚ ਅੰਦਰ ਹੀ ਅੰਦਰ ਧਸਦੇ ਜਾ ਰਹੇ ਸਨ । ਤੇ ਮੈਂ ਆਪਣੇ ਆਪ 'ਚ ਸੁਆਦ ਸੁਆਦ ਹੋ ਗਿਆ।

ਮੈਂ ਆਪਣੇ ਦੋਸਤ ਪ੍ਰਵੇਜ਼ ਨੂੰ ਸਾਹਮਣੀ ਸੀਟ 'ਤੇ ਬੈਠਾ ਦੇਖ ਲਿਆ ਸੀ। ਉਹਦੀਆਂ ਤੇਜ਼ ਨਜ਼ਰਾਂ ਸਾਡੇ ਵੱਲ ਇੱਕ ਟੱਕ ਘੂਰ ਰਹੀਆਂ ਸਨ। ਤਿਰਛੀ ਨਜ਼ਰ ਨਾਲ ਮੈਂ ਉਸ ਤੋਂ ਅੱਖਾਂ ਚੁਰਾ ਲਈਆਂ ਤੇ ਕੁੜੀ ਦੇ ਕੰਨ ਦੇ ਲਾਗੇ ਮੂੰਹ ਕਰਕੇ ਹੌਲੀ ਜਿਹੀ ਕਿਹਾ, " ਬਈ ਮੈਂ ਕਿਆ! ਹੁਣ ਜ਼ਰਾ ਮੈਨੂੰ ਛੱਡਣ ਦੀ ਖੇਚਲ ਕਰੋਗੇ। "

ਮੇਰੇ ਇਨ੍ਹਾਂ ਲਫਜ਼ਾਂ ਨੇ ਉਹਨੂੰ ਮੇਰੇ ਨਾਲੋਂ ਵੱਖ ਕਰ ਦਿੱਤਾ। ਮੈਂ ਪ੍ਰਵੇਜ਼ ਵਾਲੀ ਸੀਟ 'ਤੇ ਜਾ ਬੈਠਾ ਤਾਂ ਮੇਰੇ ਪਿੱਛੇ ਪਿੱਛੇ ਉਹ ਵੀ ਆ ਕੇ ਮੇਰੇ ਨਾਲ ਹੀ ਉਸੇ ਸੀਟ 'ਤੇ ਆ ਬੈਠੀ। ਇਹ ਉਸ ਦੀ ਬੇਖਬਰੀ ਸੀ ਜਾਂ ਫਿਰ ਕੋਈ ਅਹਿਸਾਸ, ਜਿਸ ਨੇ ਉਸ ਨੂੰ ਮੇਰੇ ਪਿੱਛੇ ਪਿੱਛੇ ਆਉਣ ਲਈ ਮਜਬੂਰ ਕਰ ਦਿੱਤਾ ਸੀ। ਬਾਂਹ ਵਿਚਲਾ ਬੈਗ ਉਸ ਨੇ ਆਪਣੇ ਪੱਟਾਂ 'ਤੇ ਵਿਛਾ ਲਿਆ ਤੇ ਆਪਣੇ ਗੋਲ ਗੋਲ ਚਿਹਰੇ 'ਤੇ ਆਏ ਪਸੀਨੇ ਨੂੰ ਇੱਕੋ ਝਟਕੇ ਨਾਲ ਪੂੰਝ ਸੁੱਟਿਆ।

" ਅੱਜ ਕਿੱਧਰ ਨੂੰ ? " ਮੈਂ ਪ੍ਰਵੇਜ਼ ਨੂੰ ਪੁੱਛਿਆ।

" ਹੂੰ! " ਉਹਨੇ ਚੁੱਪ ਤੋੜੀ, ਜਿਹੜਾ ਹੁਣ ਤੱਕ ਸਾਡੇ ਦੋਹਾਂ ਵੱਲ ਬੜੀ ਗੌਹ ਨਾਲ ਤੱਕਦਾ ਰਿਹਾ ਸੀ। ਤੇ ਅਜੇ ਵੀ ਦੇਖੀ ਜਾਂਦਾ ਸੀ।

" ਓ ਮੈਂ ਕਿਆ ਕਿੱਧਰ ਜਾਣ ਦੀ ਤਿਆਰੀ ਕੀਤੀ ਆ ਜਨਾਬ ਨੇ । " ਆਪਣੇ ਦਿਲ ਦੀ ਘਬਰਾਹਟ ਛੁਪਾਉਣ ਦੀ ਕੋਸ਼ਿਸ਼ ਕਰਦਾ ਮੈਂ ਉਹਨੂੰ ਪੁੱਛ ਰਿਹਾ ਸੀ।

" ਲੁੱਧਿਆਣੇ ਦੀ। ਤੇ ਤੁਸੀਂ ? " ਉਹਨੇ ਜਵਾਬ ਦੇ ਨਾਲ ਹੀ ਸਵਾਲ ਕਰ ਦਿੱਤਾ। ਪਰ 'ਤੁਸੀਂ' ਸ਼ਬਦ 'ਤੇ ਕੁਛ ਜਿਆਦਾ ਹੀ ਜ਼ੋਰ ਦਿੰਦਿਆਂ। ਮੇਰੇ ਖਿਆਲ 'ਚ ਉਹ ਮੇਰੇ ਨਾਲ ਨਾਲ ਉਸ ਕੁੜੀ ਬਾਰੇ ਵੀ ਪੁੱਛ ਰਿਹਾ ਸੀ ਤੇ ਜਾਂ ਫਿਰ ਉਹ ਕੁੜੀ ਨੂੰ ਮੇਰੇ ਨਾਲ ਹੀ ਸਮਝ ਰਿਹਾ ਸੀ।

" ਮੈਂ ਵੀ ਲੁਧਿਆਣੇ ਹੀ ਜਾਣੈ। " ਮੈਂ ਜਵਾਬ ਦਿੱਤਾ। ਗੱਲਾਂ ਹੁਣ ਭਾਵੇਂ ਮੈਂ ਪ੍ਰਵੇਜ਼ ਨਾਲ ਕਰੀ ਜਾਂਦਾ ਸੀ ਪਰ ਦਿਲ ਉਸ ਕੁੜੀ ਵੱਲ ਹੀ ਲੱਗਾ ਹੋਇਆ ਸੀ।

ਜਲੰਧਰ ਬੱਸ ਅੱਡੇ 'ਤੇ ਮੈਂ ਅਜੇ ਪਹੁੰਚਿਆ ਹੀ ਸੀ ਕਿ ਉਸ ਕੁੜੀ ਨੂੰ ਇੱਕ ਟਿਕਟ ਕਾਊਂਟਰ ਕੋਲ ਖੜ੍ਹੀ ਦੇਖ ਕੇ ਠਿਠਕ ਗਿਆ। ਗੁਲਾਬੀ ਰੰਗ ਦਾ ਫੁੱਲਦਾਰ ਸੂਟ ਉਹਦੇ ਜਿਸਮ 'ਤੇ ਬੜਾ ਫਬ ਰਿਹਾ ਸੀ। ਉਹਦਾ ਮੂੰਹ ਤਾਂ ਮੈਂ ਅਜੇ ਦੇਖਿਆ ਹੀ ਨਹੀਂ ਸੀ, ਕਿਉਂਕਿ ਉਹਦੀ ਉਸ ਸਮੇਂ ਮੇਰੇ ਵੱਲ ਪਿੱਠ ਸੀ। ਉੱਚੀ ਅੱਡੀ ਦੇ ਸੈਂਡਲਾਂ ਨੇ ਉਹਦੇ ਮਾਸੂਮ ਪੈਰਾਂ ਨੂੰ ਜਕੜਿਆ ਹੋਇਆ ਸੀ, ਤੇ ਬਿਸਕੁਟੀ ਰੰਗ ਦੀਆਂ ਜੁਰਾਬਾਂ ਨੇ ਉਨ੍ਹਾਂ ਦੀ ਨੁਹਾਰ ਦੇਖਣ ਤੋਂ ਵੀ ਮੁਥਾਜ ਕੀਤਾ ਹੋਇਆ ਸੀ। ਸੂਟ ਉੱਤੇ ਉਸ ਨੇ ਪੂਰੀਆਂ ਬਾਹਾਂ ਦੀ ਸਕੀਵੀ ਕੱਸੀ ਹੋਈ ਸੀ ਤੇ ਧੌਣ ਨੂੰ ਉਹਦੇ ਕਾਲੇ ਸ਼ਿਆਹ ਵਾਲਾਂ ਨੇ ਆਪਣੀ ਛਤਰ ਛਾਇਆ 'ਚ ਲੁਕੋ ਰੱਖਿਆ ਸੀ, ਜਿਹੜੇ ਚਿੱਟੇ ਰੇਸ਼ਮੀ ਰਿਬਨ ਨਾਲ ਵਿਚਕਾਰੋਂ ਗੰਢ ਜਿਹੀ ਦੇ ਕੇ ਖੁੱਲ੍ਹੇ ਛੱਡੇ ਹੋਏ ਸਨ।

ਮੈਂ ਉਹਦੇ ਇੰਜ ਪਰਦੇ 'ਚ ਛੁਪੇ ਹੁਸਨ ਨੂੰ ਦੇਖਣ ਲਈ ਤਰਲੋਮੱਛੀ ਹੋ ਉੱਠਿਆ। ਪਰ ਉਹਦੇ ਪਤਲੇ ਲੱਕ ਨੇ ਮੈਨੂੰ ਥੋੜ੍ਹਾ ਚਿਰ ਹੋਰ ਰੁਕਣ ਲਈ ਮਜਬੂਰ ਕਰ ਦਿੱਤਾ। ਅੱਜ ਤੱਕ ਮੈਂ ਕਿਸੇ ਕੁੜੀ ਦਾ ਏਨਾ ਪਤਲਾ ਲੱਕ ਨਹੀਂ ਸੀ ਦੇਖਿਆ। ਮੱਲੋਜ਼ੋਰੀ ਮੈਂ ਉਹਦੇ ਅਗਲੇ ਪਾਸੇ ਜਾ ਖੜ੍ਹਾ ਹੋਇਆ।

ਉਹਦੇ ਮੂੰਹ 'ਤੇ ਨਜ਼ਰ ਪੈਂਦਿਆਂ ਹੀ ਮੈਂ ਨੱਸ਼ਿਆ ਜਿਹਾ ਗਿਆ। ਉਹਦੇ ਗੋਲ ਚਿਹਰੇ ਨੂੰ ਮੈਂ ਪੁੰਨਿਆਂ ਦਾ ਚੰਨ ਨਾ ਕਿਹਾ। ਉਹਦੇ ਗੁਲਾਬੀ ਹੋਠਾਂ ਨੂੰ ਗੁਲਾਬ ਦੀਆਂ ਪੱਤੀਆਂ ਨਾ ਮੰਨਿਆਂ। ਤਿੱਖੇ ਨੱਕ ਨੂੰ ਖੰਡੇ ਦੀ ਧਾਰ ਨਾ ਚਾਹਿਆ । ਕਾਲੀਆਂ ਸ਼ਿਆਹ ਅੱਖਾਂ ਨੂੰ ਠਾਠਾਂ ਮਾਰਦੀਆਂ ਝੀਲਾਂ ਕਹਿਣੋਂ ਵੀ ਮੇਰੇ ਦਿਲ ਨੇ ਮੈਨੂੰ ਵਰਜ ਦਿੱਤਾ। ਤੇ ਉਹਦੀ ਹਿੱਕ ਦੇ ਉਭਾਰ। ਲੱਗਦਾ ਸੀ ਜਿਵੇਂ ਕਿਸੇ ਕਤਲ ਦੇ ਕੇਸ 'ਚ ਬੇਦੋਸ਼ੇ ਫਸੇ ਕੈਦੀਆਂ ਦੀ ਤਰ੍ਹਾਂ ਉਹ ਜੇਲ੍ਹ 'ਚੋਂ ਬਾਹਰ ਨਿਕਲਣ ਲਈ ਟੱਕਰਾਂ ਮਾਰ ਰਹੇ ਹੋਣ।

ਪਿੰਡ ਦੇ ਦਰਜੀ ਮੰਗੂ ਦੀ ਤਰ੍ਹਾਂ, ਜਿਹੜਾ ਹਰ ਆਏ ਗਾਹਕ ਦਾ ਮੇਚਾ ਲੈਂਦਾ ਲੰਬਾਈ, ਚੌੜਾਈ, ਬਾਂਹ, ਛਾਤੀ, ਘੇਰਾ, ਤੀਰਾ ਮਿਣਦਾ ਮਿਣਤੀ ਬੋਲੀ ਜਾਂਦਾ ਤੇ ਕੋਲ ਬੈਠਾ ਮੁੰਡੂ ਉਹਦੀ ਦੱਸੀ ਮਿਣਤੀ ਕਾਪੀ 'ਤੇ ਉੱਕਰੀ ਜਾਂਦਾ, ਮੈਂ ਉਸ ਕੁੜੀ ਦਾ ਅੰਗ ਅੰਗ ਨਾਪ ਰਿਹਾ ਸੀ ।

ਮੈਨੂੰ ਕੁਝ ਅਹੁੜੇ ਨਾ ਕਿ ਕੀ ਕਰਾਂ । ਕਿਹੜੇ ਸ਼ਬਦਾਂ 'ਚ ਉਹਦੀ ਤਾਰੀਫ ਕਰਾਂ। ਹਰ ਤਰ੍ਹਾਂ ਦੇ ਸਬਦ ਮੈਨੂੰ ਉਹਦੀ ਸੁੰਦਰਤਾ ਦੀ ਤੌਹੀਨ ਕਰਦੇ ਜਾਪਦੇ। ਲਾਜੁਵਾਬ ਮੈਂ ਸੀ ਤੇ ਲਾਜੁਵਾਬ ਸੀ ਉਹਦੀ ਸੁੰਦਰਤਾ। ਮੈਂ ਉਹਨੂੰ ਜਨਮ ਦੇਣ ਵਾਲੀ ਉਹਦੀ ਮਾਂ ਦੀਆਂ ਤਸਵੀਰਾਂ ਆਪਣੇ ਜਿਹਨ 'ਚ ਬਣਾਉਂਦਾ ਤਾਂ ਅਗਲੇ ਹੀ ਪਲ ਉਹ ਹੂ-ਬ-ਹੂ ਮੇਰੇ ਸਾਹਮਣੇ ਆ ਖੜ੍ਹਦੀ। ਉਸ ਤੋਂ ਸੋਹਣੀ ਕੁੜੀ ਮੈਂ ਕਦੇ ਦੇਖੀ ਹੀ ਨਹੀਂ ਸੀ। ਹੁਣ ਕੀ ਕਹਾਂ। ਉਹ ਕੁੜੀ, ਕੁੜੀ ਹੀ ਸੀ ਜਾਂ ਕੋਈ ਪਰੀ ਸੀ।

ਓਦੋਂ ਮੈਂ ਸੋਚਿਆ ਵੀ ਨਹੀਂ ਸੀ ਕਿ ਮੈਂ ਉਹਨੂੰ ਛੂਹ ਵੀ ਸਕਾਂਗਾ। ਪਰ ਥੋੜ੍ਹੀ ਦੇਰ ਪਹਿਲਾਂ ਹੀ ਉਹ ਮੇਰੀਆਂ ਬਾਹਾਂ ਵਿੱਚ ਸੀ ਤੇ ਉਹਦਾ ਸਿਰ ਮੇਰੇ ਸੀਨੇ ਨਾਲ ਲੱਗ ਕੇ ਹਟਿਆ ਸੀ।

ਕੰਡਕਟਰ ਟਿਕਟਾਂ ਕੱਟਦਾ ਕੱਟਦਾ ਸਾਡੇ ਕੋਲ ਆ ਗਿਆ ਸੀ। ਕੁੜੀ ਦੇ ਹੱਥ ਵਿੱਚ ਫੜੇ ਹੋਏ ਕਾਲੇ ਮਿੰਨੀ ਪਰਸ ਦਾ ਮੂੰਹ ਫਨੀਅਰ ਸੱਪ ਦੇ ਮੂੰਹ ਵਾਂਗ ਖੁੱਲਿਆ ਤੇ ਉਸਨੇ ਦੋ ਉਂਗਲਾਂ ਨਾਲ ਨੋਟ ਖਿੱਚ ਕੇ ਕੰਡਕਟਰ ਨੂੰ ਫੜਾ ਦਿੱਤਾ।

" ਇੱਕ ਲੁਧਿਆਣੇ ਦੀ। " ਉਹਦੇ ਬੁੱਲ ਹੌਲੀ ਜਿਹੀ ਫੁਸਫੁਸਾਏ। ਮੈਂ ਉਹਦੇ ਵੱਲ ਦੇਖਿਆ ਤਾਂ ਥੋੜ੍ਹਾ ਜਿਹਾ ਮੁਸਕਰਾਕੇ ਉਹ ਹੱਸ ਪਈ। ਫਿਰ ਉਸ ਨੇ ਨੀਵੀਂ ਪਾ ਲਈ ਤੇ ਉਹਦਾ ਹੱਥ ਉਹਦੇ ਪੱਟਾਂ 'ਤੇ ਰੱਖੇ ਬੈਗ ਵਿੱਚ ਜਾ ਵੜਿਆ।

ਅਗਲੇ ਹੀ ਪਲ ਇੱਕ ਗੋਲ ਗੋਲ ਲਾਲ ਸੁਰਖ਼ ਸੇਬ ਉਹਦੇ ਹੱਥ ਵਿੱਚ ਸੀ। ਜੋ ਉਸ ਨੇ ਆਪਣੇ ਭਰੇ ਭਰੇ ਗੁਲਾਬੀ ਬੁੱਲਾਂ ਉੱਤੇ ਟਿਕਾ ਲਿਆ ਤੇ ਅਨਾਰ ਦੇ ਦਾਣਿਆਂ ਵਾਂਗ ਚਮਕਦੇ ਦੰਦ ਸੇਬ ਵਿੱਚ ਗੱਡ ਦਿੱਤੇ।

ਬੱਸ ਆਪਣੀ ਸਹੀ ਰਫਤਾਰ ਨਾਲ ਦੌੜੀ ਜਾ ਰਹੀ ਸੀ। ਨਾਨ ਸਟਾਪ ਜਿਉਂ

ਹੋਈ। ਏਧਰ ਮੇਰੇ ਦਿਲ ਵਿੱਚ ਇੱਕ ਹਲਚਲ ਜਿਹੀ ਮਚੀ ਹੋਈ ਸੀ। ਮੇਰਾ ਦਿਲ ਕੀਤਾ ਕਿ ਇੱਕ ਵਾਰ ਫਿਰ ਮੈਂ ਉਹਨੂੰ ਆਪਣੀਆਂ ਬਾਹਾਂ ਵਿੱਚ ਕੱਸ ਲਵਾਂ ਤੇ ਉਹਦੀ ਭਖਦੀ ਗੋਰੀ ਗੋਰੀ ਗਲ੍ਹ ਉੱਤੇ.......... ।

ਪ੍ਰਵੇਜ਼ ਦੀਆਂ ਤਿੱਖੀਆਂ ਨਜ਼ਰਾਂ ਅਜੇ ਵੀ ਮੇਰੇ ਵੱਲੋਂ ਹਟੀਆਂ ਨਹੀਂ ਸੀ ਤੇ ਦੂਸਰਾ ਲੋਕਾਂ ਦੀ ਮੌਜੂਦਗੀ ਵਿੱਚ ਮੈਂ ਦਿਲ ਦੀਆਂ ਦਿਲ ਵਿੱਚ ਹੀ ਲੈ ਕੇ ਰਹਿ ਗਿਆ। ਇੱਕ ਦਰਦ ਜਿਹਾ ਮੇਰੀ ਸੱਜੀ ਬੱਖੀ ਵਿੱਚ ਉੱਠਿਆ। ਮੈਂ ਤੜਫਿਆ। ਮੈਂ ਉਸ ਥਾਂ ਨੂੰ ਮਲਣ ਲੱਗਾ ਤਾਂ ਇੱਕ ਹੋਰ ਹੱਥ ਮੇਰੇ ਹੱਥ ਵਿੱਚ ਆ ਗਿਆ। ਮੈਂ ਉਸ ਨੂੰ ਫੜ ਲਿਆ। ਪ੍ਰਵੇਜ਼ ਦਾ ਹੱਥ ਸੀ।

" ਕੀ ਗੱਲ ਐ ਯਾਰ ? " ਮੇਰੇ ਮੂੰਹੋਂ ਨਿਕਲਿਆ ।

" ਫਗਵਾੜਾ ਆ ਗਿਆ। " ਉਸਨੇ ਹੱਸਦੇ ਹੋਏ ਕਿਹਾ।

" ਫਗਵਾੜਾ ਈ ਆ ਗਿਆ, ਕੋਈ ਭੂਚਾਲ ਤਾਂ ਨ੍ਹੀਂ ਆ ਗਿਆ। " ਮੈਨੂੰ ਉਹਦੀ ਇਸ ਹਰਕਤ'ਤੇ ਗੁੱਸਾ ਆ ਗਿਆ ਸੀ। ਕਿਉਂਕਿ ਉਸ ਨੇ ਇਹ ਸਭ ਜਾਣ ਬੁੱਝਕੇ ਕੀਤਾ ਸੀ। 'ਭੂਚਾਲ ਹੀ ਤਾਂ ਸੀ, ਹੋਰ ਕੀ ਸੀ' ਮੇਰੇ ਅੰਦਰੋਂ ਸੁਆਲ ਦਾ ਜਵਾਬ ਮਿਲ ਗਿਆ ਸੀ।

" ਕੰਮਬਖ਼ਤ ਨੇ ਸਾਰੀ ਭਗਤੀ ਭੰਗ ਕਰ ਦਿੱਤੀ। " ਮੇਰੇ ਅੰਦਰੋਂ ਅਵਾਜ਼ ਨਿਕਲੀ ਸੀ। ਲੱਗਾ ਤਾਂ ਮੈਨੂੰ ਇਹ ਹੀ ਸੀ ਕਿ ਇਹ ਮੇਰੀ ਰੂਹ ਦੀ ਪੁਕਾਰ ਹੈ ਪਰ ਅਵਾਜ਼ ਹਵਾ ਵਿੱਚ ਗੂੰਜ ਗਈ ਸੀ, ਭਾਵੇਂ ਹੌਲੀ ਹੀ ਸੀ। ਏਨਾ ਕਹਿਣ ਦੇ ਨਾਲ ਹੀ ਮੇਰਾ ਖੱਬਾ ਪੈਰ ਕੁੜੀ ਦੇ ਪੈਰ 'ਤੇ ਜਾ ਟਿਕਿਆ ਤੇ ਸੱਜਾ ਹੱਥ ਪ੍ਰਵੇਜ਼ ਦੇ ਖੱਬੇ ਪੱਟ ਉੱਤੇ। ਗੁੱਸੇ ਤੇ ਸਰਾਰਤ ਨਾਲ ਭਰੀ ਚੂੰਢੀ ਨਾਲ ਉਹ ਕੰਬ ਕੇ ਰਹਿ ਗਿਆ ਸੀ। ਕੁੜੀ ਹੱਸ ਪਈ ਸੀ, ਸ਼ਾਇਦ ਉਸਨੂੰ ਵੀ ਮੇਰੀ ਦੋਹਰੀ ਸਰਾਰਤ ਦੀ ਸਮਝ ਪੈ ਗਈ ਸੀ।

" ਕੰਜਰ ਕਿਤੋਂ ਦਾ । " ਉਹਦੇ ਮੂੰਹ 'ਚੋਂ ਮੇਰੇ ਲਈ ਗਾਲ੍ਹ ਨਿਕਲ ਗਈ ਸੀ।

ਕਦੇ ਸਾਡੇ ਹੀ ਉਸ ਲਈ ਵਰਤੇ ਸ਼ਬਦ ਅੱਜ ਆਪਣੇ ਲਈ ਹੀ ਸੁਣ ਕੇ ਮੈਨੂੰ ਹਾਸਾ ਆ ਗਿਆ ਤੇ ਮਜ਼ਾ ਵੀ। ਅਸੀਂ ਉਹਨੂੰ ਇਹ ਸ਼ਬਦ ਐਵੇਂ ਤਾਂ ਨ੍ਹੀਂ ਸੀ ਕਹਿੰਦੇ ਹੁੰਦੇ।

ਪਿੰਡ ਦੀਆਂ ਜੀਤੀ, ਮੀਤੀ, ਪੰਮੀ, ਰਾਣੋ ਤੇ ਦੇਬੋ ਤੇ ਕਾਲਜ ਦੀਆਂ ਗੀਤਾ, ਰਜਨੀ, ਸ਼ੁਸ਼ੀਲ ਤੇ ਨਿਰਮਲਾ। ਸਾਰੀਆਂ ਉਸ ਨੇ ਮਗਰ ਲਾਈਆਂ ਹੋਈਆਂ ਸੀ। ਮੁੰਡਾ ਕਿਹੜਾ ਕਿਸੇ ਗੱਲੋਂ ਘੱਟ ਸੀ। ਗੋਰਾ ਚਿੱਟਾ, ਉੱਚਾ ਲੰਮਾ, ਸੋਹਣਾ ਸੁਨੱਖਾ। ਬਸ ਜਿਧਰ ਜਾਂਦਾ ਪੱਟ ਦੂੰ ਪੱਟ ਦੂੰ ਤੇ ਚੱਕ ਦੂੰ ਚੱਕ ਦੂੰ ਲਾਈ ਰੱਖਦਾ। ਅਸੀਂ ਕਹਿੰਦੇ , " ਬਈ ਚੁਟਕੀ ਮਾਰ ਕੇ ਉੱਡਦੇ ਪਰਿੰਦੇ ਡੇਗ ਲੈਂਦੈ, ਕੰਜ਼ਰ ਕਿਤੋਂ ਦਾ। "

" ਕਿਉਂ ਏਨਾ ਹੱਸਦਾ ਕਿਉਂ ਏਂ ? " ਪ੍ਰਵੇਜ਼ ਨੇ ਮੈਨੂੰ ਹੱਸਦਿਆਂ ਦੇਖ ਕੇ ਪੁੱਛਿਆ । ਉਹਦੇ ਲਹਿਜੇ ਵਿੱਚ ਹਲੀਮੀ ਤੇ ਹੈਰਾਨੀ ਮਿਲੀ ਹੋਈ ਸੀ।

" ਐਵੇਂ ਈ ਤੇਰੀ ਇਹ ਗੱਲ ਸੁਣ ਕੇ । " ਮੈਂ ਜਵਾਬ ਦਿੱਤਾ।

" ਕਿਉਂ ! ਮੈਂ ਤੈਨੂੰ ਕੀ ਕਹਿ ਦਿੱਤਾ ? ਮੇਰੀ ਗੱਲ ਚੰਗੀ ਨ੍ਹੀਂ ਲੱਗੀ। " ਉਹਨੇ ਮੇਰੇ ਵੱਲ ਮੂੰਹ ਘੁਮਾਂ ਕੇ ਪੁੱਛਿਆ।

" ਲੱਗੀ ਆ, ਬਹੁਤ ਚੰਗੀ ਲੱਗੀ ਆ। ਮੈਂ ਤਾਂ ਕਹਿਨਾ, ਤੂੰ ਮੈਨੂੰ ਰੱਜ ਕੇ ਕੰਜਰ ਕਹਿ ਲਾ। ਮੈਂ ਤੈਨੂੰ ਕਹਿੰਦਾ ਹੁੰਦਾ ਸੀ, ਹੁਣ ਤੂੰ ਮੈਥੋਂ ਬਦਲਾ ਲੈ ਲਾ। ਹਾਂ ਹਾਂ ਬਦਲਾ। ਕਹਿ ਮੇਰੇ ਯਾਰ। ਕਹਿ ਲਾ। ਮੈਨੂੰ ਤੇਰੇ ਮੂੰਹੋਂ ਕੰਜ਼ਰ ਕਿਹਾ ਬਹੁਤ ਚੰਗਾ ਲੱਗਾ। ਬਹੁਤ ਹੀ ਚੰਗਾ। " ਮੈਂ ਉਹਨੂੰ ਕਿਹਾ। ਮੈਨੂੰ ਕੋਈ ਨਸ਼ਾ ਚੜ੍ਹਿਆ ਹੋਇਆ ਸੀ।

" ਓਏ ਚੇਤਨ ਤੂੰ ਕਮਲਾ ਤਾਂ ਨਈਂ। " ਪ੍ਰਵੇਜ਼ ਮੈਨੂੰ ਝੰਜੋੜ ਰਿਹਾ ਸੀ।

" ਨਈਂ ਯਾਰ! ਮੈਂ ਕਮਲਾ ਨ੍ਹੀਂ ਹੋਇਆ। ਮੈਨੂੰ ਪੂਰੀ ਹੋਸ਼ ਐ। ਲੱਗਦੈ ਪਾਗਲ ਤੂੰ ਹੋ ਗਿਆ ਏਂ। "

" ਚੇਤਨ ਤੂੰ ਤਾਂ ਇਸ ਤਰ੍ਹਾਂ ਦਾ ਨਈਂ ਸੀ। ਅੱਜ ਤੂੰ ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰ ਰਿਆਂ ਏਂ। ਮੈਨੂੰ ਤਾਂ ਕੁਛ ਸਮਝ ਨ੍ਹੀਂ ਅਉਂਦੀ। " ਪ੍ਰਵੇਜ਼ ਫਿਰ ਕਹਿ ਰਿਹਾ ਸੀ।

" ਤੈਨੂੰ ਮੇਰੀਆਂ ਗੱਲਾਂ ਪਸੰਦ ਨਈਂ। ਚੱਲ ਕੋਈ ਗੱਲ ਨ੍ਹੀਂ। ਤੈਨੂੰ ਪਸੰਦ ਆਉਣ ਵੀ ਕਿੱਦਾਂ। ਜਦੋਂ ਤੂੰ ਪਿਆਰ ਕਰਦਾ ਸੀ ਤਾਂ ਅਸੀਂ ਤੈਨੂੰ ਤੰਗ ਕਰਦੇ ਸੀ। ਦੇਖ ਦੇਖ ਕੇ ਸੜ੍ਹਦੇ ਸੀ। ਅੱਜ ਮੈਂ ਕਿਸੇ ਨੂੰ ਪਿਆਰ ਕਰਨ ਲੱਗਾਂ ਤਾਂ ਤੂੰ......। "

"ਸੜ੍ਹਨ ਲੱਗ ਪਿਆਂ। ਇਹੀ ਕਹਿਣਾ ਸੀ ਤੈਂ। " ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਪ੍ਰਵੇਜ਼ ਬੋਲ ਪਿਆ। " ਬਈ ਮੈਂ ਕਿਉਂ ਸੜ੍ਹਨਾ ? ਤੇਰੀ ਖੁਸ਼ੀ ਮੇਰੀ ਖੁਸ਼ੀ ਆ। ਪਰ ਇਹ ਪਲ ਭਰ ਦੀਆਂ ਖੁਸ਼ੀਆਂ ਤਬਾਹ ਕਰਕੇ ਛੱਡਦੀਆਂ। "

" ਕਿੱਦਾਂ ਤਬਾਹ ਕਰਕੇ ਛੱਡਦੀਆਂ ਓਏ ? " ਮੈਂ ਉਹਨੂੰ ਟੁੱਟ ਕੇ ਪੈ ਗਿਆ। " ਕਿਉਂ, ਪਿਆਰ ਕਰਨਾ ਕੋਈ ਪਾਪ ਐ ਬਈ .........। " ਮੈਂ ਕੁੜੀ ਵੱਲ ਮੂੰਹ ਕਰਕੇ ਕਿਹਾ, ਜਿਹੜੀ ਹੁਣ ਤੱਕ ਸਾਡੀਆਂ ਗੱਲਾਂ ਨੂੰ ਬੜੀ ਹੈਰਾਨੀ ਤੇ ਦਿਲਚਸਪੀ ਨਾਲ ਸੁਣ ਰਹੀ ਸੀ।

" ਕੁਲਵੰਤ।" ਮੇਰੇ ਅਧੂਰੇ ਛੱਡੇ ਵਾਕ 'ਚ ਉਸ ਨੇ ਆਪਣਾ ਨਾਂਅ ਦਰਜ ਕਰਕੇ ਹੁੰਗਾਰਾ ਭਰਿਆ। " ਨਈਂ ਪਿਆਰ ਕਰਨਾ ਤਾਂ ਕੋਈ ਪਾਪ ਨਈਂ। " ਉਸ ਨੇ ਮੇਰੀ ਗੱਲ ਦਾ ਜਵਾਬ ਦਿੱਤਾ।

" ਫਿਰ ਇਹ ਮੈਨੂੰ ਕਿੱਦਾਂ ਕਹਿ ਰਿਹਾ, ਬਈ ਪਿਆਰ ਕਰਨਾ........। " ਮੈਂ ਖਿਝ ਕੇ ਕਿਹਾ।

" ਮੈਂ ਕਦੋਂ ਕਹਿਨਾ ਕਿ ਪਿਆਰ ਕਰਨਾ ਪਾਪ ਐ। ਤੂੰ ਤੇ ਆਪਣੀ ਹੀ ਕਰੀ ਜਾਨੈ । ਕਿਸੇ ਦੀ ਸੁਣਦਾ ਈ ਨਈਂ। ਮੈਂ ਤਾਂ ਕਿਹਾ ਬਈ ਇਹੋ ਜਿਹਾ ਪਿਆਰ ਜ਼ਿੰਦਗੀ ਤਬਾਹ ਕਰ ਦਿੰਦੈ। "

" ਮੈਂ ਸਮਝਿਆ ਨ੍ਹੀਂ ਪ੍ਰਵੇਜ਼, ਜ਼ਰਾ ਖੋਲ੍ਹ ਕੇ ਦੱਸ ਨਾ। " ਮੈਂ ਜਿਵੇਂ ਤਰਲਾ ਕੀਤਾ। ਮੇਰੇ ਦਿਲ ਵਿੱਚ ਇੱਕ ਸਹਿਮ ਜਿਹਾ ਵੱਸ ਗਿਆ ਸੀ। ਇਹ ਮੂੰਹ ਫੱਟ ਤੇ ਟਪੂੰ ਟਪੂੰ ਕਰਨ ਵਾਲਾ ਬੰਦਾ, ਅੱਜ ਚੁੱਪ ਕਿਉਂ ਧਾਰੀ ਬੈਠਾ ਆ। ਤੇ ਇਸ ਤਰ੍ਹਾਂ ਦੀਆਂ ਗੱਲਾਂ ਕਿਉਂ ਕਰਨ ਲੱਗਾ ਹੋਇਆ ।

ਬੱਸ ਲੁਧਿਆਣੇ ਦੇ ਬੱਸ ਅੱਡੇ 'ਤੇ ਪਹੁੰਚ ਚੁੱਕੀ ਸੀ। ਗੁਰਾਇਆ ਫਿਲੌਰ ਤੇ ਬਾਈਪਾਸ ਦਾ ਰਸਤਾ ਕਦੋਂ ਖਤਮ ਹੋ ਗਿਆ, ਗੱਲਾਂ ਗੱਲਾਂ ਵਿੱਚ ਉਨ੍ਹਾਂ ਨੂੰ ਕੋਈ ਪਤਾ

ਨਾ ਲੱਗਾ। ਅਸੀਂ ਥੱਲੇ ਉੱਤਰੇ, ਕੁਲਵੰਤ ਸਾਡੇ ਨਾਲ ਹੀ ਸੀ। ਕੋਈ ਅੰਦਰੂਨੀ ਸਾਂਝ ਸੀ ਜਿਸ ਨੇ ਉਸ ਨੂੰ ਸਾਡੇ ਨਾਲ ਜੋੜੀ ਰੱਖਿਆ ਸੀ।

" ਇੱਕ ਇੱਕ ਕੱਪ ਚਾਹ ਪੀਉਗੇ। " ਉਸ ਨੇ ਕਿਹਾ।

" ਜਰੂਰ ਪੀ ਲਵਾਂਗੇ, ਜੇ ਤੂੰ ਪਿਲਾਏਂਗੀ ਤਾਂ। " ਮੇਰੇ ਮੂੰਹੋਂ ਸੁਭਾਵਿਕ ਹੀ ਨਿਕਲ ਗਿਆ। ਕੁਲਵੰਤ ਮੇਜ਼ਬਾਨ ਦੀ ਤਰ੍ਹਾਂ ਅੱਗੇ ਅੱਗੇ ਚੱਲ ਪਈ। ਅਸੀਂ ਇੱਕ ਹੋਟਲ ਦੇ ਕੈਬਿਨ ਵਿੱਚ ਜਾ ਬੈਠੇ। ਚਾਹ ਦਾ ਆਡਰ ਦੇ ਕੇ ਪ੍ਰਵੇਜ਼ ਮੈਨੂੰ ਕਹਿਣ ਲੱਗਾ।

" ਅੱਜ ਕੁਲਵੰਤ ਨੂੰ ਬਚਾ ਕੇ ਤੇ ਉਸ ਦਾ ਸਪਰਸ਼ ਪਾ ਕੇ ਤੂੰ ਆਪਣਾ ਆਪ ਭੁੱਲ ਚੁੱਕਾ ਏਂ। ਸ਼ਾਇਦ ਕੁਲਵੰਤ ਦਾ ਵੀ ਇਹੀ ਹਾਲ ਹੋਵੇ। ਪਰ ਇਹ ਪਲ ਦੋ ਪਲ ਦਾ ਅਹਿਸਾਸ ਸਾਡੇ ਦਿਮਾਗ 'ਤੇ ਚੱਕਰਵਿਊ ਦੇ ਜ਼ਾਲ ਦੀ ਤਰ੍ਹਾਂ ਫੈਲ ਜਾਂਦੈ। ਜਿਸ ਵਿੱਚ ਅਸੀਂ ਸਿਰਫ ਵੜ੍ਹਨਾ ਜਾਣਦੇ ਆਂ, ਨਿਕਲਣਾ ਨਈਂ। ਤੇ ਫਿਰ ਉਲਝਦੇ ਉਲਝਦੇ, ਉਲਝਦੇ ਹੀ ਰਹਿ ਜਾਨੇ ਆਂ। " ਉਸ ਨੇ ਥੋੜ੍ਹਾ ਸਾਹ ਲਿਆ ਤੇ ਫਿਰ ਕਿਹਾ।

" ਸਾਨੂੰ ਇਹ ਵੀ ਪਤਾ ਨ੍ਹੀਂ ਹੁੰਦਾ ਕਿ ਕੋਈ ਕਿੱਥੋਂ ਆਇਆ, ਕਿੱਥੇ ਦਾ ਹੈ ਤੇ ਉਸ ਨੇ ਕਿੱਥੇ ਜਾਣਾ ਹੈ। ਪਹਿਲੀ ਨਜ਼ਰੇ ਉਹ ਸਾਡੀ ਰੂਹ ਵਿੱਚ ਵਸ ਜਾਂਦਾ ਹੈ। ਕੁਛ ਚਿਰ ਲਈ ਸਾਡਾ ਹਮਸਫਰ ਬਣਦਾ ਹੈ ਤੇ ਫਿਰ ਵਿੱਛੜ ਜਾਂਦਾ ਹੈ। ਦੂਸਰੀ ਵਾਰੀ ਮਿਲਣ ਨੂੰ ਵਿਲਕਦੇ ਅਸੀਂ ਆਪਣੇ ਆਪ 'ਚ ਗੁਆਚੇ ਰਹਿੰਦੇ ਹਾਂ। " ਉਹ ਚੁੱਪ ਹੋ ਗਿਆ।

" ਤੇਰਾ ਕੀ ਖਿਆਲ ਐ, ਮੈਂ ਕੁਲਵੰਤ ਨੂੰ ਪਿਆਰ ਨਾ ਕਰਾਂ। " ਮੈਂ ਹੱਸਦਿਆਂ ਹੋਇਆਂ ਕਿਹਾ। ਪ੍ਰਵੇਜ਼ ਵੀ ਹੱਸ ਪਿਆ। ਤੇ ਕੁਲਵੰਤ ਵੀ। ਉਹਨੂੰ ਤਾਂ ਖੰਘ ਹੀ ਛਿੜ ਪਈ ਸੀ। ਮਸੀਂ ਕਿਤੇ ਜਾ ਕੇ ਉਹਦਾ ਸਾਹ ਮੁੜਿਆ।

" ਜੇ ਕੁਲਵੰਤ ਮੰਨਦੀ ਐ ਤਾਂ ਕਰ ਲੈ ਬਈ, ਨਈਂ ਤਾਂ .......... । "

" ਨਾ ਬਾਬਾ ਨਾ, ਆਪਾਂ ਨੂੰ ਮੰਜੂਰ ਐ। ਤੇ ਮੈਂ ਇਹਨੂੰ ਸਦਾ ਯਾਦ ਰੱਖਾਂਗੀ। " ਕੁਲਵੰਤ ਨੇ ਖਾਲੀ ਕੱਪ ਮੇਜ਼ 'ਤੇ ਟਿਕਾਉਂਦਿਆਂ ਕਿਹਾ।

" ਇਹ ਹੋਈ ਨਾ ਪਿਆਰ ਦੀ ਗੱਲ। ਪਿਆਰ ਕੋਈ ਉਮਰ ਭਰ ਜਾਂ ਸਾਲਾਂ ਬੱਧੀ ਚੱਲਦਾ ਰਹੇ ਤਾਂ ਕੀ ਤਾਂ ਹੀ ਮੰਨਿਆ ਜਾਂਦਾ ਆ। ਕੁਝ ਪਲਾਂ ਦੇ ਪਿਆਰ ਦਾ ਅਹਿਸਾਸ ਸਗੋਂ ਉਸ ਤੋਂ ਵੱਧ ਹੁੰਦਾ ਦੋਸਤਾ। ਕੋਈ ਭਾਵੇਂ ਲੰਮਾ ਸਮਾਂ ਨਾਲ ਰਹੇ, ਵਿੱਛੜ ਜਾਣ 'ਤੇ ਕਈ ਵਾਰੀ ਉਹ ਜਲਦੀ ਭੁੱਲ ਜਾਂਦੈ ਪਰ ਕਿਸੇ ਨਾਲ ਦੋ ਕਦਮ ਦਾ ਸਾਥ ਕੀਤਾ ਸਾਰੀ ਉਮਰ ਨ੍ਹੀਂ ਭੁੱਲਦਾ। " ਕੁਲਵੰਤ ਦੇ ਕਹੇ ਲਫਜ਼ਾਂ ਨੇ ਮੇਰੀ ਪਿਆਰ ਦੀ ਅਰਜੀ 'ਤੇ ਸਹਿਮਤੀ ਦੀ ਮੁਹਰ ਲਾ ਕੇ ਮੇਰੀ ਰੂਹ ਨੂੰ ਸਕੂਨ ਬਖ਼ਸ਼ ਦਿੱਤਾ ਸੀ।

" ਠੀਕ ਐ ! ਠੀਕ ਐ । ਬਹੁਤ ਹੋ ਗਿਆ। ਚਲੋ ਹੁਣ ਚੱਲੀਏ। " ਪ੍ਰਵੇਜ਼ ਨੇ ਲਾਪਰਵਾਹੀ ਨਾਲ ਕਿਹਾ ਤੇ ਉੱਠ ਕੇ ਖੜਾ ਹੋ ਗਿਆ।

" ਓ ਚੱਲ ਯਾਰ, ਜ਼ਰਾ ਬਾਹਰ ਖੜਾ ਹੋ। ਸਾਨੂੰ ਕੋਈ ਕੰਮ ਦੀ ਗੱਲ ਤਾਂ ਕਰ ਲੈਣ ਦੇ। ਅਜੇ ਤਾਂ ਇੱਕ ਦੂਜੇ ਦਾ ਥਾਂ ਟਿਕਾਣਾ ਵੀ ਨਈਂ ਪੁੱਛਿਆ ਤੇ ਤੂੰ ........ । ਚੱਲ , ਚੱਲ ਮੇਰਾ ਵੀਰ । ਬੱਸ ਹੁਣੇ ਆਏ ਦੋ ਕੁ ਮਿੰਟ ਬਾਅਦ । " ਮੈਂ ਪ੍ਰਵੇਜ਼ ਨੂੰ ਧੱਕ ਕੇ ਕੈਬਿਨ 'ਚੋਂ ਬਾਹਰ ਕੱਢ ਦਿੱਤਾ ਤੇ ਪਰਦਾ ਖਿੱਚ ਲਿਆ।

" ਹੁਣ ਕੀ ਰਹਿ ਗਿਆ। ਥਾਂ ਪਤਾ ਤਾਂ ਬਾਹਰ ਜਾ ਕੇ ਵੀ ਪੁੱਛ ਹੋ ਜਾਣਾ ਸੀ । ਕੋਈ ਖ਼ਾਸ ਈ ਗੱਲ ਲੱਗਦੀ ਆ। " ਕੁਲਵੰਤ ਨੇ ਹੱਸਦਿਆਂ ਹੱਸਦਿਆਂ ਕਿਹਾ। ਸ਼ਾਇਦ ਉਹ ਵੀ ਦਿਲੋਂ ਏਹੀ ਚਾਹੁੰਦੀ ਸੀ। ਵੈਸੇ ਵੀ ਤਾਂ ਸਾਰਾ ਸਮਾਂ ਪ੍ਰਵੇਜ਼ ਚਿੱਚੜੀ ਦੀ ਤਰ੍ਹਾਂ ਨਾਲ ਚਿੰਬੜਿਆ ਰਿਹਾ ਸੀ। ਕੁਲਵੰਤ ਨੇ ਉਨ੍ਹਾਂ ਦੀ ਗੱਲ ਵਿੱਚ ਕੋਈ ਹਿਸਾ ਨਹੀਂ ਸੀ ਲਿਆ, ਬਸ ਮੂਕ ਦਰਸ਼ਕ ਦੀ ਤਰ੍ਹਾਂ ਦੇਖਦੀ ਤੇ ਸੁਣਦੀ ਹੀ ਰਹੀ ਸੀ। ਚੇਤਨ ਦੀ ਗੱਲ 'ਚ ਸਹਿਮਤੀ ਦੀ ਮੁਹਰ ਵੀ ਸ਼ਾਇਦ ਉਹਦੇ ਅੰਦਰਲੇ ਜ਼ਜਬਾਤ ਹੀ ਲਵਾ ਗਏ ਸੀ। ਜਦੋਂ ਉਹ ਸੋਚਣ ਸਮਝਣ ਦੀ ਹਾਲਤ ਤੋਂ ਬਾਹਰ ਕਿਤੇ ਆਪਣੇ ਹੀ ਖ਼ਿਆਲਾਂ ਵਿੱਚ ਘਿਰੀ ਹੋਈ ਹੋਊ।

" ਕੁਛ ਵੀ ਨਈਂ ਰਿਹਾ। ਜ਼ਰਾ ਇੱਕ ਚੁੰਮਣ ਤਾਂ ਦੇ ਦੇ । " ਮੈਂ ਕੁਲਵੰਤ ਦਾ ਹੱਥ ਫੜ ਕੇ ਆਪਣੇ ਹੱਥਾਂ 'ਚ ਘੁੱਟ ਲਿਆ। ਤੇ ਆਪਣੇ ਗਰਮ ਗਰਮ ਹੋਂਠ ਉਹਦੇ ਸਰਦ ਗੁਲਾਬੀ ਹੋਠਾਂ 'ਤੇ ਰੱਖ ਦਿੱਤੇ। ਉਸ ਨੇ ਵੀ ਕੋਈ ਵਿਰੋਧ ਨਾ ਕੀਤਾ। ਬਸ ਅੱਖਾਂ ਮੀਟ ਲਈਆਂ। ਤੇ ਬਾਹਾਂ ਮੇਰੇ ਗਲ੍ਹ ਵਿੱਚ ਪਾ ਦਿੱਤੀਆਂ।

ਠੀਕ ਦੋ ਮਿੰਟ ਬਾਅਦ ਅਸੀਂ ਕੈਬਿਨ 'ਚੋਂ ਬਾਹਰ ਸੀ। ਪ੍ਰਵੇਜ਼ ਕਾਊਂਟਰ 'ਤੇ ਬਿੱਲ ਦੇ ਰਿਹਾ ਸੀ, ਜਦੋਂ ਅਸੀਂ ਉਹਦੇ ਕੋਲ ਪਹੁੰਚੇ।

" ਫਿਰ ਕਦੋਂ ਮਿਲੇਂਗੀ। " ਬਾਹਰ ਸੜਕ 'ਤੇ ਪਹੁੰਚ ਕੇ ਮੈਂ ਕੁਲਵੰਤ ਨੂੰ ਪੁੱਛਿਆ।

" ਜਦੋਂ ਕਦੇ ਮੇਲ ਹੋ ਗਿਆ। " ਉਹ ਬੋਲੀ ।

ਸਾਹਮਣੇ ਕਈ ਰਿਕਸ਼ੇ ਖੜੇ ਸੀ। ਜਿਨ੍ਹਾਂ 'ਚੋਂ ਇੱਕ 'ਚ ਕੁਲਵੰਤ ਤੇ ਦੂਜੇ ਵਿੱਚ ਮੈਂ ਤੇ ਪ੍ਰਵੇਜ਼ ਬਹਿ ਗਏ।

" ਕੁਲਵੰਤ ! " ਰਿਕਸ਼ਾ ਤੁਰਨ ਤੋਂ ਪਹਿਲਾਂ ਮੈਂ ਉਹਨੂੰ ਫਿਰ ਟੋਕਿਆ ।

" ਜੀ, ਚੇਤਨ ਜੀ। "

" ਹੁਣ ਸਾਡੇ ਨਾਲ ਨ੍ਹੀਂ ਜਾਣਾ। " ਮੈਂ ਉਹਨੂੰ ਛੇੜਿਆ।

" ਓ ਬਸ ਵੀ ਕਰ ਕੰਜਰਾ। " ਪ੍ਰਵੇਜ਼ ਨੇ ਇੱਕ ਧੌਲ ਮੇਰੇ ਸਿਰ ਵਿੱਚ ਮਾਰੀ । ਕੁਲਵੰਤ ਵਾਲਾ ਰਿਕਸ਼ਾ ਗਿੱਲ ਚੌਂਕ ਵੱਲ ਤੁਰ ਪਿਆ ਸੀ ਤੇ ਸਾਡਾ ਦੂਸਰੇ ਪਾਸੇ।

ਮੈਂ ਦੇਖਿਆ ਉਹ ਅਜੇ ਵੀ ਪਿਛਾਂਹ ਤੱਕ ਰਹੀ ਸੀ ਤੇ ਹੱਥ ਹਿਲਾ ਰਹੀ ਸੀ।

–•♣•–



## ਬਰਥ ਡੇ

ਚਿੱਟੀ ਰੇਸ਼ਮੀ ਸਾੜ੍ਹੀ ਪਹਿਨੀ ਉਹ ਸਾਹਮਣੇ ਪਏ ਸੱਦਾ ਪੱਤਰ ਵੱਲ ਘੂਰ ਰਹੀ ਸੀ। ਜਾਵਾਂ ਕਿ ਨਾ ਜਾਵਾਂ, ਉਹ ਸੋਚਦੀ।

ਕੀ ਮੈਂ ਉਹਨੂੰ ਪਿਆਰ ਕਰ ਸਕਾਂਗੀ। ਕੀ ਮੈਂ ਆਪਣਾ ਆਪ ਸਾਂਭ ਸਕਾਂਗੀ। ਮੇਰਾ ਰੋਣ ਨਾ ਨਿਕਲ ਆਏਗਾ, ਉਹਨੂੰ ਦੇਖ ਕੇ। ਪੂਰਾ ਸਾਲ ਤਾਂ ਹੋ ਗਿਆ, ਉਹਨੂੰ ਗਏ ਨੂੰ। ਅੱਜ ਦੇ ਦਿਨ ਹੀ ਤਾਂ ਲੈ ਕੇ ਗਏ ਸੀ, ਉਹ ਉਹਨੂੰ। ਮੈਂ ਤਾਂ ਡਰਦੀ ਨ੍ਹੀਂ ਗਈ, ਉਹ ਵੀ ਤਾਂ ਇੱਕ ਵਾਰੀ ਵੀ ਲੈ ਕੇ ਨਾ ਆਏ, ਉਹਨੂੰ ਮਿਲਾਉਣ ਲਈ।

ਇਨ੍ਹਾਂ ਸੋਚਾਂ ਦੇ ਵਹਿਣਾਂ ਵਿੱਚ ਵਹਿੰਦੀ ਵਹਿੰਦੀ ਉਹ ਪਤਾ ਨਹੀਂ ਕਦੋਂ ਆਪਣੇ ਅਤੀਤ ਵਿੱਚ ਜਾ ਖੁੱਭੀ ਸੀ। ਪਿਛਲੀਆਂ ਯਾਦਾਂ ਕਿਸੇ ਫਿਲਮ ਦੀ ਰੀਲ੍ਹ ਵਾਂਗ ਉਹਦੀਆਂ ਅੱਖਾਂ ਅੱਗੇ ਘੁੰਮਣ ਲੱਗੀਆਂ। ਜਦੋਂ ਤੋਂ ਸੁਰਤ ਸੰਭਾਲੀ ਸੀ, ਇੱਕ ਇੱਕ ਗੱਲ ਉਹਦੇ ਜਿਹਨ ਵਿੱਚ ਕਿਤਾਬ ਦੇ ਸਫਿਆਂ ਦੀ ਤਰ੍ਹਾਂ ਉੱਕਰੀ ਪਈ ਸੀ।

" ਤੇ ਫਿਰ ਮੈਂ ਬਹੁਤ ਪੜ੍ਹਾਂਗੀ। ਪੜ੍ਹ ਕੇ ਮੈਂ ਬੱਚਿਆਂ ਨੂੰ ਪੜ੍ਹਾਵਾਂਗੀ। ਜਿਵੇਂ ਤੁਸੀਂ ਪੜ੍ਹਾਉਂਦੇ ਹੋ ਪਾਪਾ। ਫਿਰ ਮੈਂ ਮੰਮੀ ਜਿੱਡੀ ਹੋ ਜਾਵਾਂਗੀ। ਮੇਰਾ ਵੀ ਵਿਆਹ ਹੋ ਜਾਵੇਗਾ। ਮੈਂ ਵੀ ਮੰਮੀ ਬਣਾਂਗੀ। ਬਣਾਂਗੀ ਨਾ ਪਾਪਾ। " ਛੋਟੀ ਦੀਪੀ ਆਪਣੇ ਬਾਪ ਦੀਆਂ ਲੱਤਾਂ ਨਾਲ ਚਿੰਬੜੀ ਊਲ ਜਲੂਲ ਬੋਲੀ ਜਾਂਦੀ, ਜਿਹੜਾ ਚਾਹ ਦੀਆਂ ਚੁਸਕੀਆਂ ਭਰਦਾ ਬਾਹਰ ਵਿਹੜੇ ਵਿੱਚ ਬੈਠਾ ਅਖ਼ਬਾਰ ਪੜ੍ਹ ਰਿਹਾ ਹੁੰਦਾ।

ਉਹਦਾ ਬਾਪ ਇਹ ਸਭ ਕੁਝ ਚੁੱਪ ਚਾਪ ਸੁਣਦਾ ਰਹਿੰਦਾ ਸੀ। ਜਿਵੇਂ ਉਹਨੂੰ ਕੁਝ ਸੁਣਿਆਂ ਹੀ ਨਾ ਹੋਵੇ। ਤੇ ਜਾਂ ਫਿਰ ਜਾਣ ਬੁਝ ਕੇ ਹੀ ਉਹ ਕੋਈ ਹੁੰਗਾਰਾ ਨਹੀਂ ਭਰਦਾ ਸੀ। "ਮੈਂ ਵੀ ਮੰਮੀ ਬਣਾਂਗੀ। ਬਣਾਂਗੀ ਨਾ ਪਾਪਾ। " ਉਹਦੀ ਇਸ ਗੱਲ 'ਤੇ ਉਹਨੂੰ ਹਾਸਾ ਆ ਜਾਂਦਾ। ਸੰਯੋਗ ਨਾਲ ਕਈ ਵਾਰੀ ਉਸ ਨੇ ਇਸ ਵੇਲੇ ਚਾਹ ਦੀ ਇੱਕ ਬੂੰਦ ਵੀ ਮੂੰਹ ਵਿੱਚ ਨਹੀਂ ਸੀ ਪਾਈ ਹੁੰਦੀ, ਨਹੀਂ ਤਾਂ ਚਾਹ ਉਹਦੇ ਮਗਜ਼ੇ ਚੜ੍ਹ ਸਕਦੀ ਸੀ ਤੇ ਜਾਂ ਫਿਰ ਉਸ ਨੂੰ ਹੁੱਥੂ ਆ ਸਕਦਾ ਸੀ।

" ਹਾਂ ਹਾਂ ਜਰੂਰ ਬਣੇਂਗੀ ਬੇਟੀ। ਜਰੂਰ ਬਣੇਂਗੀ। ਪਹਿਲਾਂ ਪੜ੍ਹ ਤਾਂ ਲੈ। ਜਾਹ ਜਾ ਕੇ ਰੋਟੀ ਖਾ ਲੈ, ਫਿਰ ਤੈਂ ਪੜ੍ਹਨ ਵੀ ਜਾਣੈ। " ਪ੍ਰੋਫੈਸਰ ਰਾਮ ਲੁਭਾਇਆ ਜੀ ਆਪਣੀ ਬੇਟੀ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਉਹਨੂੰ ਕਿਚਨ ਵੱਲ ਤੋਰ ਦਿੰਦੇ। ਕਿਉਂਕਿ ਜੇ ਉਹ

ਇਸ ਬਾਰੇ ਸਿੱਧੀ ਨਾਂਹ ਕਰਦੇ ਤਾਂ ਦੀਪੀ ਊਧਮ ਮਚਾ ਦਿੰਦੀ ਸੀ। ਫਿਰ ਨਾ ਤਾਂ ਉਹ ਛੇਤੀ ਮੰਨਦੀ ਸੀ ਤੇ ਨਾ ਫਿਰ ਪ੍ਰੋਫੈਸਰ ਸਾਹਿਬ ਕੋਲੋਂ ਕਾਲਜ ਜਾ ਹੁੰਦਾ ਸੀ।

ਦੀਪੀ ਪ੍ਰੋਫੈਸਰ ਸਾਹਿਬ ਦੀ ਇੱਕੋ ਇੱਕ ਬੇਟੀ ਸੀ। ਉਹਦੇ ਘਰ ਨੂੰ ਰੌਸ਼ਨ ਕਰਨ ਵਾਲਾ ਇੱਕੋ ਇੱਕ ਦੀਪਕ। ਉਨ੍ਹਾਂ ਨੇ ਉਸ ਦਾ ਨਾਂਅ ਵੀ ਦੀਪਕ ਹੀ ਰੱਖਿਆ ਹੋਇਆ ਸੀ। ਪਰ ਰੋਜ਼ ਦੇ ਰੋਜ਼ਨਾਮਚੇ ਨੇ ਉਹਦੇ ਨਾਂਅ ਨਾਲੋਂ ਕੱਕਾ ਕਿਤੇ ਉਡਾ ਹੀ ਦਿੱਤਾ ਸੀ। ਹਰ ਕੋਈ ਉਸ ਨੂੰ ਦੀਪ ਜਾਂ ਦੀਪੀ ਕਹਿ ਕੇ ਹੀ ਬੁਲਾਉਂਦਾ, ਸੱਦਦਾ ਸੀ।

ਅੱਜ ਕੱਲ੍ਹ ਦੀਪੀ ਕਾਲਜ ਵਿੱਚ ਪੜ੍ਹ ਰਹੀ ਸੀ। ਬੀ. ਏ ਫਾਈਨਲ ਵਿੱਚ। ਪ੍ਰੋਫੈਸਰ ਸਾਹਿਬ ਹੁਣ ਰਿਟਾਇਰ ਹੋ ਚੁੱਕੇ ਸਨ। ਸਿਹਤ ਵੀ ਠੀਕ ਨਹੀਂ ਸੀ ਰਹਿੰਦੀ। ਦੀਪੀ ਦੀ ਮਾਂ ਦੋ ਕੁ ਸਾਲ ਪਹਿਲਾਂ ਹੀ ਰੱਬ ਨੂੰ ਪਿਆਰੀ ਹੋ ਗਈ ਸੀ। ਰਾਤ ਨੂੰ ਚੰਗੀ ਭਲੀ, ਰਾਜੀ ਖੁਸ਼ੀ ਸੁੱਤੀ ਸੀ। ਸਵੇਰੇ ਦੇਖਿਆ ਤਾਂ ਭੌਰ ਉਡਾਰੀ ਮਾਰ ਚੁੱਕਾ ਸੀ। ਜਵਾਨ ਜਹਾਨ ਦੀਪੀ ਦਾ ਗ਼ਮ ਉਨ੍ਹਾਂ ਨੂੰ ਖਾਈ ਜਾ ਰਿਹਾ ਸੀ। ਉੱਚੀ, ਲੰਮੀ, ਗੋਰੀ, ਚਿੱਟੀ ਦੀਪੀ। ਗੋਲ ਗੋਲ , ਹੰਸੂ ਹੰਸੂ ਕਰਦਾ ਚਿਹਰਾ। ਉਹ ਕੋਈ ਪਰੀ ਜਿਹੀ ਲੱਗਦੀ। ਦਮ ਦਾ ਕੀ ਵਿਸਾਹ, ਆਇਆ ਕਿ ਨਾ ਆਇਆ। ਇਸ ਲਈ ਉਹ ਚਾਹੁੰਦੇ ਸਨ ਕਿ ਆਪਣੇ ਜਿਉਂਦੇ ਜਿਉਂਦੇ ਦੀਪੀ ਦੇ ਹੱਥ ਪੀਲੇ ਕਰ ਦੇਣ।

ਉਂਝ ਤਾਂ ਸਾਰਾ ਜੱਗ ਹੀ ਮੁੰਡੇ ਕੁੜੀਆਂ ਨਾਲ ਭਰਿਆ ਪਿਆ ਹੈ, ਪਰ ਜਦੋਂ ਕਿਸੇ ਨੇ ਲੱਭਣਾ ਹੋਵੇ ਤਾਂ ਕੋਈ ਮਿਲਦਾ ਹੀ ਨਹੀਂ। ਮਿਲਦੇ ਨੇ, ਜਾਣੀ ਜਿਸ ਤਰ੍ਹਾਂ ਦੇ ਲੜਕੇ ਕੋਈ ਮਾਂ ਬਾਪ ਆਪਣੀ ਧੀ ਲਈ ਲੱਭਣਾ ਚਾਹੁੰਦਾ ਹੈ, ਉਸ ਤਰ੍ਹਾਂ ਦੇ ਨਹੀਂ ਮਿਲਦੇ। ਪ੍ਰੋਫੈਸਰ ਸਾਹਿਬ ਨੂੰ ਵੀ ਅਜੇ ਤੱਕ ਕੋਈ ਨਹੀਂ ਮਿਲਿਆ ਸੀ।

ਦੀਪੀ ਦੇ ਪੇਪਰ ਹੋ ਚੁੱਕੇ ਸਨ । ਹੁਣ ਉਹ ਘਰ ਹੀ ਰਹਿੰਦੀ ਸੀ। ਸਾਰਾ ਦਿਨ ਕਿਤਾਬਾਂ ਪੜ੍ਹਦੀ ਰਹਿੰਦੀ ਤੇ ਜਾਂ ਫਿਰ ਟੀ. ਵੀ 'ਤੇ ਖਬਰਾਂ ਸੁਣਦੀ ਰਹਿੰਦੀ। ਛੇਤੀ ਹੀ ਪ੍ਰੋਫੈਸਰ ਸਾਹਿਬ ਨੂੰ ਇੱਕ ਲੜਕੇ ਦੀ ਦੱਸ ਪੈ ਗਈ। ਮੁੰਡਾ ਫੌਜ ਵਿੱਚ ਨੌਕਰੀ ਕਰਦਾ ਸੀ। ਅੱਜ ਕੱਲ੍ਹ ਛੁੱਟੀ ਆਇਆ ਹੋਇਆ ਸੀ। ਦਿਨਾਂ ਵਿੱਚ ਹੀ ਦੀਪੀ ਦੀ ਮੰਗਣੀ ਜਸਪਾਲ ਸਿੰਘ ਨਾਲ ਹੋ ਗਈ। ਕਈ ਲੜਕੀਆਂ ਫੌਜੀ ਨਾਲ ਵਿਆਹ ਕਰਵਾਕੇ ਆਪਣੇ ਆਪ ਨੂੰ ਭਾਗਾਂ ਵਾਲੀਆਂ ਸਮਝਦੀਆਂ ਹਨ ਤੇ ਮਾਣ ਮਹਿਸੂਸ ਕਰਦੀਆਂ ਹਨ। ਦੀਪੀ ਵੀ ਉਨ੍ਹਾਂ ਵਿੱਚੋਂ ਇੱਕ ਸੀ।

ਦੀਪੀ ਦਾ ਵਿਆਹ ਹੋ ਗਿਆ। ਦੋਵੇਂ ਬਹੁਤ ਖੁਸ਼ ਸਨ। ਜਸਪਾਲ ਦੀ ਛੁੱਟੀ ਕਦੋਂ ਹੋ ਗਈ, ਪਤਾ ਈ ਨਾ ਚੱਲਿਆ। ਦੀਪੀ ਦੇ ਹੱਥਾਂ ਦੀ ਮਹਿੰਦੀ ਦਾ ਰੰਗ ਵੀ ਅਜੇ ਫਿੱਕਾ ਨਹੀਂ ਸੀ ਪਿਆ। ਪਰ ਉਹ ਚਾਹ ਕੇ ਵੀ ਜਸਪਾਲ ਨੂੰ ਡਿਊਟੀ 'ਤੇ ਜਾਣ ਤੋਂ ਰੋਕ ਨਹੀਂ ਸੀ ਸਕਦੀ। ਜਾਣ ਨੂੰ ਤਾਂ ਚਿੱਤ ਜਸਪਾਲ ਦਾ ਵੀ ਨਹੀਂ ਕਰਦਾ ਸੀ, ਪਰ ਉਹ ਮਜਬੂਰ ਸੀ। ਖਿੜੇ ਮੱਥੇ ਦੋਵੇਂ ਇੱਕ ਦੂਜੇ ਤੋਂ ਜੁਦਾ ਹੋ ਗਏ।

ਦੀਪੀ ਨੇ ਅਜੇ ਪੜ੍ਹਨਾ ਛੱਡਿਆ ਨਹੀਂ ਸੀ। ਉਹ ਪਹਿਲਾਂ ਵਾਂਗ ਹੀ ਕਾਲਜ ਜਾਣ ਲੱਗ ਪਈ।

ਕਾਰਗਿਲ ਦੀ ਜੰਗ ਭਾਵੇਂ ਖਤਮ ਹੋ ਗਈ ਸੀ, ਪਰ ਹੱਦਾਂ 'ਤੇ ਬੈਠੀਆਂ ਫੌਜਾਂ

ਅਜੇ ਵੀ ਆਪਣੇ ਵੱਲੋਂ ਢਿੱਲ ਨਹੀਂ ਸੀ ਵਰਤ ਰਹੀਆਂ। ਗਾਹੇ ਵਗਾਹੇ ਗੋਲੀ ਦੀ ਅਵਾਜ਼ ਆਉਂਦੀ ਹੀ ਰਹਿੰਦੀ। ਘੁਸਪੈਠੀਏ ਕਿਸੇ ਵੇਲੇ ਵੀ ਬਾਰਡਰ ਪਾਰ ਕਰ ਜਾਂਦੇ। ਫਿਰਕੂਵਾਦੀ ਦਹਿਸ਼ਤਪਸੰਦ ਕਦੇ ਕਿਤੇ, ਕਦੇ ਕਿਤੇ ਕੋਈ ਨਾ ਕੋਈ ਵਾਰਦਾਤ ਕਰ ਦਿੰਦੇ।

ਪੰਜ ਸਾਲ ਬੀਤ ਗਏ। ਜਸਪਾਲ ਸਿੰਘ ਸਾਲ ਛੇ ਮਹੀਨੇ ਬਾਅਦ ਛੁੱਟੀ ਆ ਜਾਂਦਾ। ਐਤਕੀਂ ਆਇਆ ਤਾਂ ਉਨ੍ਹਾਂ ਨੇ ਆਪਣਾ ਨਵਾਂ ਘਰ ਬਣਾ ਲਿਆ। ਸਭ ਕੁਝ ਉਨ੍ਹਾਂ ਦੇ ਕੋਲ ਸੀ। ਜੇ ਕੋਈ ਘਾਟ ਸੀ ਤਾਂ ਇਹੀ ਸੀ ਕਿ ਦੀਪੀ ਅਜੇ ਤੱਕ ਮਾਂ ਨਹੀਂ ਸੀ ਬਣੀ। ਕੋਈ ਵੇਲ ਚਾਹੇ ਜਿੰਨੀ ਮਰਜੀ ਵਧੀ ਫੁੱਲੀ ਜਾਵੇ, ਚੰਗੀ ਨਹੀਂ ਲੱਗਦੀ ਜਿੰਨਾਂ ਚਿਰ ਉਹਨੂੰ ਕੋਈ ਫੁੱਲ ਲੱਗਾ ਨਜ਼ਰ ਨਹੀਂ ਆਉਂਦਾ।

ਜਸਪਾਲ ਸਿੰਘ ਦੀ ਛੁੱਟੀ ਖਤਮ ਹੋ ਗਈ। ਇਸ ਵਾਰ ਪਤਾ ਨਹੀਂ ਕਿਉਂ ਉਹਦੇ ਨਾਲੋਂ ਵਿਛੜਨ ਲੱਗਿਆਂ ਦੀਪੀ ਦਾ ਦਿਲ ਹਿਚਕੀਆਂ ਤੇ ਸਿਸਕੀਆਂ ਭਰਨ ਲੱਗਾ। ਉਹਦੀਆਂ ਅੱਖਾਂ ਵਿੱਚ ਮੋਟੇ ਮੋਟੇ ਹੰਝੂ ਤੈਰਨ ਲੱਗੇ। ਜੁਦਾਈ ਦੀ ਪੀੜ ਹੈ ਹੀ ਕੁਝ ਇਸ ਤਰ੍ਹਾਂ ਦੀ, ਦੂਜਾ ਉਹ ਬੇਖਬਰ ਖਤਰੇ ਨੂੰ ਸੋਚ ਕੇ ਵੀ ਕੰਬ ਜਾਂਦੀ ਸੀ। ਪਿਛਲੇ ਕਈ ਦਿਨਾਂ ਤੋਂ ਉਹਨੂੰ ਅਜੀਬ ਅਜੀਬ ਖ਼ਾਬ ਆ ਰਹੇ ਸਨ, ਜਿਨ੍ਹਾਂ ਬਾਰੇ ਉਸ ਨੇ ਜਸਪਾਲ ਨਾਲ ਕੋਈ ਗੱਲ ਨਹੀਂ ਸੀ ਕੀਤੀ। ਜਸਪਾਲ ਉਹਦਾ ਚਿਹਰਾ ਹਥੇਲੀਆਂ 'ਚ ਭਰਕੇ ਉਹਦੀਆਂ ਅੱਖਾਂ ਪੂੰਝਦਾ ਵਿਦਾ ਹੋ ਗਿਆ।

" ਭੈਣ ਜੀ, ਫੂਨ ਏ ਤੁਹਾਡਾ। " ਇੱਕ ਦਿਨ ਆਪਣੇ ਖਾਲੀ ਪੀਰੀਅਡ ਵਿੱਚ ਉਹ ਲਾਇਬ੍ਰੇਰੀ ਵਿੱਚ ਬੈਠੀ ਕੋਈ ਕਿਤਾਬ ਪੜ੍ਹ ਰਹੀ ਸੀ। ਜਦੋਂ ਸਕੂਲ ਦਾ ਸੇਵਾਦਾਰ ਉਹਦੇ ਕੋਲ ਆ ਖੜਾ ਹੋਇਆ।

" ਅੱਛਾ! " ਕਹਿਕੇ ਉਹ ਉਹਦੇ ਨਾਲ ਤੁਰ ਪਈ। ਘਰ ਵਿੱਚ ਕੋਈ ਕੰਮ ਨਾ ਹੋਣ ਕਰਕੇ ਪਿਛਲੇ ਦੋ ਸਾਲ ਤੋਂ ਦੀਪੀ ਇੱਕ ਪ੍ਰਾਈਵੇਟ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਣ ਲੱਗ ਪਈ ਸੀ। ਉਂਝ ਵੀ ਇਹ ਉਹਦੀ ਬਚਪਨ ਤੋਂ ਰੀਝ ਰਹੀ ਸੀ। ਦਫਤਰ 'ਚ ਜਾ ਕੇ ਉਸ ਨੇ ਫੂਨ 'ਤੇ ਗੱਲ ਕੀਤੀ। ਸੁਣਦਿਆਂ ਹੀ ਉਹ ਕੰਬ ਗਈ। ਇੱਕ ਵਾਰੀ ਤਾਂ ਉਹ ਝਟਕਾ ਜਿਹਾ ਖਾ ਗਈ। ਉਹਦੀਆਂ ਅੱਖਾਂ ਜਿਵੇਂ ਬੰਦ ਹੋ ਗਈਆਂ। ਉਹਦਾ ਸੰਸਾਰ ਉੱਜੜ ਗਿਆ ਸੀ। ਜਸਪਾਲ ਸਿੰਘ ਦਹਿਸ਼ਤਗਰਦਾਂ ਵੱਲੋਂ ਕੀਤੇ ਗਏ ਹਮਲੇ ਵਿੱਚ ਆਪਣੇ ਕੁਝ ਸਾਥੀਆਂ ਸਮੇਤ ਮੁਕਾਬਲਾ ਕਰਦਾ ਸ਼ਹੀਦ ਹੋ ਗਿਆ ਸੀ। ਉਹ ਦੁਹੱਥੜ ਪਿੱਟ ਉੱਠੀ। ਉਹਨੂੰ ਗਸ਼ੀਆਂ 'ਤੇ ਗਸ਼ੀਆਂ ਪੈਣ ਲੱਗੀਆਂ। ਰੇਸ਼ਮੀ ਵਾਲ ਪੁੱਟ ਪੁੱਟ ਉਸ ਨੇ ਆਪਣਾ ਬੁਰਾ ਹਾਲ ਕਰ ਲਿਆ। ਉਹਦੀਆਂ ਅਧਿਆਪਕ ਸਾਥਣਾਂ ਜੇ ਉਸ ਨੂੰ ਨਾ ਸੰਭਾਲਦੀਆਂ ਤਾਂ ਸ਼ਾਇਦ ਉਹ ਆਪਣੇ ਆਪ ਨੂੰ ਖਤਮ ਹੀ ਕਰ ਲੈਂਦੀ।

ਦੀਪੀ ਹੁਣ ਟੁੱਟ ਚੁੱਕੀ ਸੀ। ਜਸਪਾਲ ਦੀਆਂ ਯਾਦਾਂ ਉਹਦੇ ਜੀਣ ਦਾ ਸਹਾਰਾ ਸੀ। ਪਰ ਉਸ ਨੂੰ ਕੱਲਿਆਂ ਦਿਨ ਰਾਤ ਕੱਟਣੇ ਮੁਸ਼ਕਿਲ ਹੋ ਗਏ। ਖਾਲੀ ਘਰ ਉਸ ਨੂੰ ਵੱਢ ਵੱਢ ਖਾਂਦਾ। ਉਸਨੇ ਸਕੂਲ ਜਾਣਾ ਛੱਡ ਦਿਤਾ। ਬਹੁਤ ਸੋਚ ਵਿਚਾਰ ਤੋਂ ਬਾਅਦ ਉਸ ਨੇ ਘਰ ਵਿੱਚ ਹੀ ਅਨਾਥ ਬੱਚਿਆਂ ਦਾ ਇੱਕ ਆਸ਼ਰਮ ਖੋਲ੍ਹ ਲਿਆ।

ਉਹ ਬੱਚਿਆਂ ਨੂੰ ਪੜ੍ਹਾਉਂਦੀ ਲਿਖਾਉਂਦੀ। ਸਾਰੇ ਬੱਚੇ ਜਦੋਂ ਉਸ ਨੂੰ 'ਮੰਮੀ' ਕਹਿ ਕੇ ਬੁਲਾਉਂਦੇ ਤਾਂ ਉਹ ਅੰਦਰੋ ਅੰਦਰ ਤੜਫ ਉੱਠਦੀ। ਇੱਕ ਹੂਕ ਜਿਹੀ ਉੱਠਕੇ ਉਹਦੇ ਗਲ੍ਹੇ 'ਚ ਆ ਫਸਦੀ। ਤੇ ਅਗਲੇ ਹੀ ਪਲ ਉਹਦੇ ਬੁੱਲਾਂ 'ਤੇ ਇੱਕ ਮੁਸਕਰਾਹਟ ਤੈਰ ਜਾਂਦੀ ਤੇ ਉਹ ਖੁਸ਼ ਹੋ ਜਾਂਦੀ।

ਉਹ ਬੱਚਿਆਂ ਨੂੰ ਆਪਣੀ ਬੁੱਕਲ ਵਿੱਚ ਘੁੱਟ ਲੈਂਦੀ। ਉਨ੍ਹਾਂ ਨੂੰ ਚੁੰਮਦੀ ਚੱਟਦੀ। 'ਮੰਮੀ' ਇਹੀ ਤਾਂ ਬਣਨਾ ਲੋਚਦੀ ਰਹੀ ਸੀ ਉਹ ਹੁਣ ਤੱਕ। ਉਹ ਕਹਿੰਦੀ, ਮੇਰੇ ਬੱਚੇ, ਮੇਰੇ ਆਪਣੇ ਬੱਚੇ।

ਬਸ ਫਿਰ ਕੀ ਸੀ। ਦੀਪੀ ਦੀਆਂ ਅੱਖਾਂ ਸਾਹਮਣੇ ਕੰਵਲ ਦੀ ਸੂਰਤ ਨੱਚਣ ਲੱਗ ਪਈ। ਉਹ ਬਿਹਬਲ ਹੋ ਉੱਠੀ। ਖਿੜੇ ਕਮਲ ਦੀ ਤਰ੍ਹਾਂ ਚਿਹਰਾ। ਉਹਨੂੰ ਲੱਗਾ ਜਿਵੇਂ ਉਸ ਨੇ ਉਹਨੂੰ ਮੰਮੀ ਕਹਿ ਕੇ ਆ ਬੁਲਾਇਆ ਹੋਵੇ। ਚੌਂਕ ਕੇ ਉਸ ਨੇ ਚਾਰੇ ਪਾਸੇ ਨਜ਼ਰ ਘੁੰਮਾਈ, ਪਰ ਇਹ ਐਵੇਂ ਉਹਦਾ ਵਹਿਮ ਹੀ ਨਿਕਲਿਆ।

ਅੰਤ ਉਹ ਸੱਦਾ ਪੱਤਰ ਵਿੱਚ ਛਪੇ ਪਤੇ 'ਤੇ ਜਾਣ ਲਈ ਘਰੋਂ ਤੁਰ ਪਈ। ਉਸ ਨੇ ਹੀ ਤਾਂ ਪਾਲਿਆ ਸੀ ਕੰਵਲ ਨੂੰ। ਕੀ ਹੋਇਆ ਜੇ ਉਸ ਨੇ ਉਹਨੂੰ ਜਨਮ ਨਹੀਂ ਸੀ ਦਿੱਤਾ। ਕੀ ਹੋਇਆ ਜੇ ਉਸ ਨੇ ਉਹਨੂੰ ਆਪਣਾ ਦੁੱਧ ਨਹੀਂ ਸੀ ਚੁੰਘਾਇਆ। ਨਾਲੇ ਸ਼ੀਲਾ ਨੇ ਕਿਹੜਾ ਇਹ ਸਭ ਕੁਝ ਕੀਤਾ ਸੀ। ਦੋ ਢਾਈ ਸਾਲ ਦਾ ਸੀ ਜਦੋਂ ਉਹ ਉਸ ਦੇ ਆਸ਼ਰਮ ਵਿੱਚ ਆਇਆ ਸੀ। ਉਸ ਸਮੇਂ ਤਾਂ ਉਸ ਨੂੰ ਮਾਂ ਦੇ ਦੁੱਧ ਦੀ ਲੋੜ ਵੀ ਨਹੀਂ ਸੀ ਪਈ। ਆਪਣੇ ਆਪ ਨਾਲ ਗੱਲਾਂ ਕਰਦੀ ਉਹ ਮਿਸਟਰ ਰਾਜ ਦੇ ਬੰਗਲੇ ਅੱਗੇ ਜਾ ਪਹੁੰਚੀ।

ਰਾਜ ਦੀ ਕੋਈ ਔਲਾਦ ਨਹੀਂ ਸੀ। ਬਾਰਾਂ ਸਾਲ ਹੋ ਗਏ ਸੀ ਉਹਦੀ ਤੇ ਸ਼ੀਲਾ ਦੀ ਸ਼ਾਦੀ ਹੋਇਆਂ। ਦੋਹਾਂ ਨੇ ਆਪਣਾ ਮੈਡੀਕਲ ਚੈੱਕ ਅੱਪ ਵੀ ਕਰਵਾਇਆ ਸੀ। ਡਾਕਟਰੀ ਤੌਰ ਤੇ ਉਹਨਾਂ ਵਿੱਚ ਕੋਈ ਨੁਕਸ ਨਹੀਂ ਸੀ ਨਿਕਲਿਆ। ਰਾਜ ਨੇ ਤਾਂ ਇਸ ਨੂੰ ਰੱਬ ਦੀ ਮਰਜੀ ਸਮਝ ਕੇ ਮਨ ਨੂੰ ਸਮਝਾ ਲਿਆ ਸੀ, ਪਰ ਸ਼ੀਲਾ ਦੀ ਬੱਚੇ ਪ੍ਰਤੀ ਤੜਪ ਕਦੇ ਵੀ ਖਤਮ ਨਾ ਹੋਈ।

ਬਾਰਾਂ ਸਾਲ ਬਾਅਦ ਤਾਂ 'ਰੂੜੀ' ਦੀ ਵੀ ਸੁਣੀ ਗਈ ਸੀ, ਤੀਵੀਂਆਂ ਕਹਿੰਦੀਆਂ। ਦੇਵੀ, ਦੇਵਤੇ, ਪੀਰ, ਫਕੀਰ ਸਭ ਨੂੰ ਉਨ੍ਹਾਂ ਨੇ ਬੜਾ ਧਿਆਇਆ। ਪਰ ਜਦੋਂ ਉਨ੍ਹਾਂ ਦੀ ਬਾਰੀਂ ਸਾਲੀਂ ਵੀ ਨਾ ਸੁਣੀ ਗਈ ਤਾਂ ਸ਼ੀਲਾ ਨੇ ਬੱਚਾ ਗੋਦ ਲੈਣ ਲਈ ਜਿਦ ਫੜ ਲਈ। ਨਾ ਚਾਹੁੰਦਿਆਂ ਵੀ ਰਾਜ ਨੂੰ ਸ਼ੀਲਾ ਦੀ ਗੱਲ ਮੰਨਣੀ ਪੈ ਗਈ। ਤੇ ਉਹ ਇੱਕ ਸਾਲ ਪਹਿਲਾਂ ਅੱਜ ਦੇ ਦਿਨ ਦੀਪੀ ਕੋਲੋਂ ਕੰਵਲ ਨੂੰ ਲੈ ਆਏ ਸੀ।

ਜਦੋਂ ਸ਼ੀਲਾ ਤੇ ਰਾਜ ਬੱਚਾ ਲੈਣ ਲਈ ਉਸ ਦੇ ਆਸ਼ਰਮ ਪਹੁੰਚੇ ਤੇ ਉਨ੍ਹਾਂ ਨੇ ਕੰਵਲ ਨੂੰ ਲੈਣ ਲਈ ਦੀਪੀ ਨੂੰ ਕਿਹਾ ਤਾਂ ਪਹਿਲਾਂ ਤਾਂ ਉਹ ਇਸ ਬਾਰੇ ਮੰਨੇ ਹੀ ਨਾ। ਬੜੀ ਮੁਸਕਿਲ ਨਾਲ ਰਾਜ ਨੇ ਦੀਪੀ ਨੂੰ ਮਨਾਇਆ। ਸ਼ੀਲਾ ਦੀ ਹਾਲਤ ਤੇ ਮਮਤਾ ਨੇ ਦੀਪੀ ਨੂੰ ਆਪਣੇ ਦਿਲ 'ਤੇ ਪੱਥਰ ਰੱਖਣ ਲਈ ਮਜਬੂਰ ਕਰ ਦਿੱਤਾ। ਤੇ ਸ਼ਾਇਦ ਕੰਵਲ ਦੀ ਬਿਹਤਰੀ ਨੇ ਵੀ।

ਕਿੰਨਾਂ ਪਿਆਰ ਕਰਦੀ ਸੀ ਉਹ ਕੰਵਲ ਨੂੰ। ਕਈ ਦਿਨ ਉਹ ਕੰਵਲ ਨੂੰ ਯਾਦ ਕਰ ਕਰ ਰੋਂਦੀ ਰਹੀ। ਅੱਜ ਪੂਰਾ ਸਾਲ ਹੋ ਗਿਆ ਸੀ ਕੰਵਲ ਨੂੰ ਰਾਜ ਕੋਲ ਆਇਆਂ। ਉਹ ਉਨ੍ਹਾਂ ਵਿੱਚ ਘੁਲ ਮਿਲ ਗਿਆ ਸੀ। ਅੱਜ ਕੰਵਲ ਦਾ ਜਨਮ ਦਿਨ ਸੀ। " ਮੈਂ ਜਰੂਰ ਮਨਾਵਾਂਗੀ ਬਰਥ ਡੇ, ਆਪਣੇ ਬੇਟੇ ਦਾ ਬਰਥ ਡੇ। " ਕਿਸੇ ਨੂੰ ਕੀ ਪਤਾ ਸੀ ਕਿ ਉਸਦਾ ਜਨਮ ਦਿਨ ਕਿਹੜਾ ਸੀ, ਪਰ ਸ਼ੀਲਾ ਦਾ ਕੋਈ ਕੀ ਕਰੇ. ਕਹਿੰਦੀ, " ਜਿਸ ਦਿਨ ਮੇਰਾ ਬੇਟਾ ਮੈਨੂੰ ਮਿਲਿਆ, ਉਹੀ ਉਸ ਦਾ ਜਨਮ ਦਿਨ। "

ਦੀਪੀ ਘਰ ਦੇ ਅੰਦਰ ਚਲੀ ਗਈ। ਸਿਵਾਏ ਰਾਜ ਤੇ ਸ਼ੀਲਾ ਤੋਂ ਕੰਵਲ ਕੋਲ ਕੋਈ ਨਹੀਂ ਸੀ। ਸਾਰੇ ਇੱਕ ਮੇਜ਼ ਦੁਆਲੇ ਕੁਰਸੀਆਂ ਉੱਪਰ ਬੈਠੇ ਸ਼ਾਇਦ ਉਸੇ ਨੂੰ ਉਡੀਕ ਰਹੇ ਸਨ। ਜਿੱਥੇ ਇੱਕ ਕੇਕ 'ਤੇ ਕਈ ਮੋਮਬੱਤੀਆਂ ਟਿਕੀਆਂ ਪਈਆਂ ਸਨ।

ਇੱਕੋ ਫੂਕ ਨਾਲ ਕੰਵਲ ਨੇ ਕੇਕ 'ਤੇ ਲੱਗੀਆਂ ਮੋਮਬੱਤੀਆਂ ਬੁਝਾ ਦਿੱਤੀਆਂ। " ਹੈਪੀ ਬਰਥ ਡੇ ਟੂ ਯੂ, ਕੰਵਲ ਹੈਪੀ ਬਰਥ ਡੇ ਟੂ ਯੂ। " ਸ਼ੀਲਾ, ਰਾਜ ਤੇ ਦੀਪੀ ਦੀ ਅਵਾਜ਼ ਖੁਸ਼ੀ ਵਿੱਚ ਚਹਿਕ ਰਹੀ ਸੀ। ਕੇਕ ਕੱਟ ਕੇ ਕੰਵਲ ਨੇ ਟੁਕੜਾ ਟੁਕੜਾ ਰਾਜ ਤੇ ਸ਼ੀਲਾ ਦੇ ਮੂੰਹ ਵਿੱਚ ਪਾ ਦਿੱਤਾ। ਤੇ ਉਨ੍ਹਾਂ ਨੇ ਕੰਵਲ ਦੇ। ਇੱਕ ਟੁਕੜਾ ਕੱਟ ਕੇ ਉਸ ਨੇ ਦੀਪੀ ਵੱਲ ਦੇਖਿਆ। ਜਿਹੜੀ ਕਾਰਨਸ 'ਤੇ ਪਈ ਹੱਸ ਰਹੇ ਕੰਵਲ ਦੀ ਵੱਡੀ ਤਸਵੀਰ ਵੱਲ ਦੇਖ ਰਹੀ ਸੀ।

"ਮੂੰਹ ਖੋਲ੍ਹੋ ਮੰਮੀ। " ਕੰਵਲ ਦੀ ਅਵਾਜ ਦੀਪੀ ਦੇ ਕੰਨਾਂ ਵਿੱਚ ਗੂੰਜੀ। ਉਹ ਕੇਕ ਦਾ ਟੁਕੜਾ ਫੜੀ ਦੀਪੀ ਪਿੱਛੇ ਆ ਖੜ੍ਹਾ ਹੋਇਆ ਸੀ। ਉਹ ਘੁੰਮੀ। ਦੀਪੀ ਦੀਆਂ ਅੱਖਾਂ ਵਿੱਚ ਪਾਣੀ ਚਮਕ ਉੱਠਿਆ। ਥੋੜ੍ਹਾ ਆਪਣੇ ਤੇ ਥੋੜ੍ਹੀ ਕੰਵਲ ਦੇ ਮੂੰਹ ਵਿੱਚ ਕੇਕ ਪਾ ਕੇ ਦੀਪੀ ਨੇ ਕੰਵਲ ਨੂੰ ਹਿੱਕ ਨਾਲ ਲਾ ਲਿਆ ਸੀ, ਜਿਵੇਂ ਉਹ ਉਹਦਾ ਆਪਣਾ ਬੇਟਾ ਹੋਵੇ, ਉਹਦਾ ਆਪਣਾ ਖੂਨ। ਇੰਜ ਜਿਵੇਂ ਹੁਣ ਉਹ ਉਸ ਨੂੰ ਕਦੇ ਵੀ ਆਪਣੇ ਨਾਲੋਂ ਵੱਖ ਨਹੀਂ ਕਰੇਗੀ। ਕੰਵਲ ਨੇ ਦੇਖਿਆ ਉਹਦੀ 'ਮੰਮੀ' ਰੋ ਰਹੀ ਸੀ।

-•♣•-



## ਮਜ਼ਾਕ

ਗਰੀਨ ਲਾਈਟ ਬਾਰ ਐਂਡ ਰੈਸਟੋਰੈਂਟ ਦੇ ਡਾਈਨਿੰਗ ਹਾਲ ਵਿੱਚ ਬੈਠਾ ਉਹ ਸਾਹਮਣੇ ਇੱਕ ਟੇਬਲ ਦੁਆਲੇ ਲੱਗੀਆਂ ਕੁਰਸੀਆਂ 'ਤੇ ਬੈਠੇ ਜੋੜੇ 'ਚੋਂ ਸਜੀ ਧਜੀ ਨਵ ਵਿਆਹੀ ਕੁੜੀ ਵੱਲ ਘੂਰ ਰਿਹਾ ਸੀ। ਹੈਰਾਨ ਪ੍ਰੇਸ਼ਾਨ ਜਿਹਾ ਉਹ ਉਹਦੇ ਵੱਲ ਹੀ ਦੇਖਦਾ ਰਹਿੰਦਾ ਜੇ ਉਹਦਾ ਦੋਸਤ ਰਫੀਕ ਆ ਕੇ ਉਸ ਨੂੰ ਨਾ ਝੰਜੋੜ ਦਿੰਦਾ। ਹੜਬੜਾ ਕੇ ਉਸ ਨੇ ਪਿਛਾਂਹ ਤੱਕਿਆ। ਤੇ ਫਿਰ ਥੋੜ੍ਹਾ ਜਿਹਾ ਮੁਸਕਰਾਕੇ ਉਸ ਵੱਲ ਹੱਥ ਵਧਾ ਦਿੱਤਾ। ਇਸ ਦੇ ਨਾਲ ਹੀ ਉਸ ਨੇ ਆਪਣੇ ਦੋਵੇਂ ਮੋਢੇ ਝਟਕਾਏ ਤਾਂ ਉਸ ਦਾ ਗੋਲ ਗੋਲ ਵਾਲਾਂ ਤੋਂ ਸੱਖਣਾ ਸਿਰ ਲੱਗਭੱਗ ਇਨ੍ਹਾਂ ਦੇ ਵਿੱਚ ਹੀ ਛੁਪ ਗਿਆ। ਐਨਕ ਵਿੱਚੋਂ ਝਾਕਦੀਆਂ ਅੱਖਾਂ ਵਿੱਚ ਇੱਕ ਖਾਸ ਹੀ ਚਮਕ ਉੱਭਰ ਆਈ ਸੀ।

ਨੀਲੀ ਅਸਮਾਨੀ ਸਾੜ੍ਹੀ ਵਿੱਚ ਉਹ ਕੁੜੀ ਉਹਨੂੰ ਅਰਸ਼ੋਂ ਉੱਤਰੀ ਕੋਈ ਪਰੀ ਜਿਹੀ ਲੱਗ ਰਹੀ ਸੀ। ਚਮਕਦੇ ਸੁਨਿਹਰੀ ਸਿਤਾਰੇ ਤੇ ਚਿੱਟੇ ਮੋਤੀਆਂ ਨਾਲ ਕਸ਼ੀਦੀ ਹੋਈ ਸਾੜ੍ਹੀ, ਅੰਬਰ ਦੀ ਤਾਰਿਆਂ ਭਰੀ ਟਾਕੀ ਜਿਹੀ ਲੱਗਦੀ ਸੀ। ਕਾਲੀਆਂ ਜੁਲਫਾਂ ਵਿੱਚੋਂ ਗੋਰਾ ਗੋਰਾ ਚਿਹਰਾ, ਉਸ ਚੰਦਰਮਾ ਦੀ ਤਰ੍ਹਾਂ ਟਹਿਕ ਰਿਹਾ ਲੱਗਦਾ ਸੀ ਜਿਸ ਦੁਆਲੇ ਝੁਕੀ ਕੋਈ ਕਾਲੀ ਬੱਦਲੀ ਉਹਨੂੰ ਆਪਣੀ ਓਟ 'ਚ ਲੁਕੋ ਲੈਣ ਲਈ ਵਿਲਕਦੀ ਹੈ। ਕੰਨਾਂ 'ਚ ਲੰਮੇ ਝੁਮਕਿਆਂ ਵਾਲੇ ਬੂੰਦੇ ਲਟਕ ਰਹੇ ਸਨ। ਨੱਕ ਵਿੱਚ ਪਾਈ ਨੱਥ ਦੀ ਮੋਤੀਆਂ ਭਰੀ ਜ਼ੰਜੀਰ ਕੌਡੀਆਂ ਵਾਲੇ ਨਾਗ ਦੀ ਤਰ੍ਹਾਂ ਉਹਦੀ ਗੱਲ੍ਹ 'ਤੇ ਮੇਲ੍ਹ ਰਹੀ ਸੀ। ਬੁੱਲਾਂ 'ਤੇ ਸੁਰਖੀ ਬੜੇ ਕਲਾਤਮਿਕ ਢੰਗ ਨਾਲ ਲਾਈ ਲੱਗਦੀ ਸੀ । ਮੱਥੇ 'ਤੇ ਬਿੰਦੀ ਚਮਕ ਰਹੀ ਸੀ ਤੇ ਮਾਂਗ ਵਿੱਚ ਸੰਧੂਰ ਦੀ ਲੰਬੀ ਰੇਖਾ ਖਿੱਚੀ ਹੋਈ ਸੀ। ਉਹਦੇ ਗਲ਼ ਵਿੱਚ ਬਹੁਤ ਕੀਮਤੀ ਕਾਫ਼ੀ ਭਾਰਾ ਸੋਨੇ ਦਾ ਹਾਰ ਪਾਇਆ ਹੋਇਆ ਸੀ। ਬਾਹਾਂ 'ਚ ਚੂੜਾ ਤੇ ਮੋਟੇ ਮੋਟੇ ਸੋਨੇ ਦੇ ਗਜ਼ਰੇ । ਹੱਥਾਂ ਦੀਆਂ ਕੁਝ ਉਂਗਲਾਂ ਵਿੱਚ ਕੀਮਤੀ ਅੰਗੂਠੀਆਂ ਚਮਕ ਰਹੀਆਂ ਸਨ। ਇੱਕ ਹੱਥ ਵਿੱਚ ਫੜੇ ਰੁਮਾਲ ਨਾਲ ਉਹ ਬੜੀ ਸਾਵਧਾਨੀ ਨਾਲ ਕਦੇ ਕਦੇ ਆਪਣੇ ਚਿਹਰੇ ਤੇ ਆਏ ਪਸੀਨੇ ਨੂੰ ਸਾਫ਼ ਕਰਦੀ । ਜਿਵੇਂ ਉਹ ਚਿਹਰੇ 'ਤੇ ਕੀਤੇ ਮੇਕ ਅੱਪ ਦੇ ਖਰਾਬ ਹੋ ਜਾਣ ਤੋਂ ਡਰਦੀ ਸੀ। ਸ਼ਾਇਦ ਉਹ ਇੱਥੇ ਸਿੱਧੀ ਬਿਊਟੀ

ਪਾਰਲਰ ਤੋਂ ਹੀ ਹੋ ਕੇ ਆਈ ਸੀ । ਦੂਜੇ ਹੱਥ ਵਿੱਚ ਉਸ ਨੇ ਇੱਕ ਮਿੰਨੀ ਪਰਸ ਫੜਿਆ ਹੋਇਆ ਸੀ। ਜਿਸ ਨੂੰ ਕਦੇ ਕਦਾਈਂ ਉਹ ਆਪਣੇ ਸਾਹਮਣੇ ਪਏ ਟੇਬਲ 'ਤੇ ਵੀ ਰੱਖ ਲੈਂਦੀ।

ਸਾਰੇ ਦਿਨ ਦੀ ਥਕਾਵਟ ਦੂਰ ਕਰਨ ਲਈ ਡਾਕਟਰ ਹਰੀਸ਼ ਚਾਵਲਾ ਰੋਜ਼ ਇਸ ਬਾਰ ਵਿੱਚ ਆ ਬਹਿੰਦਾ ਸੀ। ਦਵਾਈਆਂ ਦੀ ਮਹਿਕ ਨੂੰ ਅੰਦਰੋਂ ਕੱਢਣ ਲਈ ਉਹ ਵਿਸਕੀ ਦੇ ਕਈ ਪੈੱਗ ਆਪਣੇ ਅੰਦਰ ਸੁੱਟ ਲੈਂਦਾ। ਸ਼ਾਇਦ ਉਹਦਾ ਖਿਆਲ ਸੀ ਕਿ ਜਿਵੇਂ ਜ਼ਹਿਰ ਨੂੰ ਜ਼ਹਿਰ ਮਾਰਦੀ ਹੈ ਮਹਿਕ ਨੂੰ ਮਹਿਕ ਹੀ ਮਾਰੇਗੀ।

ਉਹ ਕੋਈ ਮਾੜਾ ਮੋਟਾ ਡਾਕਟਰ ਤਾਂ ਹੈ ਨਹੀਂ ਸੀ। ਕਾਮਨ ਰੋਡ 'ਤੇ ਉਸਦਾ ਕਾਫੀ ਵੱਡਾ ਹਸਪਤਾਲ ਸੀ। ਪ੍ਰਾਈਵੇਟ ਹੋਣ ਦੇ ਨਾਲ ਨਾਲ ਹਰ ਤਰ੍ਹਾਂ ਦੇ ਡਾਕਟਰ ਦੀ ਸੇਵਾ ਮਿਲਣ ਕਰਕੇ ਸ਼ਹਿਰ ਦੇ ਵੱਡੇ ਵੱਡੇ ਅਮੀਰ ਮਰੀਜ਼ ਉੱਥੇ ਆ ਸ਼ਰਨ ਲੈਂਦੇ ਸਨ। ਲੱਤ, ਬਾਂਹ, ਨੱਕ, ਕੰਨ, ਫੋੜਾ, ਫਿੰਨਸੀ ਤੇ ਹੋਰ ਹਰ ਤਰ੍ਹਾਂ ਦੇ ਰੋਗਾਂ ਦਾ ਇਲਾਜ ਇਸ ਹਸਪਤਾਲ ਵਿੱਚ ਹੁੰਦਾ ਸੀ। ਹਰ ਤਰ੍ਹਾਂ ਦੇ ਟੈਸਟ ਲਈ ਵੱਖਰੀ ਲੈਬਾਰਟਰੀ, ਮਹਿੰਗੀਆਂ ਵਧੀਆ ਮਸ਼ੀਨਾਂ। ਮਰੀਜ਼ਾਂ ਦੀ ਸਹੂਲਤ ਲਈ ਵੱਖਰੇ ਪਰਸਨਲ ਰੂਮਾਂ ਦਾ ਵੀ ਪ੍ਰਬੰਧ ਸੀ। ਇਲਾਜ ਚਾਹੇ ਮਹਿੰਗਾ ਪੈਂਦਾ ਸੀ ਪਰ ਸੰਭਾਲ ਪੱਖੋਂ ਕੋਈ ਕਸਰ ਨਹੀਂ ਸੀ ਛੱਡੀ ਜਾਂਦੀ । ਜਿਸ ਨਾਲ ਮਰੀਜ਼ ਦੇ ਵਾਰਸਾਂ ਨੂੰ ਪੂਰੀ ਤਸੱਲੀ ਰਹਿੰਦੀ ਸੀ। ਤੇ ਦੂਸਰਾ ਕੁਝ ਖਾਸ ਕਿਸਮ ਦੇ ਮਰੀਜ਼ ਵੀ ਆਏ ਰਹਿੰਦੇ ਸੀ ਜਿਨ੍ਹਾਂ ਦੇ ਇਲਾਜ ਦੀ ਕੀਮਤ ਉਹ ਮੂੰਹੋਂ ਮੰਗੀ ਵਸੂਲ ਕਰਦਾ ਸੀ। ਤੇ ਅਗਲੇ ਨੂੰ ਇਹ ਦੇਣੀ ਵੀ ਪੈਂਦੀ ਸੀ। ਵੈਸੇ ਵੀ ਡਾਕਟਰ ਤੇ ਵਕੀਲਾਂ ਨਾਲ ਫੀਸ ਦੀ ਸੌਦੇਬਾਜ਼ੀ ਹੁੰਦੀ ਹੀ ਨਹੀਂ। ਜੋ ਮੰਗ ਲੈਣ ਬੰਦੇ ਨੂੰ ਦੇਣਾ ਈ ਪੈਂਦਾ। ਫਿਰ ਭਲਾ ਕਿਉਂ ਨਾ ਉਹ ਕਾਰਾਂ ਤੇ ਬੰਗਲਿਆਂ ਦਾ ਮਾਲਕ ਹੁੰਦਾ ਤੇ ਹੋਟਲਾਂ ਕਲੱਬਾਂ 'ਚ ਨਾ ਜਾ ਸਕਦਾ।

ਅੱਜ ਜਦੋਂ ਹੀ ਉਹੇ ਰੈਸਟੋਰੈਂਟ ਦਾ ਮੇਨ ਗੇਟ ਪਾਰ ਕਰ ਰਿਹਾ ਸੀ, ਉਹਦੀ ਨਜ਼ਰ ਪਾਰਕਿੰਗ 'ਚੋਂ ਆ ਰਹੀ ਲੜਕੀ ਉੱਤੇ ਜਾ ਪਈ। ਜੋ ਇੱਕ ਜਵਾਨ ਖੂਬਸੂਰਤ ਆਦਮੀ ਦੇ ਨਾਲ ਬੜੀ ਨਜਾਕਤ ਨਾਲ ਪੈਰ ਰੱਖਦੀ ਰੈਸਟੋਰੈਂਟ ਵੱਲ ਜਾ ਰਹੀ ਸੀ। ਲੜਕੀ ਦੀ ਸ਼ਕਲ ਉਹਨੂੰ ਜਾਣੀ ਪਛਾਣੀ ਲੱਗੀ ਸੀ । ਕਾਰ ਇੱਕ ਪਾਸੇ ਖੜ੍ਹੀ ਕਰਕੇ ਉਹ ਸਿੱਧਾ ਉਨ੍ਹਾਂ ਦੇ ਪਿੱਛੇ ਪਿੱਛੇ ਡਾਈਨਿੰਗ ਹਾਲ ਵਿੱਚ ਆ ਗਿਆ ਸੀ।

ਡਾਕਟਰ ਚਾਵਲਾ ਸ਼ਹਿਰ ਦਾ ਮੰਨਿਆ ਹੋਇਆ ਸਰਜਨ ਸੀ। ਏਸੇ ਕਰਕੇ ਦੂਸਰੇ ਹਸਪਤਾਲਾਂ 'ਚੋ ਕਈ ਕੇਸ ਰੈਫਰ ਕਰਕੇ ਉਹਦੇ ਕੋਲ ਭੇਜੇ ਜਾਂਦੇ ਸਨ । ਪਰ ਪਿਛਲੇ ਕੁਝ ਸਾਲਾਂ ਤੋਂ ਉਹ ਭੁਲੱਕੜ ਜਿਹਾ ਹੋ ਗਿਆ ਸੀ। ਕਈ ਵਾਰੀ ਤਾਂ ਉਹ ਆਪਣੀ ਜੇਬ 'ਚ ਰੱਖੀ ਚੀਜ਼ ਨੂੰ ਵੀ ਇਧਰ ਉਧਰ ਲੱਭਦਾ ਰਹਿੰਦਾ ਸੀ। ਜਦੋਂ ਥੱਕ ਹਾਰ ਕੇ ਬਹਿ ਜਾਂਦਾ ਤਾਂ ਉਸ ਦਾ ਹੱਥ ਸਿੱਧਾ ਉੱਥੇ ਪਹੁੰਚ ਜਾਂਦਾ ਜਿੱਥੇ ਉਹ ਚੀਜ਼ ਰੱਖੀ ਹੋਈ ਹੁੰਦੀ। ਹੁਣ ਵੀ ਉਹਨੂੰ ਕੁਛ ਯਾਦ ਨਹੀਂ ਸੀ ਆ ਰਿਹਾ । ਪਰ ਫਿਰ ਵੀ ਉਹ ਆਪਣੇ ਦਿਮਾਗ 'ਚ ਵਸੇ ਨਕਸ਼ਾਂ ਨੂੰ ਇਧਰ ਉਧਰ ਖਿੱਚਣ ਧੂਹਣ ਲੱਗ ਪਿਆ। ਵੈਸੇ ਵੀ ਰੋਜ਼ ਸੈਂਕੜੇ ਚਿਹਰੇ ਉਹਦੀਆਂ ਨਜ਼ਰਾਂ ਅੱਗੋਂ ਗੁਜ਼ਰਦੇ ਸੀ, ਫਿਰ ਉਹ ਯਾਦ ਰੱਖੇ ਵੀ ਤਾਂ ਕਿਸ

ਕਿਸ ਨੂੰ ਰੱਖੇ। ਪਰ ਫਿਰ ਵੀ ਕਾਫ਼ੀ ਭੰਨ ਤੋੜ ਤੋਂ ਬਾਅਦ ਉਹਨੂੰ ਕਾਫੀ ਕੁਝ ਯਾਦ ਆ ਗਿਆ।

ਸੱਤ ਕੁ ਸਾਲ ਪਹਿਲਾਂ ਦੀ ਗੱਲ ਹੈ। ਇੱਕ ਵਾਰ ਜਦੋਂ ਉਹਨੂੰ ਬੱਸ ਰਾਹੀਂ ਜਲੰਧਰ ਤੋਂ ਹੁਸ਼ਿਆਰਪੁਰ ਜਾਣਾ ਪਿਆ ਸੀ। ਬੱਸ ਦੀਆਂ ਲੱਗਭੱਗ ਸਾਰੀਆਂ ਸੀਟਾਂ ਤੇ ਸਵਾਰੀਆਂ ਬਹਿ ਚੁੱਕੀਆਂ ਸਨ। ਇੱਕਾ ਦੁੱਕਾ ਸੀਟ ਤੋਂ ਬਿਨਾਂ ਜੇ ਹੁਣ ਜਗਹ ਸੀ ਤਾਂ ਸਿਰਫ਼ ਸੀਟਾਂ ਦੇ ਵਿਚਕਾਰ ਵਾਲੇ ਲੰਘਣ ਵਾਲੇ ਰਾਸਤੇ ਵਿੱਚ ਖੜ੍ਹਨ ਦੀ ਹੀ ਸੀ। ਜਦੋਂ ਉਹ ਬੱਸ ਵਿੱਚ ਚੜ੍ਹੀ ਤਾਂ ਉਹਦੇ ਨਾਲ ਇੱਕ ਮਰਦ ਤੇ ਦੋ ਔਰਤਾਂ ਹੋਰ ਵੀ ਸਨ ਜੋ ਜਿੱਥੇ ਕਿਤੇ ਸੀਟ ਮਿਲੀ ਬਹਿ ਗਏ । ਡਾਕਟਰ ਚਾਵਲਾ ਤੇ ਉਹਦਾ ਮਿੱਤਰ ਰਵੀ ਗੁਪਤਾ

ਜਿਸ ਸੀਟ 'ਤੇ ਬੈਠੇ ਸਨ ਸਿਰਫ਼ ਉੱਥੇ ਇੱਕ ਸੀਟ ਖਾਲੀ ਸੀ। ਇਹੀ ਲੜਕੀ ਉਸ ਵਕਤ ਖੜ੍ਹੀ ਸੀ । ਉਹਦੇ ਨਾਲ ਦੇ ਮਰਦ ਨੇ ਉਹਨੂੰ ਬਹਿ ਜਾਣ ਲਈ ਕਿਹਾ ਵੀ ਪਰ ਉਹ ਨਾ ਬੈਠੀ। ਸ਼ਾਇਦ ਉਹ ਓਪਰੇ ਮਰਦਾਂ ਨਾਲ ਬਹਿਣ ਤੋਂ ਝਿਜਕਦੀ ਸੀ।

"ਚੱਲ ਤੂੰ ਏਥੇ ਬਹਿ ਜਾ, ਮੈਂ ਖੜ੍ਹਾ ਹੋ ਜਾਨੈ। ਦਸ ਵੀਹ ਮਿੰਟ ਦਾ ਤਾਂ ਰਾਸਤਾ ਹੈ ਸਾਰਾ।" ਉਹਦੇ ਸਾਥੀ ਨੇ ਉਹਦੀ ਸੋਚ ਨੂੰ ਸਮਝਦਿਆਂ ਕਿਹਾ, ਤੇ ਸੀਟ ਤੋਂ ਉੱਠ ਖੜਾ ਹੋਇਆ। ਵੈਸੇ ਵੀ ਸ਼ਾਇਦ ਉਨ੍ਹਾਂ ਨੇ ਕਿਸੇ ਨੇੜੇ ਦੇ ਪਿੰਡ ਹੀ ਉੱਤਰ ਜਾਣਾ ਸੀ।

" ਕੋਈ ਗੱਲ ਨ੍ਹੀਂ, ਮੈਂ ਖੜ੍ਹੀ ਈ ਠੀਕ ਆਂ। " ਉਹਨੇ ਉਸ ਮਰਦ ਨੂੰ ਕਿਹਾ ਸੀ। " ਮੈਂ ਬਹਿਣ ਨਾਲੋਂ ਖੜ੍ਹ ਕੇ ਜਿਆਦਾ ਖੁਸ਼ ਆਂ। ਜਦੋਂ ਵੀ ਮੈਂ ਸਫ਼ਰ ਕਰਾਂ, ਖੜ੍ਹਨਾਂ ਈ ਪਸੰਦ ਕਰਦੀ ਆਂ। ਤੁਸੀਂ ਬਹਿ ਜਾਉ। " ਲੜਕੀ ਨੇ ਜਵਾਬ ਦਿੱਤਾ ਸੀ।

ਉਹ ਆਦਮੀ ਆਖਿਰ ਬਹਿ ਗਿਆ ਸੀ।

ਮਿਸਟਰ ਗੁਪਤਾ ਬੜਾ ਚੁਸਤ ਚਲਾਕ ਤੇ ਹੱਸਮੁੱਖ ਸ਼ਖਸ਼ ਸੀ। ਉਹਦੀ ਨਜ਼ਰ ਲੜਕੀ ਦੀ ਹਰ ਅਦਾ ਨੂੰ ਦੇਖ ਰਹੀ ਸੀ ਤੇ ਉਹਦੇ ਅੰਗ ਅੰਗ 'ਤੇ ਚੱਕਰ ਕੱਟ ਰਹੀ ਸੀ। ਮੋਤੀਆਂ ਵਰਗੇ ਦੰਦ, ਅਨਾਰ ਦੀ ਤਰ੍ਹਾਂ ਖਿੜ ਜਾਂਦੇ ਜਦੋਂ ਉਹ ਹੱਸ ਹੱਸ ਗੱਲਾਂ ਕਰਦੀ। ਬੱਸ ਦੇ ਝਟਕਿਆਂ ਨਾਲ ਉਹਦੀਆਂ ਭਾਰੀਆਂ ਛਾਤੀਆਂ ਡਾਂਸ ਫਲੋਰ 'ਤੇ ਨੱਚਦੀਆਂ ਡਾਂਸਰਾਂ ਵਾਂਗ ਥਿਰਕ ਪੈਂਦੀਆਂ। ਦੋਵੇਂ ਹੱਥ ਛੱਤ ਦੇ ਡੰਡੇ ਨੂੰ ਪਾਈ ਉਹ ਪੀਂਘ 'ਤੇ ਚੜ੍ਹੀ ਹੁਲਾਰੇ ਲੈਂਦੀ ਕਿਸੇ ਮੁਟਿਆਰ ਵਾਂਗ ਲੱਗ ਰਹੀ ਸੀ। ਗੋਰਾ ਗੋਰਾ ਗੁਲਾਬੀ ਰੰਗ ਕਸ਼ਮੀਰੀ ਸੇਬ ਦੀ ਤਰ੍ਹਾਂ ਭਾਅ ਮਾਰ ਰਿਹਾ ਸੀ। ਫਿੱਕੇ ਪੀਲੇ ਪੋਲਿਸਟਰ ਦੇ ਸੂਟ ਵਿੱਚ ਉਹਦੀਆਂ ਛਾਤੀਆਂ ਨੂੰ ਲਪੇਟੀ ਬੈਠਾ ਲਾਲ ਬਰੇਜੀਅਰ ਡਾਕਟਰ ਚਾਵਲਾ ਨੂੰ ਝਰਨਾਹਟ ਛੇੜ ਰਿਹਾ ਸੀ। ਜਿਵੇਂ ਕੋਈ ਖਤਰੇ ਦਾ ਅਲਾਰਮ ਹੋਵੇ।

" ਸਾਡੇ ਨਾਲ ਜੁੜ ਕੇ ਬੈਠੋਂ ਤਾਂ ਤੈਨੂੰ ਵੀ ਕੁਛ ਪਤਾ ਲੱਗੇ ਦੀਨ ਦੁਨੀਆਂ ਦਾ । " ਡਾਕਟਰ ਨੂੰ ਕੁਹਣੀ ਮਾਰਦਿਆਂ ਗੁਪਤੇ ਨੇ ਕਿਹਾ।

" ਤੇ ਹੁਣ ਕੇੜ੍ਹਾ ਮੈਂ ਤੈਥੋਂ ਦੂਰ ਬੈਠਾਂ। ਲਾ ਲੈ ਜੋ ਪਤਾ ਲਾਉਣੈ। ਤੂੰ ਵੀ ਆਪਣਾ ਦਿਲ ਪਰਚਾ ਲੈ। " ਚਾਵਲਾ ਉਹਦੀ ਚਾਲ ਸਮਝਕੇ ਉਹਨੂੰ ਕਹਿਣ ਲੱਗਾ ਤਾਂ ਗੁਪਤੇ ਨੂੰ ਮੁੜ ਕੋਈ ਗੱਲ ਨਾ ਅਹੁੜੀ। ਬਾਰੀ 'ਚੋਂ ਆਉਂਦੀ ਤੇਜ਼ ਹਵਾ ਨਾਲ ਲੜਕੀ ਦੀ

ਕਮੀਜ਼ ਦਾ ਇੱਕ ਸਿਰਾ ਪੱਟਾਂ ਤੋਂ ਉੱਪਰ ਤੱਕ ਉੱਡ ਰਿਹਾ ਸੀ। ਕਈ ਵਾਰੀ ਉਸ ਨੇ ਇਸ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਫਿਰ ਉੱਡ ਜਾਂਦਾ। ਕਾਲੇ ਰੰਗ ਦਾ ਅੰਡਰਵੀਅਰ ਡਾਕਟਰ ਨੂੰ ਨਜ਼ਰ ਆਉਣ ਲੱਗਾ ਤਾਂ ਉਹ ਬੜੇ ਸਨੇਹ ਨਾਲ ਉਧਰ ਘੂਰਨ ਲੱਗ ਪਿਆ।

" ਇਸ ਤਰ੍ਹਾਂ ਕਿਉਂ ਦੇਖ ਰਹੇ ਹੋ ਡਾਕਟਰ ਸਾਬ੍ਹ। " ਗੁਪਤੇ ਨੇ ਹੌਲੀ ਜਿਹੇ ਕਿਹਾ। ਪਰ ਲੜਕੀ ਨੇ ਸੁਣ ਲਿਆ।

" ਪਿਆਰ ਨਾਲ ਈ ਦੇਖਦਾਂ ਚੰਦਰਿਆ, ਮੈਂ ਕੇੜ੍ਹਾ ਨਜ਼ਰ ਲਉਣ ਲੱਗਾਂ ਤੈਨੂੰ। " ਚਾਵਲਾ ਮੁਸਕਰਾਕੇ ਕਹਿਣ ਲੱਗਾ।

ਜਿੰਨਾ ਚਿਰ ਲੜਕੀ ਬੱਸ ਵਿੱਚ ਰਹੀ ਉਨ੍ਹਾਂ ਦੀ ਨੋਂਕ ਝੋਂਕ ਤੇ ਘੁਸਰ ਮੁਸਰ ਚੱਲਦੀ ਰਹੀ ਸੀ। ਉਸ ਦਿਨ ਉਨ੍ਹਾਂ ਦਾ ਦਿਨ ਸੋਹਣਾ ਬੀਤ ਗਿਆ।

ਤੇ ਇਸ ਤੋਂ ਬਾਅਦ ਇੱਕ ਦਿਨ ਡਾਕਟਰ ਆਪਣੇ ਹਸਪਤਾਲ ਦੇ ਕੈਬਿਨ ਵਿੱਚ ਬੈਠਾ ਸੀ ਕਿ ਉਹ ਲੜਕੀ ਉਹਦੇ ਕੋਲ ਆ ਗਈ।

" ਆਓ ਬੈਠੋ। ਕੀ ਗੱਲ ਐ ? ਕਿਸ ਤਰ੍ਹਾਂ ਆਏ ਹੋ ? ਕੀ ਮਰਜ਼ ਐ ? " ਡਾਕਟਰ ਉਹਨੂੰ ਕਈ ਸਵਾਲ ਕਰ ਗਿਆ। ਇਹ ਉਹਦੀ ਆਦਤ ਹੀ ਸੀ। ਮਰੀਜ਼ ਦੇ ਬੋਲਣ ਤੋਂ ਪਹਿਲਾਂ ਪਹਿਲਾਂ ਉਹ ਕਈ ਕੁਝ ਕਹਿ ਜਾਂਦਾ ਸੀ।

" ਜੀ.. ਜੀ .. ਮੈਂ ਤੁਹਾਡੇ ਕੋਲ ਇਲਾਜ ਲਈ ਆਈ ਹਾਂ। " ਲੜਕੀ ਨੇ ਝਿਜਕਦੇ ਝਿਜਕਦੇ ਕਿਹਾ।

" ਤੇ ਹੋਰ ਲੋਕੀ ਬਿਮਾਰ ਹੋਣ ਆਉਂਦੇ ਨੇ ਏਥੇ। ਕਿਸ ਰੋਗ ਦਾ ਇਲਾਜ ਕਰਨਾ ਹੈ ? "

" ਜੀ ਮੈਂ ਅਬਾਰਸ਼ਨ ਕਰਵਾਉਣਾ ਚਹੁੰਦੀ ਹਾਂ। " ਲੜਕੀ ਨੇ ਕਿਹਾ।

" ਅਬਾਰਸ਼ਨ ! ਜਾਣੀ ਗਰਭ ਗਿਰਾਉਣਾ। ਪਰ ਕਿਉਂ ? ਕੀ ਮਜਬੂਰੀ ਐ ਤੈਨੂੰ ਇਸ ਬਾਰੇ ? " ਡਾਕਟਰ ਲੜਕੀ ਦੇ ਮੂੰਹ ਵੱਲ ਦੇਖ ਰਿਹਾ ਸੀ ਜਿਹੜੀ ਨੀਵੀਂ ਪਾਈ ਫ਼ਰਸ਼ 'ਤੇ ਪੈਰ ਦਾ ਅੰਗੂਠਾ ਘਿਸਾ ਰਹੀ ਸੀ।

" ਮੇਰੀ... ਅਜੇ ਸ਼ਾਦੀ ਨਹੀਂ ਹੋਈ... ਮੈਂ ਇੱਕ ਲੜਕੇ ਨੂੰ ਪਿਆਰ ਕਰਦੀ ਸੀ ਤੇ ਅਸੀਂ ਸ਼ਾਦੀ ਕਰਵਾਉਣਾ ਚਾਹੁੰਦੇ ਸੀ। ਪਰ ਸਮੇਂ ਤੋਂ ਪਹਿਲਾਂ ਈ ਅਸੀਂ ਉਹ ਕਰ ਬੈਠੇ ਜੋ ਨਹੀਂ ਸੀ ਕਰਨਾ ਚਾਹੀਦਾ ਤੇ ਫਿਰ ਇਸ ਤਰ੍ਹਾਂ.....। ਸ਼ਾਦੀ ਕੀ ਪਤਾ ਕਦੋਂ ਹੋਵੇ, ਉਸ ਨਾਲ ਹੋਵੇ ਜਾਂ ਨਾ ਹੀ ਹੋਵੇ । ਕਿਸੇ ਨੂੰ ਪਤਾ ਲੱਗ ਗਿਆ ਤਾਂ... । " ਲੜਕੀ ਨੇ ਬਣੀ ਬਣਾਈ ਕਹਾਣੀ ਕਹਿ ਸੁਣਾਈ।

" ਡਾਕਟਰ ਜਾਨ ਦਿੰਦਾ ਐ ਲੈਂਦਾ ਨਈਂ। "

" ਪਰ ਮੈਂ ਮਜਬੂਰ ਹਾਂ ਡਾਕਟਰ..... ਇੱਜਤ ਦਾ ਸਵਾਲ ਐ । " ਲੜਕੀ ਦੀ ਅਵਾਜ ਵਿੱਚ ਤਰਲਾ ਸੀ।

" ਗੱਲ ਤਾਂ ਤੇਰੀ ਠੀਕ ਐ ਪਰ ਮੈਂ ਵੀ ਮਜਬੂਰ ਹਾਂ। ਘਰ ਦੇ ਕਿਸੇ ਸਿਆਣੇ ਬੰਦੇ ਤੋਂ ਬਿਨਾਂ... । "

ਡਾਕਟਰ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਲੜਕੀ ਰੋਣ ਲੱਗ ਪਈ ਸੀ।

"ਚੰਗਾ ਠੀਕ ਐ। ਹੁਣ ਰੋ ਨਾ। ਮੈਂ ਤੇਰੀ ਮੱਦਦ ਕਰ ਦਿਆਂਗਾ। ਪਰ ਖਰਚ ਬਹੁਤ ਆਏਗਾ। " ਡਾਕਟਰ ਨੇ ਆਪਣੀ ਫੀਸ ਦੱਸ ਦਿੱਤੀ। ਜੋ ਲੜਕੀ ਨੇ ਮੰਨ ਲਈ ਤੇ ਪੈਸੇ ਡਾਕਟਰ ਨੂੰ ਦੇ ਦਿੱਤੇ।

" ਕੀ ਨਾਂਅ ਏ ਤੇਰਾ ? "

" ਜੀ... ਉਰਮਿਲਾ ਦੇਵੀ। "

ਤੇ ਇਸ ਤੋਂ ਬਾਅਦ ਡਾਕਟਰ ਨੇ ਉਹਦਾ ਇਲਾਜ ਕਰ ਦਿੱਤਾ ਸੀ। ਇਸ ਤਰ੍ਹਾਂ ਤਾਂ ਰੋਜ ਹੀ ਹੁੰਦਾ ਸੀ। ਤੇ ਉਹ ਜਾਣਦਾ ਸੀ ਕਿ ਉਰਮਿਲਾ ਉਹਦਾ ਅਸਲੀ ਨਾਂਅ ਨਹੀਂ ਸੀ । ਕਿਉਂਕਿ ਇਸ ਤਰ੍ਹਾਂ ਦੇ ਇਲਾਜ ਲਈ ਜੋ ਵੀ ਲੜਕੀ ਉਸ ਕੋਲ ਆਉਂਦੀ ਸੀ ਉਹ ਆਪਣਾ ਨਾਂਅ ਬਦਲਕੇ ਹੀ ਦੱਸਦੀ ਸੀ।

ਪਰ ਇੱਕ ਦਿਨ ਫਿਰ ਉਹੀ ਲੜਕੀ ਉਸ ਕੋਲ ਅਬਾਰਸ਼ਨ ਲਈ ਆ ਗਈ । ਇਸ ਵਾਰ ਉਹ ਆਪਣੇ ਆਪ ਨੂੰ ਥੋੜ੍ਹਾ ਬਦਲਕੇ ਆਈ ਸੀ। ਪਰ ਡਾਕਟਰ ਨੂੰ ਲੱਗਾ ਜਿਵੇਂ ਉਸ ਨੇ ਉਹਨੂੰ ਪਹਿਲਾਂ ਕਿਤੇ ਦੇਖਿਆ ਹੋਇਆ ਹੈ। ਕਿਉਂਕਿ ਇੱਕ ਵਾਰ ਇਸ ਤਰ੍ਹਾਂ ਆਈ ਲੜਕੀ ਉਸ ਕੋਲ ਕਦੇ ਦੂਜੀ ਵਾਰ ਨਹੀਂ ਆਈ ਸੀ। ਜੇ ਆਈ ਵੀ ਹੋਊ ਤਾਂ ਉਸ ਨੇ ਕਦੇ ਨੋਟਿਸ ਨਹੀਂ ਲਿਆ ਸੀ। ਕਿਉਂਕਿ ਜੇ ਉਹ ਇੱਕ ਵਾਰ ਪ੍ਰੇਮ ਜ਼ਾਲ ਵਿੱਚ ਫਸੀ ਸੀ ਤਾਂ ਕੀ ਉਹ ਫਿਰ ਦੁਬਾਰਾ ਇਸ ਤਰ੍ਹਾਂ ਦੀ ਗਲਤੀ ਕਰ ਸਕਦੀ ਸੀ ?

" ਤੁਹਾਡਾ ਨਾਂਅ ? " ਡਾਕਟਰ ਨੇ ਪੁੱਛਿਆ।

" ਤਦਬੀਰ ਕੌਰ । " ਲੜਕੀ ਨੇ ਕਿਹਾ।

" ਕੀ ਤੁਸੀਂ ਪਹਿਲਾਂ ਵੀ ਕਦੇ ਅਬਾਰਸ਼ਨ ਕਰਵਾਇਆ ਹੈ ? " ਡਾਕਟਰ ਨੇ ਜਿਵੇਂ ਆਪਣੀ ਤਸੱਲੀ ਕਰਨੀ ਚਾਹੀ ਸੀ।

" ਜੀ... ਨਹੀਂ ਤਾਂ। ਮੈਂ ਤਾਂ ਇੱਕ ਮਜਬੂਰੀ ਕਰਕੇ ਆਈ ਆਂ " ਲੜਕੀ ਪਹਿਲਾਂ ਤਾਂ ਇਸ ਤਰ੍ਹਾਂ ਚੌਂਕੀ ਜਿਵੇਂ ਉਹਨੂੰ ਕਿਸੇ ਕੀੜੇ ਨੇ ਕੱਟ ਲਿਆ ਹੋਵੇ ਫਿਰ ਉਸ ਨੇ ਜਵਾਬ ਦਿੱਤਾ ਸੀ।

" ਕੀ ਮਜਬੂਰੀ ਹੈ ਤੁਹਾਨੂੰ ਇਸ ਬਾਰੇ ? "

" ਜੇ ਮੇਰੇ ਨਾਲ ਜਬਰਦਸਤੀ ਕੀਤੀ ਗਈ ਸੀ। ਮੇਰੇ ਨਾਲ ਬਲਾਤਕਾਰ ਹੋ ਗਿਆ ਸੀ। ਇੱਕ ਦਿਨ ਮੈਂ ਘਰ ਵਿੱਚ ਇਕੱਲੀ ਸੀ । ਬਾਹਰ ਮੀਂਹ ਪੈ ਰਿਹਾ ਸੀ ਕਿ ਇੱਕ ਆਦਮੀ ਬਿਜਲੀ ਦੇ ਮੀਟਰ ਦੀ ਰੀਡਿੰਗ ਲੈਣ ਘਰ ਆਇਆ। ਜਿਆਦਾ ਮੀਂਹ ਹੋਣ ਕਾਰਨ ਉਹ ਰੁਕ ਗਿਆ । ਜਦੋਂ ਉਹਨੇ ਦੇਖਿਆ ਕਿ ਘਰ ਵਿੱਚ ਹੋਰ ਕੋਈ ਨਹੀਂ ਹੈ ਤਾਂ ਕੱਲੀ ਦੇਖ ਕੇ ਉਹ ਮੈਨੂੰ ਆ ਪਿਆ। ਮੈਂ ਬਥੇਰਾ ਕਲਪੀ, ਪਰ ਉਸ ਨੇ ਮੇਰੀ ਕੋਈ ਨਾ ਸੁਣੀ। ਡਾਕਟਰ ਮੈਂ ਕੀ ਕਰਦੀ। ਜੇ ਮੈਂ ਰੌਲਾ ਪਾਉਂਦੀ ਤਾਂ ਬਦਨਾਮ ਹੋ ਜਾਂਦੀ। ਮੈਂ ਸਭ ਕੁਝ ਸਹਿ ਲਿਆ। ਹੁਣ ਉਹਦਾ ਪਾਪ ਮੇਰੇ ਅੰਦਰ ਪਲ ਰਿਹਾ। ਪਰ ਮੈਂ ਬਿਨ ਵਿਆਹੀ ਮਾਂ ਨਹੀਂ ਬਣ ਸਕਦੀ। ਮੇਰੀ ਸ਼ਾਦੀ ਵੀ ਪੱਕੀ ਹੋ ਗਈ ਆ। ਡਾਕਟਰ ਮੈਨੂੰ ਬਚਾਓ । ਮੈਨੂੰ ਬਚਾਓ ਡਾਕਟਰ। " ਲੜਕੀ ਹਟਕੋਰੇ ਭਰ ਭਰ ਰੋਣ ਲੱਗ ਪਈ ਸੀ ।

ਡਾਕਟਰ ਨੇ ਉਸ ਨੂੰ ਇਸ ਤੋਂ ਮੁਕਤ ਕਰ ਦਿੱਤਾ ਸੀ। ਇਸ ਬਾਰੇ ਉਸ ਨੇ ਜਿਆਦਾ ਸੋਚਿਆ ਵੀ ਨਹੀਂ ਸੀ। ਹੋ ਸਕਦਾ ਸੀ ਕਿ ਇਹ ਲੜਕੀ ਪਹਿਲੀ ਦੀ ਹਮਸ਼ਕਲ ਹੋਵੇ.। ਤੇ ਜਾਂ ਫਿਰ ਉਹਦੇ ਨਾਲ ਰਲਦੀ ਮਿਲਦੀ ਲੱਗਦੀ ਹੋਵੇ। ਵੈਸੇ ਵੀ ਡਾਕਟਰ ਨੂੰ ਤਾਂ ਆਪਣੀ ਫੀਸ ਤੱਕ ਮਤਲਬ ਸੀ। ਉਹ ਉਸ ਨੂੰ ਮਿਲ ਗਈ ਸੀ। ਉਹਦੇ ਵੱਲੋਂ ਤਾਂ ਭਾਂਵੇ ਇਸ ਤਰ੍ਹਾਂ ਰੋਜ਼ ਹੁੰਦਾ ਰਹੇ।

ਤੀਸਰੀ ਵਾਰ ਉਹ ਲੜਕੀ ਉਹਦੇ ਕੈਬਿਨ ਵਿੱਚ ਫਿਰ ਆ ਗਈ। ਤੇ ਉਹ ਵੀ ਅਬਾਰਸ਼ਨ ਕਰਾਉਣ ਲਈ ਹੀ। ਡਾਕਟਰ ਬੁਰੀ ਤਰ੍ਹਾਂ ਚੌਂਕ ਗਿਆ। ਹੁਣ ਉਹ ਇਹ ਸੋਚਣ ਲਈ ਮਜਬੂਰ ਹੋ ਗਿਆ ਸੀ ਕਿ ਇਹ ਲੜਕੀ ਏਨੇ ਅਬਾਰਸ਼ਨ ਕਿਉਂ ਕਰਵਾ ਰਹੀ ਸੀ। ਉਹੀ ਸ਼ਕਲ, ਉਹੀ ਚਾਲ ਢਾਲ ਤੇ ਬੋਲਣ ਦਾ ਢੰਗ। ਕੀ ਇੱਕੋ ਚਿਹਰੇ ਦੀਆਂ ਤਿੰਨ ਲੜਕੀਆਂ ਹੋ ਸਕਦੀਆਂ ਹਨ ? ਦੋ ਤਾਂ ਸੁਣੀਆਂ ਸੀ, ਪਰ ਤਿੰਨ.... ਤੇ ਉਹ ਵੀ ਉਸ ਦੇ ਹਸਪਤਾਲ ਵਿੱਚ।

" ਹੁਣ ਕੀ ਗੱਲ ਐ ਉਰਮਿਲਾ ਜੀ? " ਡਾਕਟਰ ਨੇ ਸੁਭਾਵਿਕ ਪੁੱਛਿਆ। ਜਿਵੇਂ ਕੋਈ ਕਿਸੇ ਜਾਣਦੇ ਬੁੱਝਦੇ ਸ਼ਖਸ਼ ਨੂੰ ਪੁੱਛ ਲੈਂਦਾ ਹੈ।

" ਉਰਮਿਲਾ ਨਈਂ ! ਸ਼ੁਸ਼ੀਲ ਕਾਂਤਾ ਹੈ ਨਾਂਅ ਮੇਰਾ। " ਲੜਕੀ ਨੇ ਬੜੀ ਟਿਕਵੀਂ ਅਵਾਜ ਵਿੱਚ ਕਿਹਾ।

" ਤੇ ਤੂੰ ਮੇਰੇ ਕੋਲ ਮਜਬੂਰੀ ਵੱਸ ਆਈਂ ਏਂ। " ਡਾਕਟਰ ਨੇ ਵੀ ਉਸੇ ਲਹਿਜੇ ਵਿੱਚ ਕਿਹਾ।

" ਹਾਂ ! ਮੈਂ ਇੱਕ ਨਜਾਇਜ ਬੱਚੇ ਦੀ ਮਾਂ ਬਣਨ ਵਾਲੀ ਹਾਂ। " ਲੜਕੀ ਬੋਲੀ ਸੀ।

" ਤੇ ਤੂੰ ਮਾਂ ਬਣਨਾ ਨ੍ਹੀਂ ਚਾਹੁੰਦੀ। " ਡਾਕਟਰ ਨੇ ਉਹਦੀ ਗੱਲ ਕੱਟਦਿਆਂ ਕਿਹਾ। " ਪਰ ਕਿਉਂ ? ਕੀ ਕਾਰਨ ਹੈ ? "

" ਕਾਰਨ ...... । " ਲੜਕੀ ਜ਼ੋਰ ਨਾਲ ਹੱਸ ਪਈ। ਕਿੰਨਾ ਹੀ ਚਿਰ ਉਹ ਹੱਸਦੀ ਰਹੀ। " ਕਾਰਨ ਤਾਂ ਸਾਫ ਹੈ ਡਾਕਟਰ। ਕੌਣ ਐਵੇਂ ਬੱਚੇ ਪੈਦਾ ਕਰੀ ਜਾਵੇ। ਤੇ ਕਰੀਏ ਵੀ ਤਾਂ ਕਿਸ ਲਈ ਕਰੀਏ। ਇਹ ਤਾਂ ਸਾਡਾ ਧੰਦਾ ਆ। ਬਥੇਰਾ ਬਚੀ ਦਾ। ਪਰ ਕਈ ਵਾਰੀ ਗਾਹਕ ਦੀ ਮਰਜੀ ਵੀ ਚੱਲ ਜਾਂਦੀ ਆ। ਸ਼ੁਗਲ ਸ਼ੁਗਲ ਵਿੱਚ ਇਸ ਤਰ੍ਹਾਂ ਹੋ ਜਾਂਦੈ। ਸ਼ੁਗਲ ਨਾਲ ਅਸੀਂ ਇਸ ਦਾ ਇੰਤਜ਼ਾਮ ਕਰ ਲਈਦਾ। " ਲੜਕੀ ਬਿਨਾਂ ਕਿਸੇ ਝਿਜਕ ਕਹਿ ਗਈ।

" ਇਹ ਕਿਸ ਤਰ੍ਹਾਂ ਦਾ ਸ਼ੁਗਲ ਐ ? ਤੁਸੀਂ ਆਪਣੀਆਂ ਜਿੰਦਗੀਆਂ ਖਰਾਬ ਕਰਦੀਆਂ ਹੋ। ਪੈਸਾ ਬਰਬਾਦ ਕਰਦੀਆਂ ਹੋ। ਇਹ ਕੀ ਮਜ਼ਾਕ ਐ ? " ਡਾਕਟਰ ਚਾਵਲਾ ਉਹਦੀ ਗੱਲ ਸੁਣ ਕੇ ਹੈਰਾਨ ਹੋ ਗਿਆ ਸੀ। ਪਰ ਫਿਰ ਵੀ ਉਹ ਨਸੀਹਤ ਦੇਣੋਂ ਆਪਣੇ ਆਪ ਨੂੰ ਰੋਕ ਨਾ ਸਕਿਆ।

" ਪੈਸਾ ! ਕਿਸਦਾ ਪੈਸਾ ? ਪੈਸਾ ਤਾਂ ਹੱਥਾਂ ਦੀ ਮੈਲ ਆ ਡਾਕਟਰ। ਨਾਲੇ ਅਸੀਂ ਕਿਹੜਾ ਇਹ ਪਾਈ ਪਾਈ ਕਰਕੇ ਜੋੜਿਆ ਹੁੰਦਾ। ਕੁਝ ਸਮੇਂ 'ਚ ਹੀ ਨੋਟ ਹੀ ਨੋਟ

ਹੋ ਜਾਂਦੇ ਆ। ਫਿਰ ਜਿਸ ਤਰ੍ਹਾਂ ਇਹ ਆਉਂਦੇ ਆ , ਉਸੇ ਤਰ੍ਹਾਂ ਖਰਚ ਹੋ ਜਾਂਦੇ ਆ। ਅੱਛਾ ਡਾਕਟਰ ! ਚਲੋ ਛੱਡੋ ਇਨ੍ਹਾਂ ਗੱਲਾਂ ਨੂੰ , ਤੁਸੀਂ ਆਪਣੀ ਕਾਰਵਾਈ ਕਰੋ ਤੇ ਮੈਨੂੰ ਛੇਤੀ ਵਿਹਲੀ ਕਰੋ। " ਲੜਕੀ ਉੱਠ ਕੇ ਖੜੀ ਹੋ ਗਈ। ਤੇ ਉਸ ਪਰਦੇ ਦੇ ਪਿੱਛੇ ਜਾ ਵੜ੍ਹੀ ਜਿੱਥੇ ਡਾਕਟਰ ਨੇ ਉਹਦਾ ਚੈੱਕ ਅੱਪ ਕਰਨਾ ਸੀ।

ਡਾਕਟਰ ਚਾਵਲਾ ਨੇ ਐਨਕ ਲਾਹ ਕੇ ਉਹਦੇ ਸ਼ੀਸ਼ੇ ਸਾਫ਼ ਕੀਤੇ ਤੇ ਫਿਰ ਅੱਖਾਂ 'ਤੇ ਸਜਾ ਲਈ। ਉਹਨੂੰ ਲੱਗਾ ਜਿਵੇਂ ਲੜਕੀ ਉਸ ਨਾਲ ਹੀ ਮਜ਼ਾਕ ਕਰ ਗਈ ਹੋਵੇ।

ਪਰ ਅੱਜ ਉਹੀ ਲੜਕੀ ਫਿਰ ਉਸਦੇ ਸਾਹਮਣੇ ਸੀ । ਹੱਥ ਮਿਲਾਉਣ ਤੋਂ ਬਾਅਦ ਉਹਦਾ ਦੋਸਤ ਰਫੀਕ ਉਹਦੇ ਸਾਹਮਣੇ ਪਈ ਕੁਰਸੀ ਉੱਪਰ ਬਹਿ ਚੁੱਕਾ ਸੀ। ਪਰ ਡਾਕਟਰ ਦਾ ਧਿਆਨ ਅਜੇ ਵੀ ਉਸੇ ਲੜਕੀ ਵੱਲ ਲੱਗਾ ਹੋਇਆ ਸੀ।

"ਉਧਰ ਕੀ ਘੂਰ ਰਿਹਾ ਏਂ ਚਾਵਲਾ?"ਉਸਦੇ ਦੋਸਤ ਰਫੀਕ ਨੇ ਉਹਨੂੰ ਟੋਕਿਆ।

" ਕੁਛ ਨ੍ਹੀਂ, ਐਵੇਂ ਤੱਕ ਰਿਹਾ ਸੀ। ਲੜਕੀ ਬਹੁਤ ਸੁੰਦਰ ਹੈ ਨਾ। " ਡਾਕਟਰ ਨੇ ਝੇਂਪਦਿਆਂ ਕਿਹਾ। ਉਹਨੂੰ ਲੱਗਾ ਜਿਵੇਂ ਕਿਸੇ ਨੇ ਉਹਨੂੰ ਚੋਰੀ ਕਰਦਿਆਂ ਫੜ ਲਿਆ ਹੋਵੇ।

" ਲੜਕੀ ਨਈ੍ਹਂ ਡਾਕਟਰ, ਮਿਸਿਜ਼ ਭਟਨਾਗਰ ਕਹਿ। ਰੂਪਵਤੀ ਨਾਂਅ ਹੈ ਇਸਦਾ। ਦਿਲ ਦੀਆਂ ਲੱਗੀਆਂ ਦਾ ਮਾਮਲਾ ਐ। ਕਹਿੰਦੇ ਆ ਸਿਰੇ ਦੀ ਕਾਲ ਗਰਲ ਰਹਿ ਚੁੱਕੀ ਆ। ਪਤਾ ਨ੍ਹੀਂ ਭਟਨਾਗਰ ਨੂੰ ਕੀ ਚੰਗਾ ਲੱਗਾ। ਕਈ ਕਹਿੰਦੇ ਆ ਰੂਪਵਤੀ ਨੇ ਹੀ ਫਸਾ ਲਿਆ ਆਪਣੇ ਚੱਕਰ ਵਿੱਚ । ਕੁਝ ਦਿਨ ਹੀ ਹੋਏ ਆ ਸ਼ਾਦੀ ਹੋਈ ਨੂੰ। ਹੁਣੇ ਹੁਣੇ ਹਨੀਮੂਨ ਤੋਂ ਵਾਪਿਸ ਪਰਤੇ ਆ। " ਰਫੀਕ ਨੇ ਡਾਕਟਰ ਚਾਵਲਾ ਨੂੰ ਜਾਣੂ ਕਰਵਾਉਂਦਿਆਂ ਕਿਹਾ।

ਡਾਕਟਰ ਨੇ ਨਜ਼ਰ ਉਠਾ ਕੇ ਲੜਕੀ ਵੱਲ ਦੇਖਿਆ ਜਿਹੜੀ ਐਚ. ਆਰ. ਭਟਨਾਗਰ ਦੀ ਬਾਂਹ ਵਿੱਚ ਬਾਂਹ ਪਾਈ ਹਾਲ ਤੋਂ ਬਾਹਰ ਜਾ ਰਹੀ ਸੀ। ਡਾਕਟਰ ਅਜੇ ਵੀ ਉਸੇ ਬਾਰੇ ਸੋਚ ਰਿਹਾ ਸੀ। ਜਿਹੜੀ ਉਸ ਕੋਲ ਉਰਮਿਲਾ, ਤਦਬੀਰ ਕੌਰ ਤੇ ਸ਼ੁਸ਼ੀਲ ਕਾਂਤਾ ਬਣ ਕੇ ਆ ਚੁੱਕੀ ਸੀ ਤੇ ਹੁਣ ਰੂਪਵਤੀ ਬਣ ਭਟਨਾਗਰ ਨੂੰ ਆ ਚਿੰਬੜੀ ਸੀ। ਡਾਕਟਰ ਨੂੰ ਇਹ ਵੀ ਮਜ਼ਾਕ ਹੀ ਲੱਗ ਰਿਹਾ ਸੀ।

ਉਹ ਸੋਚ ਰਿਹਾ ਸੀ ਜਿਹੜੀ ਕੱਲ੍ਹ ਆਪਣੇ ਆਪ ਨਾਲ ਮਜ਼ਾਕ ਕਰ ਰਹੀ ਸੀ, ਅੱਜ ਸ਼੍ਰੀ ਭਟਨਾਗਰ ਦੀ ਜਿੰਦਗੀ ਨਾਲ ਵੀ ਮਜ਼ਾਕ ਨਾ ਕਰ ਰਹੀ ਹੋਵੇ। ਸ਼ੁਗਲ ਕਰ ਰਹੀ ਹੋਵੇ। ਅਬਾਰਸ਼ਨ ਤਾਂ ਮਜਬੂਰੀ 'ਚ ਫਸੀਆਂ ਔਰਤਾਂ ਨੂੰ ਨਵੀਂ ਜਿੰਦਗੀ ਦੇਣ ਲਈ ਚੁਣਿਆ ਗਿਆ ਇਲਾਜ ਸੀ ਜਿਸ ਨੂੰ ਇਹੋ ਜਿਹੀਆਂ ਨੇ ਮਜ਼ਾਕ ਬਣਾ ਕੇ ਰੱਖ ਦਿੱਤਾ ਸੀ। ਜੇ ਸਾਰੀਆਂ ਹੀ ਲੜਕੀਆਂ ਇਸ ਤਰ੍ਹਾਂ ਦੇ ਮਜ਼ਾਕ ਕਰਨ ਲੱਗ ਪੈਣ ਤਾਂ ਅਬਾਰਸ਼ਨ ਸ਼ਬਦ ਹੀ ਬਦਨਾਮ ਹੋ ਕੇ ਰਹਿ ਜਾਵੇਗਾ। ਅਬਾਰਸ਼ਨ ....... ਅਬਾਰਸ਼ਨ....... ਅਬਾਰਸ਼ਨ.......ਇਹ ਅਵਾਜ਼ ਉਹਦੇ ਕੰਨਾਂ ਵਿੱਚ ਗੂੰਜਣ ਲੱਗ ਪਈ। ਡਾਕਟਰ ਨੇ ਆਪਣੇ ਦੋਵੇਂ ਹੱਥ ਕੰਨਾਂ ਉੱਪਰ ਰੱਖ ਲਏ।

●♣●–



# ਚਿੱਤ ਨ੍ਹੀਂ ਲੱਗਦਾ

(1)

ਇੱਕ ਬੇਨਾਮ ਜਿਹਾ ਖ਼ਤ ਮੇਰੀ ਮੇਜ਼ ’ਤੇ ਪਿਆ ਆਪਣੀ ਕਿਸਮਤ ਨੂੰ ਕੋਸ ਰਿਹਾ ਸੀ। ਨਿਰਦੋਸ਼ ਕੈਦੀ ਦੀ ਤਰ੍ਹਾਂ ਪਹਿਲਾਂ ਤਾਂ ਉਹ ਮੇਰੀ ਜੇਬ ਵਿੱਚ ਗੁੱਛਾ ਮੁੱਛਾ ਕਰਕੇ ਤੁੰਨਿਆਂ ਰਿਹਾ ਤੇ ਹੁਣ ਬਾਹਰ ਆ ਕੇ ਵੀ ਅਜੇ ਤੱਕ ਪੜ੍ਹਨ ਖੁਣੋਂ ਪਿਆ ਸੀ। ਤੁਸੀਂ ਪੁੱਛੋਗੇ ਬਈ ਕੀ ਕਾਰਨ । ਕਾਰਨ ਤਾਂ ਹੁੰਦਾ ਹੀ ਹੈ ਕੋਈ ਨਾ ਕੋਈ। ਅਸਲ ’ਚ ਮੈਂ ਇਸ ਨੂੰ ਪੜ੍ਹਨਾ ਹੀ ਨਈ੍ਹਂ ਸੀ ਚਾਹੁੰਦਾ। ਇਸ ਦੀ ਮੇਹਰਬਾਨੀ ਸਦਕਾ ਹੀ ਮੇਰਾ ਦਿਲ ਤੇ ਦਿਮਾਗ ਸਾਰੀ ਰਾਤ ਆਪਸ ਵਿੱਚ ਗੁੱਥਮਗੁੱਥਾ ਹੁੰਦੇ ਰਹੇ ਸੀ। ਖੈਰ ਦਿਲ ’ਤੇ ਤਾਂ ਇਸ ਦਾ ਕੋਈ ਖਾਸ ਅਸਰ ਨਈ੍ਹਂ ਸੀ ਹੋਇਆ, ਪਰ ਦਿਮਾਗ ਇਸ ਮਾਰ ਵਿੱਚ ਬੁਰੀ ਤਰ੍ਹਾਂ ਘਾਇਲ ਹੋਇਆ ਸੀ। ਮੈਨੂੰ ਸਮਝ ਨ੍ਹੀਂ ਸੀ ਆਉਂਦੀ ਕਿ ਕੀ ਕਰਾਂ। ਸੋਚਾਂ ਨਾਲ ਮੇਰਾ ਸਿਰ ਪਾਟਣਾ ਆ ਗਿਆ ਸੀ। ਇੱਕ ਵਾਰੀ ਤਾਂ ਮੇਰਾ ਹੱਥ ਖ਼ਤ ਵੱਲ ਕਾਹਲੀ ਨਾਲ ਦੌੜਿਆ ਕਿ ਇਸ ਦੇ ਪਾੜ ਕੇ ਟੋਟੇ ਟੋਟੇ ਕਰ ਦਿਆਂ। ਪਰ ਅਗਲੇ ਹੀ ਪਲ ਇੱਕ ਅਵਾਜ਼ ਅੰਦਰੋਂ ਚੀਕ ਮਾਰ ਉੱਠਦੀ। ‘ਜ਼ਰਾ ਰੁਕ ਜਾ ਸੱਜਣਾ! ਕਾਹਲੀ ਤੇ ਗੁੱਸਾ ਚੰਗਾ ਨ੍ਹੀਂ ਹੁੰਦਾ, ਪਹਿਲਾਂ ਪੜ੍ਹ ਤਾਂ ਲੈ। ’

ਮੈਂ ਸਿਗਰਟ ਦਾ ਪੈਕਟ ਕੱਢ ਕੇ ਇੱਕ ਸਿਗਰਟ ਸੁਲਗਾਈ ਤੇ ਖ਼ਤ ਚੁੱਕ ਕੇ ਪੜ੍ਹਨ ਲੱਗ ਪਿਆ। ਜਿਉਂ ਜਿਉਂ ਮੈਂ ਖ਼ਤ ਪੜ੍ਹਦਾ ਜਾਂਦਾ ਸੀ, ਮੇਰਾ ਦਿਲ ਖ਼ਾਮੋਸ਼ੀ ਦੇ ਰਾਸਤੇ ਦੌੜਦਾ ਰਿਹਾ। ਮੈਨੂੰ ਖ਼ਤ ’ਚੋਂ ਕੁਝ ਵੀ ਪਿੜ ਪੱਲੇ ਨਈ੍ਹਂ ਸੀ ਪੈ ਰਿਹਾ। ਪਰ ਜਿੰਨਾ ਕੁ ਪਿਆ, ਉਸ ਨੇ ਮੇਰਾ ਅੰਦਰ ਹਲੂਣ ਕੇ ਰੱਖ ਦਿੱਤਾ। ਇਹ ਕੋਈ ਖ਼ਤ ਨਹੀਂ ਸੀ, ਇੱਕ ਕਹਾਣੀ ਸੀ। ਗੁੱਝੀ ਟਕੋਰ ਸੀ। ਇੱਕ ਗਿਲਾ ਸੀ, ਨਹੋਰਾ ਸੀ ਤੇ ਇੱਕ ਲਲਕਾਰ ਵੀ।

ਤੇ ਖ਼ਤ ਦੀ ਖਾਸੀਅਤ ਇਹ ਸੀ ਇਸ ਨੂੰ ਲਿਖਣ ਵਾਲਾ ਕਾਫੀ ਚੰਚਲ, ਗਮਗੀਨ ਤੇ ਦਇਆ ਦਾ ਪਾਤਰ ਲੱਗਦਾ ਸੀ। ਸ਼ਾਇਦ ਉਹ ਖ਼ਤ ਲਿਖਣ ਤੋਂ ਪਹਿਲਾਂ ਰੋਇਆ ਵੀ ਹੋਵੇ। ਉਂਜ ਚਾਹੇ ਉਸ ਨੇ ਅੱਖਾਂ ’ਚੋਂ ਹੰਝੂ ਕਿਰਨ ਤੋਂ ਪਹਿਲਾਂ ਹੀ ਅੰਦਰੇ ਅੰਦਰ ਪੀ ਲਏ ਹੋਣ। ਪਰ ਉਸ ਦਾ ਦਿਲ ਕਾਫੀ ਦੇਰ ਤੱਕ ਰੋਂਦਾ ਰਿਹਾ ਹੋਵੇਗਾ।

ਜਿਵੇਂ ਇਸ ਖ਼ਤ ਦੀਆਂ ਲਾਈਨਾਂ ਹੀ ਕਹਿੰਦੀਆਂ ਹਨ। “ ਜਿਵੇਂ ਹੀ ਮੈਂ ਡਾਇਰੀ ’ਚ ਲਿਖੀਆਂ ਲਾਈਨਾਂ ਪੜ੍ਹੀਆਂ, ਡਾਇਰੀ ਮੇਰੇ ਹੱਥੋਂ ਛੁੱਟ ਕੇ ਹੇਠਾਂ ਡਿੱਗ ਪਈ।

ਮੇਰਾ ਰੋਣ ਨਿਕਲ ਗਿਆ। ਮੇਰਾ ਮੂੰਹ ਮੇਰੇ ਹੱਥਾਂ ਦੇ ਘੇਰੇ ਵਿੱਚ ਲੁਕ ਗਿਆ। ਮੈਨੂੰ ਸਾਰੀ ਰਾਤ ਨੀਂਦ ਨਹੀਂ ਆਈ। ਮੈਂ ਸੋਚਿਆ ਵੀ ਨਹੀਂ ਸੀ ਕਿ ਤੁਸੀਂ ਇਸ ਤਰ੍ਹਾਂ ਸੋਚੋਗੇ। ”

ਇਹ ਗੱਲ ਅੱਜ ਤੋਂ ਚੌਵੀ ਪੱਚੀ ਸਾਲ ਪੁਰਾਣੀ ਹੈ। ਅੱਸੀ ਇਕਆਸੀ ਦੀ । ਜਦੋਂ ਉਹ ਸੰਗਰੂਰ ਤੋਂ ਬਦਲ ਕੇ ਦਰਿਆ ਬਿਆਸ ਦੇ ਕੰਢੇ ਵੱਸਦੇ ਤਹਿਸੀਲ ਸੁਲਤਾਨਪੁਰ ਲੋਧੀ ਦੇ ਇਸ ਪਿੰਡ ਦੇ ਸਕੂਲ ਵਿੱਚ ਆਈ ਸੀ। ਹਿੰਦੀ ਟੀਚਰ ਸੀ। ਉਹਦੇ ਮਾਪੇ ਇੱਥੇ ਕਪੂਰਥਲੇ ਸ਼ਹਿਰ ਵਿੱਚ ਹੀ ਰਹਿੰਦੇ ਸੀ। ਮੈਂ ਇਸ ਸਕੂਲ ਵਿੱਚ ਕਲਰਕ ਦੀ ਪੋਸਟ ’ਤੇ ਕੰਮ ਕਰ ਰਿਹਾ ਸੀ। ਜਦੋਂ ਹਾਜਰੀ ਰਿਪੋਰਟ ਲਿਖਣ ਲਈ ਉਹ ਮੇਰੇ ਦਫਤਰ ਵਿੱਚ ਆਈ ਤਾਂ ਉਹਦੀ ਬੋਲ ਚਾਲ ਤੋਂ ਮੈਨੂੰ ਉਹਦਾ ਸੁਭਾਅ ਹੱਸਣ ਖੇਡਣ ਤੇ ਮਿਲਣਸਾਰ ਲੱਗਾ ਸੀ।

ਉਸ ਤੋਂ ਪਹਿਲਾਂ ਉਸ ਵਾਂਗ ਹੀ ਕਈ ਹੋਰ ਵੀ ਮਿਲੇ ਸੀ। ਤੇ ਉਹ ਜਿਸ ਤਰ੍ਹਾਂ ਆਏ ਉਸੇ ਤਰ੍ਹਾਂ ਚਲੇ ਗਏ। ਮੈਂ ਕਿਸੇ ਵੱਲ ਜਿਆਦਾ ਵਧਦਾ ਵੀ ਨਈਂ। ਮੇਰਾ ਇਹ ਨਿਯਮ ਰਿਹਾ ਹੈ ਕਿ ਮੈਂ ਜਿਸ ਨੂੰ ਵੀ ਮਿਲਦਾਂ ਬਿਨਾਂ ਕਿਸੇ ਮਤਲਬ ਦੇ ਹੀ ਮਿਲਦਾ ਹਾਂ। ਤੇ ਕਿਸੇ ਕਪਟ ਤੋਂ ਬਿਨਾਂ ਵੀ। ਜੇ ਅਗਲਾ ਮੇਰੇ ਵੱਲ ਇੱਕ ਕਦਮ ਵਧਦਾ ਹੈ ਤਾਂ ਮੈਂ ਉਸ ਵੱਲ ਦੋ ਕਦਮ ਵਧਾਉਣ ਤੋਂ ਵੀ ਸੰਕੋਚ ਨਹੀਂ ਕਰਦਾ। ਪਰ ਜੇ ਅਗਲਾ ਇੱਕ ਕਦਮ ਪਿਛਾਂਹ ਹੱਟਦਾ ਤਾਂ ਮੈਂ ਉਸ ਤੋਂ ਚਾਰ ਕਦਮ ਪਿਛਾਂਹ ਖਿੱਚਣ ਦੀ ਕੋਸ਼ਿਸ਼ ਕਰਦਾ ਹਾਂ।

ਥੋੜ੍ਹੇ ਜਿਹੇ ਦਿਨਾਂ ’ਚ ਹੀ ਮੈਂ ਦੇਖਿਆ ਉਹ ਮੇਰੇ ਵੱਲ ਹੱਦੋਂ ਵੱਧ ਵਧ ਰਹੀ ਸੀ। ਸ਼ਕਲ ਸੂਰਤ ਤੋਂ ਉਹ ਕੋਈ ਏਨੀ ਹੁਸੀਨ ਨਹੀਂ ਸੀ ਕਿ ਕੋਈ ਪਹਿਲੀ ਨਜ਼ਰੇ ਹੀ ਉਹਦੇ ਵੱਲ ਖਿੱਚਿਆ ਜਾਵੇ। ਰੰਗ ਵੀ ਥੋੜ੍ਹੀ ਜਿਹੀ ਕਾਲੀ ਭਾਹ ਮਾਰਦਾ ਸੀ। ਤੀਹ ਬੱਤੀ ਸਾਲ ਉਮਰ ਦੀ ਲੱਗਦੀ ਸੀ ਉਹ। ਮੇਰੇ ਨਾਲੋਂ ਕਈ ਸਾਲ ਵੱਡੀ ਸੀ। ਨੇੜਤਾ ਲਈ ਮੈਂ ਕਦੇ ਉਮਰ ਦੇ ਚੱਕਰਾਂ ਵਿੱਚ ਨਹੀਂ ਪਿਆ। ਮੇਰੀ ਬਹਿਣੀ ਉੱਠਣੀ ਹਮੇਸ਼ਾਂ ਆਪਣੇ ਤੋਂ ਵੱਡੀ ਉਮਰ ਦੇ ਲੋਕਾਂ ਨਾਲ ਹੀ ਰਹੀ ਹੈ। ਬੰਦਾ ਕੁਝ ਨਾ ਕੁਝ ਸਿੱਖਦਾ ਹੀ ਹੈ ਉਨ੍ਹਾਂ ਦੀ ਸੰਗਤ ’ਚੋਂ। ਸ਼ਕਲਾਂ ’ਚ ਕੀ ਰੱਖਿਆ। ਉਹ ਆਪਣੇ ਆਪ ਨੂੰ ਬੜਾ ਸੰਵਾਰਨ ਦੀ ਕੋਸ਼ਿਸ਼ ਕਰਦੀ, ਪਰ ਜਚਦੀ ਨਾ। ਸੈਕਸ ਅਪੀਲ ਤਾਂ ਹੈ ਈ ਨਹੀਂ ਸੀ ਉਹਦੇ ਵਿੱਚ । ਪਤਾ ਨਹੀਂ ਕਿਸ ਨੇ ਉਹਦਾ ਨਾਂ ਪ੍ਰੀਤ ਰੱਖ ਦਿੱਤਾ ਸੀ। ਇੱਕ ਅਜੀਬ ਤਰ੍ਹਾਂ ਦੀ ਭੁੱਖ ਜਿਹੀ, ਪਿਆਸ ਜਿਹੀ ਉਹਦੀਆਂ ਨਜ਼ਰਾਂ ’ਚ ਹਰ ਵੇਲੇ ਛਾਈ ਰਹਿੰਦੀ। ਜਿਸ ਬਾਰੇ ਅੱਜ ਤੱਕ ਮੈਂ ਕਦੇ ਸੋਚਿਆ ਵੀ ਨਹੀਂ ਸੀ।

ਮੇਰਾ ਸੁਭਾਅ ਪਹਿਲਾਂ ਤੋਂ ਹੀ ਸ਼ੁਗਲੀਆ ਰਿਹਾ ਹੈ। ਫਜੂਲ ਦਾ ਬੋਝ ਮੈਂ ਮਨ ਉੱਪਰ ਕਦੇ ਨਹੀਂ ਪੈਣ ਦਿੰਦਾ। ਮੈਂ ਨਹੀਂ ਚਾਹੁੰਦਾ ਸੀ ਕਿ ਮੈਂ ਇਸ ਤਰ੍ਹਾਂ ਦੀ ਕਿਸੇ ਤੋਹਮਤ ਦੀ ਵਜਹ ਨਾਲ ਜਲੀਲ ਹੋਵਾਂ। ਮੇਰੇ ਸਾਥੀਆਂ ਦੀ ਨਿਗਾਹ ਸਾਡੇ ਉੱਤੇ ਪੈ ਗਈ ਸੀ। ਤੇ ਉਹ ਮੈਨੂੰ ਇਸ ਬਾਰੇ ਛੇੜਦੇ ਵੀ ਰਹਿੰਦੇ। ਮੈਂ ਗੱਲ ਆਈ ਗਈ ਕਰ ਦਿੰਦਾ। ਤੀਵੀਂ ਨੂੰ ਤੀਵੀਂ ਕਹਿੰਦੀ ਸ਼ਾਇਦ ਅਜੇ ਜਕ ਜਾਂਦੀ ਹੋਵੇਗੀ ਪਰ ਆਦਮੀ ਨੂੰ ਆਦਮੀ ਫਜੂਲ ’ਚ ਹੀ ਕਈ ਕੁਝ ਕਹਿ ਜਾਂਦੇ ਹਨ ।

ਮੈਨੂੰ ਉਸਦੀ ਕੋਈ ਸਮਝ ਨਈਂ ਸੀ ਆ ਰਹੀ ਕਿ ਉਹ ਮੇਰੇ ਵੱਲ ਹੀ ਕਿਉਂ ਵਧ ਰਹੀ ਸੀ। ਮੈਂ ਉਸ ਨੂੰ ਰੋਕਣਾ ਚਾਹਿਆ।

ਇੱਕ ਦਿਨ ਪਤਾ ਨ੍ਹੀਂ ਕੀ ਗੱਲ ਚੱਲ ਰਹੀ ਸੀ ਕਿ ਮੈਂ ਵੀ ਕੋਈ ਗੱਲ ਕਹਿ ਦਿੱਤੀ। ਯਾਦ ਵੀ ਹੈ ਪਰ ਮੈਂ ਕਹਿਣੀ ਨਹੀਂ ਚਾਹੁੰਦਾ। ਤਦ ਉਸ ਨੇ ਕੁਝ ਕਿਹਾ ਸੀ ਤਾਂ ਮੈਂ ਕਿਹਾ ਮੈਂ ਏਨਾ ਫਰੈਂਕ ਨਹੀਂ ਹਾਂ। ਤੇ ਉਸ ਨੇ ਕਿਹਾ ਕਿ ਤੂੰ ਕਦੇ ਫਰੈਂਕ ਹੋਈਂ ਵੀ ਨਾ। ਤਾਂ ਉਹ ਮੈਨੂੰ ਬੜੀ ਚੰਗੀ ਲੱਗੀ ਸੀ। ਪਰ ਇਸ ਗੱਲ ਨੂੰ ਮੈਂ ਜਿਆਦਾ ਸੋਚਿਆ ਨਹੀਂ ਸੀ। ਉੱਥੇ ਦੀ ਉੱਥੇ ਹੀ ਛੱਡ ਦਿੱਤੀ ਸੀ।

ਡੀ.ਈ ਓ ਦਫਤਰ ਦੀ ਇੱਕ ਕੁੜੀ ਨੇ ਵੀ ਇੱਕ ਵਾਰ ਕਿਹਾ ਸੀ, " ਸੱਜਣਾ ਤੂੰ ਕਿਸੇ ਨੂੰ ਸਪੇਅਰ ਨਈਂ ਕਰ ਸਕਦਾ। " ਤਾਂ ਮੈਂ ਇਸ ਦਾ ਸਿੱਧਾ ਜਿਹਾ ਅਰਥ ਕੱਢਿਆ ਸੀ, ਜਿਵੇਂ ਉਹ ਕਹਿ ਰਹੀ ਹੋਵੇ, " ਸੱਜਣਾ ਤੂੰ ਕਿਸੇ ਨੂੰ ਸੁੱਕਾ ਨ੍ਹੀਂ ਛੱਡ ਸਕਦਾ। "

ਇਨ੍ਹੀਂ ਦਿਨੀਂ ਮੈਂ ਇਸ ਪਿੰਡ ਵਿੱਚ ਮਕਾਨ ਕਿਰਾਏ ਤੇ ਲੈ ਕੇ ਰਹਿ ਰਿਹਾ ਸੀ। ਓਦੋਂ ਇਹ ਇਲਾਕਾ ਹਰਿਕ ਪੱਖੋਂ ਬੜਾ ਪੱਛੜਿਆ ਹੋਇਆ ਸੀ। ਚਾਰੇ ਪਾਸੇ ਬੰਜ਼ਰ ਜ਼ਮੀਨ ਸੀ। ਖੇਤਾਂ ਵਿੱਚ ਜਿਪਸਮ ਨਾਲ ਭਰੇ ਬੋਰਿਆਂ ਦੇ ਢੇਰ ਲੱਗੇ ਰਹਿੰਦੇ। ਲੋਕ ਹੌਲੀ ਹੌਲੀ ਖੇਤਾਂ ਨੂੰ ਫਸਲ ਬੀਜਣ ਯੋਗ ਬਣਾ ਰਹੇ ਸਨ। ਬਿਧੀਪੁਰੀਆ ਸਰਦਾਰ ਆਤਮਾ ਸਿੰਘ ਤੇ ਸੈਦਪੁਰੀਆ ਸਰਦਾਰ ਬਲਵੰਤ ਸਿੰਘ ਜਦੋਂ ਦੇ ਮਨਿਸਟਰ ਬਣੇ ਸੀ, ਇਸ ਇਲਾਕੇ ਦੇ ਕਾਫੀ ਮੁੰਡੇ ਕੁੜੀਆਂ ਸਰਕਾਰੀ ਨੌਕਰੀ ਵਿੱਚ ਆ ਗਏ ਸੀ। ਕਈ ਸਕੂਲ ਅੱਪ ਗ੍ਰੇਡ ਹੋ ਗਏ ਸੀ। ਗੋਇੰਦਵਾਲ ਸਾਹਿਬ ਨੂੰ ਜਾਣ ਲਈ ਬਿਆਸ ਦਰਿਆ 'ਤੇ ਪੱਕਾ ਪੁਲ ਬਣ ਗਿਆ ਸੀ। ਸੜਕ ਵੀ ਪਹਿਲਾਂ ਨਾਲੋਂ ਖੁੱਲੀ ਤੇ ਪੱਕੀ ਬਣ ਗਈ ਸੀ। ਓਧਰ ਨੂੰ ਜਾਣਾ ਸੁਖਾਲਾ ਹੋ ਗਿਆ ਸੀ। ਪਹਿਲਾਂ ਲੋਕ ਬੇੜੀ ਰਾਹੀਂ ਹੀ ਦਰਿਆ ਪਾਰ ਆਉਂਦੇ ਜਾਂਦੇ ਸੀ। ਅਜੇ ਵੀ ਕਈ ਪਿੰਡਾਂ ਨੂੰ ਲੋਕ ਬੇੜੀ ਰਾਹੀਂ ਹੀ ਪਹੁੰਚਦੇ ਸੀ।

ਉਸ ਸਮੇਂ ਸਿੱਧੀ ਭਰਤੀ ਘੱਟ ਹੀ ਹੁੰਦੀ ਸੀ। ਕਰਮਚਾਰੀ ਐਡਹਾਕ ਬੇਸਿਜ਼ ਤੇ ਰੱਖੇ ਜਾਂਦੇ ਸੀ। ਜੋ ਬਾਅਦ ਵਿੱਚ ਕਈ ਸਾਲਾਂ ਦੀ ਨੌਕਰੀ ਹੋਣ ਪਿਛੋਂ ਸਰਕਾਰ ਦੀ ਕਿਸੇ ਪਾਲਿਸੀ ਤਹਿਤ ਰੈਗੂਲਰ ਕੀਤੇ ਜਾਂਦੇ ਸੀ। ਕਈ ਕਰਮਚਾਰੀ ਕਿਉਂਕਿ ਦੂਸਰੇ ਜ਼ਿਲਿਆਂ ਦੇ ਹੁੰਦੇ ਸਨ ਜਾਂ ਘਰਾਂ ਤੋਂ ਦੂਰ ਹੁੰਦੇ ਸਨ ਉਹ ਡਿਊਟੀ ਵਾਲੇ ਪਿੰਡਾਂ 'ਚ, ਤੇ ਜਾਂ ਡਿਊਟੀ ਵਾਲੀ ਜਗਹ ਦੇ ਲਾਗਲੇ ਪਿੰਡਾਂ 'ਚ ਕਿਰਾਏ ਦੇ ਮਕਾਨਾਂ ਵਿੱਚ ਰਹਿ ਲੈਂਦੇ ਸਨ।

ਪਿੰਡਾਂ ਵਿੱਚ ਜਿਆਦਾ ਸਹੂਲਤਾਂ ਨਹੀਂ ਸੀ ਹੁੰਦੀਆਂ। ਰੋਟੀ ਆਪ ਹੀ ਬਣਾਉਣੀ ਪੈਂਦੀ ਸੀ। ਕੱਪੜਾ ਲੱਤਾ ਆਪ ਹੀ ਧੋਣਾ ਪੈਂਦਾ ਸੀ। ਗੱਲ ਕੀ ਘਰ ਦਾ ਸਾਰਾ ਕੰਮ ਆਪ ਹੀ ਕਰਨਾ ਪੈਂਦਾ ਸੀ। ਕਦੇ ਕਦੇ ਘੁੰਮਣ ਫਿਰਨ ਕਪੂਰਥਲੇ ਸ਼ਹਿਰ ਆ ਜਾਈਦਾ ਸੀ। ਕਈ ਵਾਰੀ ਜਿਲਾ ਦਫਤਰ 'ਚ ਕੋਈ ਕੰਮ ਹੁੰਦਾ ਤਾਂ ਵੀ ਏਥੇ ਆਉਣਾ ਪੈਂਦਾ ਸੀ। ਉਸ ਦਿਨ ਰਾਤ ਦੀ ਰੋਟੀ ਸ਼ਹਿਰ 'ਚੋਂ ਖਾ ਕੇ ਹੀ ਘਰ ਵੜੀਦਾ ਸੀ।

ਇੱਕ ਦਿਨ ਅਚਾਨਕ ਮੈਂ ਉਹਦੇ ਘਰ ਚਲਾ ਗਿਆ। ਜਾਂ ਸਮਝੋ ਜਾਣਾ ਪਿਆ। ਉਸ ਦਿਨ ਵੀ ਸ਼ਹਿਰ ਕੋਈ ਮੀਟਿੰਗ ਸੀ। ਸ਼ਾਮ ਨੂੰ ਰੇਲਵੇ ਸ਼ਟੇਸ਼ਨ ਵੱਲ ਫਿਰਦਿਆਂ ਨੂੰ ਉਹ ਮਿਲ ਗਈ। ਉਹਦਾ ਘਰ ਉੱਥੋਂ ਨੇੜੇ ਹੀ ਸੀ। ਉਹਦੇ ਜ਼ੋਰ ਦੇਣ 'ਤੇ ਮੈਂ ਉਸ ਨਾਲ ਘਰ ਜਾਣਾ ਮੰਨ ਲਿਆ ਸੀ। ਉਹਦਾ ਬਾਪ ਜਿਲੇ ਦਾ ਕੋਈ ਅਫਸਰ ਸੀ । ਪਤਾ ਨਹੀਂ ਉਹਨਾਂ ਦਾ ਆਪਣਾ ਸੀ ਜਾਂ ਸਰਕਾਰ ਵੱਲੋਂ ਮਿਲਿਆ ਹੋਇਆ ਸੀ ਉਹ ਘਰ ਜਿੱਥੇ ਉਹ

ਲੈ ਕੇ ਗਈ। ਉਸ ਦੀ ਉੱਚੀ ਤੇ ਵੱਡੀ ਕੋਠੀ ਦੇਖ ਕੇ ਮੈਂ ਬਾਹਰ ਗੇਟ ਉੱਤੋਂ ਹੀ ਮੁੜ ਆਉਣਾ ਚਾਹਿਆ। ਇਹ ਉਸਦੀ ਬੇਨਤੀ ਹੀ ਸਮਝੋ ਕਿ ਮੈਂ ਅੰਦਰ ਚਲਾ ਗਿਆ। ਘਰ ਵਿੱਚ ਹੋਰ ਕੋਈ ਨਹੀਂ ਸੀ। ਗੇਟ ਦਾ ਜਿੰਦਰਾ ਵੀ ਤਾਂ ਉਸ ਨੇ ਹੀ ਖੋਲ੍ਹਿਆ ਸੀ । ਮੈਨੂੰ ਬੜਾ ਓਪਰਾ ਓਪਰਾ ਲੱਗ ਰਿਹਾ ਸੀ।

ਮੈਂ ਇੱਕ ਪਾਸੇ ਪਈ ਬੈਂਤ ਦੀ ਕੁਰਸੀ 'ਤੇ ਹੀ ਬਹਿ ਗਿਆ। ਤੇ ਇਹ ਸੱਚ ਹੈ ਕਿ ਮੈਂ ਸਿੱਧਾ ਸੋਫੇ 'ਤੇ ਹੀ ਬਹਿੰਦਾ, ਜੇਕਰ ਮੇਰੀ ਚੰਚਲਤਾ ( ਪਹਿਲਾਂ ਦੀ ਤਰ੍ਹਾਂ ) ਗੰਭੀਰ ਨਾ ਹੋਈ ਹੁੰਦੀ। ਬਹਿਣ ਤੋਂ ਪਹਿਲਾਂ ਵੀ ਪੁੱਛ ਹੀ ਲਿਆ, " ਬਹਿ ਜਾਵਾਂ! "

" ਇਹ ਵੀ ਕੋਈ ਪੁੱਛਣ ਵਾਲੀ ਗੱਲ ਐ। " ਉਹ ਕਹਿਣ ਲੱਗੀ। ਫਿਰ ਉਹ ਚਾਹ ਚੁੱਕ ਲਿਆਈ।

" ਚੰਗਾ ਮੈਂ ਚੱਲਦਾਂ। " ਮੈਂ ਕਿਹਾ।

" ਚਾਹ! " ਉਹਦਾ ਚਿਹਰਾ ਸਵਾਲ ਬਣਿਆ ਮੇਰੇ ਵੱਲ ਤੱਕਣ ਲੱਗਾ।

" ਫਿਰ ਕਿਤੇ ਪੀਤੀ ਜਾਊ। " ਮੈਂ ਕਿਹਾ ਸੀ।

" ਫਿਰ ਤੈਨੂੰ ਇੱਥੇ ਲਿਆਵੇਗਾ ਕੌਣ। " ਉਸ ਨੇ ਡੂੰਘਾ ਸਾਹ ਭਰਦਿਆਂ ਕਿਹਾ। ਤੇ ਹੈ ਵੀ ਸੱਚ। ਕਿੰਨਾਂ ਸੱਚ ਸੀ ਉਹਦੇ ਸ਼ਬਦਾਂ ਵਿੱਚ। ਮੈਂ ਮੁੜ ਕੇ ਉਹਦੇ ਘਰ ਜਾਣ ਬਾਰੇ ਸੋਚਣਾ ਵੀ ਨਹੀਂ ਸੀ।

ਮੈਂ ਤੁਰਿਆ। ਉਹ ਹੌਲੀ ਜਿਹੀ ਬੋਲੀ, " ਅੱਜ ਰਹਿ ਲਾ ਤਾਂ। "

" ਨੋ। " ਮੈਂ ਕਿਹਾ। ਮਤਲਬ ਨਹੀਂ, ਤਾਂ ਉਸ ਦੇ ਲਾਲ ਲਾਲ ਭਖਦੇ ਚਿਹਰੇ 'ਤੇ ਇੱਕ ਮਾਸੂਮ ਜਿਹੀ ਕਾਲੀ ਪਰਤ ਘੁੰਮ ਗਈ।

" ਸੱਜਣਾ ਤੂੰ ਤਾਂ ਇੰਜ ਕਹਿਨਾਂ ਜਿਵੇਂ ਮੈਥੋਂ ਬਹੁਤ ਤੰਗ ਹੋਵੇਂ। "

" ਤੰਗ ਹੀ ਤਾਂ ਹਾਂ। " ਮੇਰੇ ਮੂੰਹੋਂ ਨਿਕਲਿਆ ਤਾਂ ਉਹ ਹੋਰ ਵੀ ਮਾਯੂਸ ਹੋ ਗਈ।

ਮੈਂ ਆ ਗਿਆ। ਇਹ ਦਿਨ ਮੇਰੇ ਲਈ ਇੱਕ ਵਰਦਾਨ ਸਾਬਤ ਹੋਇਆ ਸੀ। ਹੁਣ ਮੈਂ ਉਸ ਨੂੰ ਸੌਖਿਆਂ ਹੀ ਆਪਣੇ ਤੋਂ ਪਰ੍ਹੇ ਹਟਾ ਸਕਦਾ ਸੀ। ਮੈਨੂੰ ਇੱਕ ਬਹਾਨਾ ਮਿਲ ਗਿਆ ਸੀ। ਰਾਹ ਮਿਲ ਗਿਆ ਸੀ। ਪਰ ਦਿਲੋਂ ਉਹਨੂੰ ਏਨੀ ਜਲਦੀ ਪਰ੍ਹੇ ਨਹੀਂ ਸੀ ਕਰ ਸਕਿਆ।

ਅਗਲੇ ਦਿਨ ਹੀ ਮੈਂ ਉਹਨੂੰ ਇੱਕ ਖ਼ਤ ਲਿਖਿਆ। ਉਹਦੀ ਡਾਇਰੀ ਵਿੱਚ ਹੀ। ਕਿਉਂਕਿ ਉਹਦੀ ਡਾਇਰੀ ਤੇ ਹੋਰ ਨਿਕ ਸੁਕ ਮੇਰੇ ਮੇਜ਼ ਦੇ ਦਰਾਜ਼ ਵਿੱਚ ਹੀ ਪਿਆ ਰਹਿੰਦਾ ਸੀ, ਜਾਂ ਸਮਝੋ ਉਹ ਰੱਖ ਛੱਡਦੀ ਸੀ।

ਪ੍ਰੀਤ! ਸੋਚਿਆ ਤਾਂ ਕੁਝ ਹੋਰ ਸੀ, ਪਰ ਬਣ ਕੁਝ ਹੋਰ ਹੀ ਗਿਆ। ਮੈਨੂੰ ਨਹੀਂ ਸੀ ਪਤਾ ਕਿ ਤੂੰ ਇਸ ਤਰ੍ਹਾਂ ਦੀ ਹੋਵੇਂਗੀ। ਤੂੰ ਅਮੀਰ ਘਰ ਦੀ ਬੇਟੀ ਏਂ। ਤੇਰੀ ਵੱਡੀ ਕੋਠੀ ਮੇਰੀ ਝੌਂਪੜੀ ਤੋਂ ਬਹੁਤ ਉੱਚੀ ਏ। ਕਲ੍ਹ ਮੈਂ ਤੇਰੇ ਘਰ ਗਿਆ ਤਾਂ ਮੈਨੂੰ ਮੇਰਾ ਆਪਣਾ ਆਪ ਬਹੁਤ ਛੋਟਾ ਛੋਟਾ ਜਿਹਾ ਲੱਗਾ। ਤੇਰੇ ਘਰ ਦੀ ਚਾਹ...... । ਮੈਂ ਉੱਥੋਂ ਨਿਕਲਣ ਲਈ ਬੜਾ ਉਤਾਵਲਾ ਸੀ। ਮੈਨੂੰ ਘਬਰਾਹਟ ਜਿਹੀ ਹੋਣ ਲੱਗ ਪਈ ਸੀ। ਮੈਂ ਤੇਰੇ ਨਾਲ ਕਿਸੇ

ਮੰਜ਼ਿਲ ਤੱਕ ਪੂਰਾ ਨਹੀਂ ਉੱਤਰ ਸਕਦਾ। ਬੜਾ ਫ਼ਰਕ ਹੈ ਤੇਰੇ ਤੇ ਮੇਰੇ ਵਿੱਚ।

ਮੈਨੂੰ ਆਸ ਹੈ ਕਿ ਤੂੰ ਮੈਨੂੰ ਸਮਝਣ ਦੀ ਕੋਸ਼ਿਸ਼ ਕਰੇਂਗੀ। ਤੂੰ ਸਿਆਣੀ ਵੀ ਏਂ ਤੇ ਸਮਝਦਾਰ ਵੀ । ਜੇ ਤੂੰ ਇਹ ਗਲਤ ਸਮਝੇਂ ਤਾਂ ਮੈਂ ਸਮਝਾਂਗਾ ਕਿ ਤੂੰ ਮੇਰੇ ਨਾਲ ਤਾਂ ਕਰਨਾ ਹੀ ਕਰਨਾ ਖੁਦ ਆਪਣੇ ਆਪ ਨਾਲ ਵੀ ਧੋਖਾ ਕਰ ਰਹੀ ਏਂ। ਜ਼ਿੰਦਗੀ 'ਚ ਮੈਂ ਬਹੁਤ ਧੋਖੇ ਖਾਧੇ ਹਨ। ਤੇ ਮੈਨੂੰ ਪਤਾ ਕਿ ਮੈਨੂੰ ਇੱਕ ਹੋਰ ਧੋਖੇ ਦਾ ਸਾਹਮਣਾ ਵੀ ਕਰਨਾ ਪਵੇਗਾ। ਤੇਰਾ ਸ਼ੁਭਚਿੰਤਕ। ਸੱਜਣ।

ਏਨਾ ਲਿਖ ਕੇ ਮੈਂ ਸਮਝਿਆ ਸੀ ਕਿ ਮੇਰੇ ਦਿਲ 'ਤੇ ਪਿਆ ਬੋਝ, ਹਿੱਕ 'ਤੇ ਪਏ ਪੱਥਰ ਦੀ ਤਰ੍ਹਾਂ ਇੱਕ ਪਾਸੇ ਨੂੰ ਸਰਕ ਗਿਆ ਹੈ। ਤੇ ਮੈਂ ਖੁਸ਼ ਸੀ। ਹੁਣ ਪੱਥਰ ਖੁਦ ਆਪ ਬੁੜਕ ਕੇ ਤਾਂ ਮੁੜ ਹਿੱਕ 'ਤੇ ਡਿੱਗਣ ਨਹੀਂ ਲੱਗਾ।

ਪਰ ਅੱਜ ਉਹਦਾ ਖ਼ਤ ਪੜ੍ਹ ਕੇ ਮੈਂ ਠਰ ਜਿਹਾ ਗਿਆ ਸੀ। ਜਿਵੇਂ ਕਿਸੇ ਨੇ ਮੈਨੂੰ ਬਰਫ਼ ਦੇ ਢੇਰ ਵਿੱਚ ਦਬਾ ਦਿੱਤਾ ਹੋਵੇ। ਉਹ ਮਿਲੀ। ਉਸ ਦੇ ਚਿਹਰੇ 'ਤੇ ਇੱਕ ਖਾਮੋਸ਼ੀ, ਤਨਾਅ ਤੇ ਅੱਖਾਂ 'ਚ ਇੱਕ ਸਵਾਲ ਜਿਹਾ ਉਕਰਿਆ ਪਿਆ ਸੀ। ਜਿਸ ਨੂੰ ਪੜ੍ਹਨਾ ਮੇਰੇ ਲਈ ਕੋਈ ਔਖੀ ਗੱਲ ਨਹੀਂ ਸੀ। ਇੱਕ ਟੱਕ ਉਸ ਨੇ ਮੇਰੇ ਵੱਲ ਦੇਖਿਆ। ਮੈਨੂੰ ਲੱਗਾ ਕਿ ਉਹ ਬਸ ਰੋਈ ਕਿ ਰੋਈ। ਪਰ ਉਹ ਸ਼ਾਂਤ ਸੀ।

" ਸੱਜਣਾ ਮੈਨੂੰ ਸਮਝ ਨ੍ਹੀਂ ਪਈ ਕਿ ਤੂੰ ਚੀਜ਼ ਕੀ ਏਂ। " ਉਸਨੇ ਆਪਣੇ ਆਪ ਨੂੰ ਸੰਭਾਲਦਿਆਂ ਪੁੱਛਿਆ।

" ਤੈਨੂੰ ਕੀ ਸਮਝ ਪਏਗੀ ਮੇਰੀ। ਮੈਨੂੰ ਤਾਂ ਮੇਰੇ ਘਰ ਦੇ ਕੁਝ ਨਈ੍ਹਂ ਸਮਝ ਸਕੇ, ਤੂੰ ਕੀ ਸਮਝੇਂਗੀ। "

" ਫਿਰ ਤਾਂ ਤੇਰੇ ਨਾਲ ਕੋਈ ਗੱਲ ਕਰਨੀ ਹੀ ਫਜ਼ੂਲ ਐ। "

" ਗੱਲ ਕੋਈ ਵੀ ਫਜ਼ੂਲ ਨਈ੍ਹਂ ਹੁੰਦੀ, ਜੇ ਉਸ ਨੂੰ ਕਿਸੇ ਹਿਸਾਬ ਨਾਲ ਕੀਤਾ ਜਾਵੇ। "

" ਤੇ ਤੂੰ ਹਿਸਾਬ ਦੱਸ ਦੇ । "

" ਹੁਣ ਨਈ੍ਹਂ ਫੇਰ ਕਦੇ ਦੱਸਾਂਗਾ। " ਮੈਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਗੱਲ ਕੋਈ ਬਣੀ ਨਾ। " ਪ੍ਰੀਤ ਤੂੰ ਮੂਰਖ ਏਂ। " ਮੈਂ ਕਹਿ ਬੈਠਾ।

" ਤੇ ਤੂੰ ਬਹੁਤ ਸਿਆਣੈ। " ਉਹ ਮੈਨੂੰ ਚਮਕ ਕੇ ਪਈ।

" ਨਈ੍ਹਂ, ਮੈਂ ਤਾਂ ਆਪ ਮੂਰਖ ਆਂ। ਸ਼ਾਇਦ ਤੇਰੇ ਤੋਂ ਵੀ ਜਿਆਦਾ। ਤੂੰ ਜਿੰਨੀ ਸੈਤਾਨ ਤੇ ਚਲਾਕ ਏਂ, ਓਨੀ ਜਿਆਦਾ ਮੂਰਖ ਵੀ। ਜਿਹੜਾ ਬੰਦਾ ਆਪਣੇ ਆਪ 'ਚ ਜਿੰਨਾ ਚਲਾਕ ਬਣਦੈ, ਮੈਂ ਉਸ ਨੂੰ ਓਨਾ ਜਿਆਦਾ ਮੂਰਖ ਸਮਝਦਾਂ। ਤੇ ਮੂਰਖ ਆਦਮੀ ਨੂੰ ਮੈਂ ਕੁਝ ਕਹਿੰਦਾ ਈ ਨਈ੍ਹਂ। " ਮੈਂ ਉਹਨੂੰ ਕਈ ਚਲਾਕ ਆਦਮੀਆਂ ਦੀਆਂ ਮਿਸਾਲਾਂ ਵੀ ਦਿੱਤੀਆਂ, ਜਿਨ੍ਹਾਂ ਨੂੰ ਮੈਂ ਕੁਝ ਨਹੀਂ ਸੀ ਸਮਝਦਾ।

" ਚੰਗਾ ਸੱਜਣਾ, ਮੈਂ ਮੂਰਖ ਹੀ ਸਹੀ। ਪਰ ਹੁਣ ਮੈਂ ਤੈਨੂੰ ਸਿਆਣੀ ਬਣ ਕੇ ਦਿਖਾਵਾਂਗੀ। " ਉਹ ਮੰਨ ਗਈ।

ਹੁਣ ਮੈਂ ਆਪਣੇ ਆਪ 'ਚ ਕੁਝ ਰਾਹਤ ਜਿਹੀ ਮਹਿਸੂਸ ਕਰ ਰਿਹਾ ਸੀ।

ਸਾਰੀਆਂ ਸੋਚਾਂ ਮੈਂ ਇੱਕੋ ਝਟਕੇ ਨਾਲ ਪਰ੍ਹੇ ਵਗਾਹ ਮਾਰੀਆਂ ਸਨ ।

ਮੇਰੇ ਲਈ ਪ੍ਰੀਤ ਕੁਝ ਵੀ ਨਹੀਂ ਸੀ। ਪਰ ਮੇਰਾ ਇੱਕ ਅਧਿਆਪਕ ਸਾਥੀ ਜਸਪਾਲ ਸਿੰਘ ਜਿਹੜਾ ਮੇਰੇ ਨਾਲ ਹੀ ਇਸੇ ਸਕੂਲ 'ਚ ਪੜ੍ਹਾਉਂਦਾ ਸੀ ਤੇ ਕਿਰਾਏ 'ਤੇ ਰਹਿੰਦਾ ਵੀ ਮੇਰੇ ਨਾਲ ਹੀ ਸੀ, ਕਦੇ ਭਾਬੀ ਤੋਂ ਬਿਨਾਂ ਨਹੀਂ ਸੀ ਬੋਲਦਾ। ਉਹ ਮੁਕਤਸਰ ਜ਼ਿਲੇ ਦਾ ਸੀ। ਭਾਬੀ ਕੀ ਕਹਿੰਦੀ ਆ, ਭਾਬੀ ਕੀ ਕਰਦੀ ਆ। ਭਾਬੀ ਐਹ ਆ, ਭਾਬੀ ਔਹ ਆ। ਮੈਨੂੰ ਬੜਾ ਗੁੱਸਾ ਆਉਂਦਾ। ਉਸ ਉੱਪਰ ਵੀ ਤੇ ਪ੍ਰੀਤ ਉੱਪਰ ਵੀ। ਪ੍ਰੀਤ ਉੱਪਰ ਇਸ ਕਰਕੇ ਕਿ ਉਹ ਸਿਆਣੀ ਨਹੀਂ ਪਹਿਲਾਂ ਨਾਲੋਂ ਵੀ ਨਿਆਣੀ ਬਣ ਗਈ ਸੀ।

ਉਸ ਦੀਆਂ ਸ਼ਰਾਰਤਾਂ ਹੋਰ ਵਧ ਗਈਆਂ। ਮੈਨੂੰ ਉਹ ਕੁਝ ਵੀ ਕਰਨ ਨਾ ਦਿੰਦੀ। ਜੇ ਕੁਝ ਲਿਖਦਾ ਹੋਵਾਂ ਤਾਂ ਉਹ ਕਾਗਜ਼ ਚੁੱਕ ਕੇ ਪਰ੍ਹੇ ਵਗਾਹ ਮਾਰਦੀ। ਕਈ ਵਾਰੀ ਤਾਂ ਕਾਰਬਨ ਲੱਗੀਆਂ ਕਾਪੀਆਂ ਮੈਨੂੰ ਦੁਬਾਰਾ ਤਿਆਰ ਕਰਨੀਆਂ ਪੈਂਦੀਆਂ। ਮੈਨੂੰ ਡਰ ਲੱਗਦਾ ਕਿਤੇ ਮੈਥੋਂ ਗੁੱਸੇ ਵਿੱਚ ਉਹਦੇ ਕੁਝ ਮਾਰ ਨਾ ਬੈਠਾਂ। ਜਾਂ ਉਹ ਹੀ ਖਾ ਨਾ ਬਹੇ। ਪਰ ਮੈਂ ਸਾਂਤ ਰਿਹਾ।

ਮੈਂ ਉਹਨੂੰ ਬੁਲਾਉਣਾ ਛੱਡ ਦਿੱਤਾ। ਮੈਨੂੰ ਉਹਦੀ ਸ਼ਕਲ ਵੀ ਚੰਗੀ ਨਾ ਲੱਗਦੀ। ਐਵੇਂ ਉਹ ਦਫ਼ਤਰ ਦੇ ਚੱਕਰ ਕੱਢਦੀ ਰਹਿੰਦੀ। ਮੈਂ ਉਸ ਵੱਲ ਅੱਖ ਪੁੱਟ ਕੇ ਵੀ ਨਾ ਦੇਖਦਾ। ਜੇ ਕਦੇ ਨਜ਼ਰ ਮਿਲ ਵੀ ਜਾਂਦੀ ਤਾਂ ਮੈਨੂੰ ਉਹਦੇ ਚਿਹਰੇ 'ਤੇ ਤਨਾਅ, ਬੁੱਲਾਂ 'ਤੇ ਵਿਅੰਗ ਤੇ ਅੱਖਾਂ ਵਿੱਚ ਕਹਿਰ ਨਜ਼ਰ ਆਉਂਦਾ। ਤੇ ਮੱਥੇ 'ਤੇ ਪਈਆਂ ਤਿਉੜੀਆਂ ਉਸ ਨੂੰ ਹੋਰ ਵੀ ਜ਼ਹਿਰੀਲਾ ਬਣਾ ਦਿੰਦੀਆਂ। ਮੇਰੇ ਨਾਲ ਅੱਖ ਮਿਲਦਿਆਂ ਹੀ ਉਸ ਦਾ ਗੁੱਸਾ ਕਿਤੇ ਹਵਾ ਹੋ ਜਾਂਦਾ ਤੇ ਉਹ ਮੁਸਕਰਾ ਪੈਂਦੀ। ਸ਼ਾਇਦ ਮੈਂ ਉਸ ਲਈ ਹੱਸ ਹੀ ਪਵਾਂ। ਪਰ ਮੇਰੇ ਬੁੱਲ ਸੀਤੇ ਰਹਿੰਦੇ ਤੇ ਜੇ ਹਿੱਲਦੇ ਵੀ ਤਾਂ ਸਿਰਫ਼ ਇੱਕ ਓਪਰੀ ਜਿਹੀ ਮੁਸਕਰਾਹਟ ਕੇਰ ਦਿੰਦੇ।

ਜਦੋਂ ਕੋਈ ਸ਼ਖਸ਼ ਕਿਸੇ ਚੀਜ਼ ਤੋਂ ਪਰ੍ਹੇ ਖਿਸਕਣਾ ਚਾਹੁੰਦਾ ਹੈ ਤਾਂ ਉਹ ਜ਼ਾਹਿਰਾ ਤੌਰ ਤੇ ਖਿਸਕ ਕੇ ਵੀ ਮਾਨਸਿਕ ਤੌਰ ਤੇ ਉਸ ਵੱਲ ਜਿਆਦਾ ਖਿਚਿਆ ਜਾਂਦਾ ਹੈ। ਮੈਂ ਵੀ ਉਸ ਨੂੰ ਕਿਤਾਬ 'ਚੋਂ ਪਾੜੇ ਕਿਸੇ ਵਰਕੇ ਵਾਂਗ ਭੁਲਾਉਣ ਦੀ ਕੋਸ਼ਿਸ਼ ਕਰਦਾ। ਪਰ ਜਦ ਉਹ ਮੇਰੇ ਸਾਹਮਣੇ ਆ ਖੜ੍ਹੀ ਹੁੰਦੀ ਤਾਂ ਇੱਕ ਤਰਸ ਜਿਹਾ ਮੇਰੇ ਅੰਦਰੋਂ ਮੈਨੂੰ ਹਲੂਣ ਦਿੰਦਾ।

ਅਹਿਸਾਸ ਹਰ ਆਦਮੀ ਦੀ ਰੂਹ 'ਚੋਂ ਨਿਕਲਿਆ ਸੱਚ ਹੁੰਦਾ ਹੈ। ਜਿਵੇਂ ਮੌਤ ਨੂੰ ਝੁਠਲਾਇਆ ਨਹੀਂ ਜਾ ਸਕਦਾ, ਇਵੇਂ ਆਪਣੇ ਅਹਿਸਾਸ ਨੂੰ ਝੁਠਲਾਉਣਾ ਆਪਣੇ ਆਪ ਨਾਲ ਧੋਖਾ ਹੁੰਦਾ ਹੈ। ਉਹ ਮੇਰੇ ਕੋਲ ਕੁਝ ਗੱਲਾਂ ਦਾ ਝੂਠ ਮਾਰ ਗਈ ਸੀ। ਭਲਾ ਝੂਠ ਨਾਲ ਵੀ ਵਿਸ਼ਵਾਸ਼ ਜਿੱਤ ਹੁੰਦੈ। ਝੂਠਾ ਬੰਦਾ ਤਾਂ ਆਪਣਾ ਵਕਾਰ ਆਪ ਗੁਆਉਂਦੈ।

'ਸੱਜਣਾ ਮਰ ਪਰ੍ਹੇ।' ਮੈਂ ਆਪਣੇ ਆਪ 'ਚ ਹੀ ਕਹਿ ਉੱਠਦਾ। ਆਦਮੀ ਕਈ ਵਾਰੀ ਸੋਚਾਂ ਦੇ ਸਿਕੰਜੇ ਵਿੱਚ ਇਸ ਤਰ੍ਹਾਂ ਜਕੜਿਆ ਜਾਂਦੈ ਕਿ ਉਹ ਇਨ੍ਹਾਂ ਤੋਂ ਅਜ਼ਾਦ ਹੋਣ ਲਈ ਮਰਨ ਦੀ ਸੋਚਦੈ । ਪਰ ਮਰਨਾ ਕਿੰਨਾਂ ਮੁਸ਼ਕਿਲ ਹੈ ਇਹ ਮੈਂ ਮਨ ਮਾਰ ਕੇ ਹੀ

ਸਮਝ ਸਕਿਆ। ਮੌਤ ਤਾਂ ਹਰ ਇੱਕ ਨੂੰ ਆਉਣੀ ਹੈ। ਪਰ ਕੌਣ ਦਿਲੋਂ ਚਾਹੁੰਦੈ ਕਿ ਮੈਂ ਹੁਣੇ ਮਰ ਜਾਵਾਂ।

ਤੇ ਉਸ ਵੇਲੇ ਉਹ ਹੌਲੀ ਹੌਲੀ ਮਰਦਾ। ਜ਼ਹਿਰ ਖਾਣੀ ਵੀ ਬਹੁਤ ਮੁਸ਼ਕਿਲ ਜਿਹੀ ਲੱਗਦੀ ਐ। ਪਰ ਫਿਰ ਵੀ ਉਹ ਕਿਸੇ ਮਿੱਠੀ ਜ਼ਹਿਰ ਨੂੰ ਆਪਣੀ ਦੋਸਤ ਬਣਾ ਲੈਂਦੈ, ਜਿਹੜੀ ਹੌਲੀ ਹੌਲੀ ਉਸ ਨੂੰ ਲੱਕੜੀ ਦੇ ਘੁਣ ਵਾਂਗ ਖਾ ਜਾਂਦੀ ਆ। ਚਾਹੇ ਉਹ ਸ਼ਰਾਬ, ਅਫੀਮ, ਭੰਗ, ਡੋਡੇ, ਚਰਸ, ਸਮੈਕ ਕੁਝ ਵੀ ਕਿਉਂ ਨਾ ਹੋਵੇ।

ਮੇਰਾ ਵੀ ਹੁਣ ਇਹੀ ਹਾਲ ਸੀ। ਦਿਲ ਦੀਆਂ ਸੋਚਾਂ ਤੋਂ ਖਹਿੜਾ ਛੁਡਾਉਣ ਲਈ ਮੈਂ ਹੁਣ ਇਹ ਕੰਮ ਵੀ ਕਰਨ ਲੱਗ ਪਿਆ ਸੀ। ਦੇਖਣ ਵਾਲਾ ਕਹਿੰਦਾ, " ਬਈ ਤੈਨੂੰ ਕੀਹਨੇ ਕਿਹਾ ਇਹ ਕੰਮ ਕਰਨ ਲਈ। ਕੀਹਦੀ ਸੁਸਾਇਟੀ 'ਚੋਂ ਸਿੱਖਿਆ। " ਪਰ ਕਿਸੇ ਨੂੰ ਕੀ ਪਤਾ ਕਿ ਇਹ ਸਭ ਕੁਝ ਆਪ ਸਹੇੜਿਆ ਜਾਂਦੈ। ਕੋਈ ਕਿਸੇ ਨੂੰ ਖਰਾਬ ਨ੍ਹੀਂ ਕਰਦਾ, ਬੰਦਾ ਖੁਦ ਕਰਦਾ। ਸੁਸਾਇਟੀ ਕਿਸੇ ਦੇ ਮੂੰਹ 'ਚ ਤਾਂ ਨਹੀਂ ਪਾਉਂਦੀ।

ਇਹ ਠੀਕ ਐ ਕਿ ਯਾਦਾਂ ਕਦੇ ਭੁੱਲਦੀਆਂ ਨਈਂ। ਜਿਹੜੀਆਂ ਭੁੱਲ ਈ ਗਈਆਂ ਉਹ ਯਾਦਾਂ ਕਿਵੇਂ ਹੋਈਆਂ। ਹਾਂ ਕਈ ਵਾਰੀ ਅਤੀਤ ਦੀਆਂ ਤਸਵੀਰਾਂ, ਜਿਹੜੀਆਂ ਮਨਮੋਹਕ ਵੀ ਹੋ ਸਕਦੀਆਂ ਤੇ ਗ਼ਮ ਦੀਆਂ ਭਰੀਆਂ ਵੀ। ਜਿਨ੍ਹਾਂ ਨੂੰ ਅਸੀਂ ਜਾਂ ਸਮਝੋ ਸਮੇਂ ਦੀ ਲਪੇਟ ਅੱਖੋਂ ਉਹਲੇ ਕਰ ਦਿੰਦੀ ਐ, ਸਾਡੇ ਜਿਹਨ ਦੀ ਕਿਸੇ ਨੁਕਰੇ ਸਾਂਤ ਸੁਭਾਅ ਲੱਗੀਆਂ ਰਹਿੰਦੀਆਂ ਹਨ। ਅਚਾਨਕ ਉਸ ਸਥਾਨ ਦੇ ਸਾਹਮਣੇ ਆ ਜਾਣ ਕਰਕੇ ਜਾਂ ਉਸ ਮੋੜ 'ਤੇ ਜਿਸ ਨਾਲ ਉਹ ਯਾਦ ਜੁੜੀ ਹੁੰਦੀ ਆ, ਇੱਕ ਦਮ ਉਹ ਤਸਵੀਰ ਸਾਡੇ ਜਿਹਨ ਦੇ ਪਰਦੇ ਉੱਪਰ ਖਿਸਕ ਆਉਂਦੀ ਹੈ। ਮੰਜੇ 'ਤੇ ਲੰਮਾ ਪਿਆ ਪਿਆ ਮੈਂ ਅਤੀਤ ਦੇ ਗਹਿਰੀ ਖਾਈ ਵਿੱਚ ਜਾ ਡਿਗਿਆ।

(2)

ਓਦੋਂ ਮੈਂ ਦਸਵੀਂ ਪਾਸ ਕੀਤੀ ਸੀ ਤੇ ਕਾਲਜ ਜੁਆਇਨ ਕਰਨਾ ਸੀ, ਜਦੋਂ ਮੇਰੀ ਵਿੰਦਰ ਨਾਲ ਮੁਲਾਕਾਤ ਹੋਈ। ਉਹ ਮੇਰੇ ਪਿੰਡ ਦੀ ਹੀ ਕੁੜੀ ਸੀ। ਸਿੱਧੀ ਸਾਦੀ, ਭੋਲੀ ਭਾਲੀ ਤੇ ਨਟਖਟ ਜਿਹੀ।

ਮੇਰੇ ਇੱਕ ਦੋਸਤ ਦੀ ਕਿਸੇ ਹੋਰ ਕੁੜੀ ਨਾਲ ਗੱਲਬਾਤ ਸੀ, ਪਿਆਰ ਸੀ, ਮਿੱਤਰ ਚਾਰਾ ਸੀ। ਕਾਲਜ ਅਜੇ ਖੁੱਲੇ ਨਹੀਂ ਸਨ। ਵਿਹਲਾ ਹੋਣ ਕਾਰਨ ਮੈਂ ਕਦੇ ਕਦੇ ਉਸ ਨਾਲ ਚਲੇ ਜਾਂਦਾ। ਉਹ ਆਪਣੀ ਪ੍ਰੇਮਕਾ ਨਾਲ ਗੱਲਾਂ ਮਾਰਦਾ ਰਹਿੰਦਾ ਤੇ ਮੈਂ ਪਰ੍ਹੇ ਬੈਠਾ ਕੁਝ ਨਾ ਕੁਝ ਸੋਚੀ ਜਾਂਦਾ।

ਸਕੂਲ ਵਿੱਚ ਪੜ੍ਹਦਿਆਂ ਮੇਰਾ ਕੁੜੀਆਂ ਨਾਲ ਕਦੇ ਵਾਹ ਨਹੀਂ ਸੀ ਪਿਆ। ਮੁੰਡਿਆਂ ਦਾ ਸਕੂਲ ਵੱਖਰਾ ਸੀ ਤੇ ਕੁੜੀਆਂ ਦਾ ਵੱਖਰਾ। ਵੈਸੇ ਵੀ ਰਾਹ ਗਲੀ 'ਚ ਮਿਲੀਆਂ ਕੁੜੀਆਂ ਨੂੰ ਮੈਂ ਘੱਟ ਹੀ ਬੁਲਾਉਂਦਾ ਸੀ। ਸਕੂਲੋਂ ਘਰ ਤੇ ਘਰੋਂ ਸਕੂਲ ਜਾਣਾ ਹੀ ਮੇਰਾ ਕੰਮ ਸੀ। ਘਰ ਆ ਕੇ ਮੈਨੂੰ ਘਰ ਦਾ ਹੋਰ ਕੰਮ ਵੀ ਕਰਨਾ ਪੈਂਦਾ ਸੀ, ਜਿਸ ਕਰਕੇ ਦੂਸਰੇ ਮੁੰਡਿਆਂ ਵਾਂਗ ਬਾਹਰ ਫਿਰਨ ਤੁਰਨ ਦਾ ਸਮਾਂ ਮੈਨੂੰ ਨਹੀਂ ਸੀ ਮਿਲਦਾ। ਇਹੀ ਕਾਰਨ ਸੀ ਕਿ ਵਿਹੜੇ ਦਾ ਹਰ ਮਰਦ ਔਰਤ ਮੈਨੂੰ ਚੰਗਾ ਸਮਝਦਾ ਸੀ। ਜੇ ਕਿਸੇ ਨੇ

ਆਪਣੇ ਧੀ ਪੁੱਤ ਨੂੰ ਨਸੀਹਤ ਦੇਣੀ ਹੁੰਦੀ ਤਾਂ ਉਹ ਮੇਰੀ ਮਿਸਾਲ ਦਿੰਦੇ।

ਵਿੰਦਰ ਲੰਬੜਾਂ ਦੀ ਕੁੜੀ ਸੀ। ਪਿੰਡੋਂ ਬਾਹਰ ਰਾਹ ਤੋਂ ਕਾਫੀ ਹਟ ਕੇ ਉਨ੍ਹਾਂ ਦਾ ਖੂਹ ਸੀ। ਉਹਦੀ ਮਾਂ ਬਿਰਧ ਸੀ ਤੇ ਭਰਾਵਾਂ ਚੋਂ ਸਭ ਤੋਂ ਛੋਟੀ ਸੀ। ਉਹ ਪੜ੍ਹਦੀ ਸੀ, ਸ਼ਾਇਦ ਨੌਵੀਂ ਦਸਵੀਂ 'ਚ ਹੋਈ ਸੀ ਇਸ ਵਾਰੀ। ਸਕਲੋਂ ਆਉਂਦੀ ਉਹ ਸਿੱਧੀ ਖੂਹ ਨੂੰ ਦੌੜ ਜਾਂਦੀ।

ਇੱਕ ਦਿਨ ਅਚਾਨਕ ਹੀ ਉਹ ਮੈਨੂੰ ਪਿੰਡੋਂ ਬਾਹਰਲੀ ਸੜਕ 'ਤੇ ਮਿਲ ਗਈ। ਮੈਂ ਪੈਦਲ ਹੀ ਸੀ। ਉਸ ਨੇ ਮੈਨੂੰ 'ਵਾਜ ਮਾਰ ਲਈ। ਮੈਂ ਖੜ੍ਹ ਗਿਆ। ਮੇਰਾ ਦਿਲ ਤੇਜੀ ਨਾਲ ਧੜਕ ਉੱਠਿਆ। ਜਿਵੇਂ ਕਿਤੇ ਝੱਖੜ ਝੁੱਲ ਗਿਆ ਹੋਵੇ।

" ਕਿਧਰੋਂ ਆਇਐਂ ਸੱਜਣਾ। " ਉਹਨੇ ਮੇਰੇ ਕੋਲ ਆ ਕੇ ਕਿਹਾ।

" ਏਧਰ ਈ ਗਿਆ ਸੀ ਜ਼ਰਾ, ਸੋਨੂ ਵੱਲ। " ਮੈਂ ਥਿੜਕਦਿਆਂ ਕਿਹਾ।

" ਸੁਣਿਐ ਹੁਣ ਕਾਲਜੇ ਜਾਣ ਦੀ ਸਲਾਹ ਏ ਤੇਰੀ। ਕਿਸੇ ਦੇ ਦਿਲ 'ਚ ਵੀ ਆ ਜਾ। " ਉਹ ਬਿਨ੍ਹਾਂ ਕਿਸੇ ਝਿਜਕ ਦੇ ਕਹਿ ਗਈ।

" ਕੀ ਕਿਹਾ ? " ਮੈਂ ਅਣਜਾਣ ਬਣਦਿਆਂ ਕਿਹਾ।

" ਤੂੰ ਕਦੀ ਕਿਸੇ ਨੂੰ ਪਿਆਰ ਕੀਤਾ ? " ਉਸ ਨੇ ਪੁੱਛਿਆ। ਉਹਨੂੰ ਕੋਈ ਸੰਗ ਸਰਮ ਨਹੀਂ ਆ ਰਹੀ ਸੀ।

" ਤੂੰ ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰ ਰਹੀ ਏਂ ?" ਮੈਂ ਦੌੜ ਜਾਣਾ ਚਾਹੁੰਦਾ ਸੀ,ਪਰ ਉਹਦੇ ਨਾਲ ਨਾਲ ਤੁਰਦਾ ਰਿਹਾ। " ਮੈਂ ਤੈਨੂੰ ਪਿਆਰ ਕਰਦੀ ਆਂ, ਸੱਜਣਾ। " ਉਹਨੇ ਗੁੱਤ ਦੇ ਫੁੱਲਾਂ ਨੂੰ ਆਪਣੇ ਹੱਥਾਂ ਵਿੱਚ ਪਲੋਸਦਿਆਂ ਕਿਹਾ ਸੀ। ਮੈਂ ਫਿਰ ਵੀ ਚੁੱਪ ਰਿਹਾ।

" ਬੋਲਦਾ ਕਿਉਂ ਨ੍ਹੀਂ ? ਤੂੰ ਨਈਂ ਕਰਦਾ ? "

" ਕੀ ? " ਮੈਂ ਚੁੱਪ ਤੋੜੀ।

" ਪਿਆਰ। " ਉਸ ਨੇ ਤੇਜ਼ੀ ਨਾਲ ਕਿਹਾ।

" ਨਹੀਂ । " ਮੇਰਾ ਜਵਾਬ ਸੀ।

" ਆਹੋ , ਤੂੰ ਕਿਉਂ ਕਰੇਂਗਾ। ਤੂੰ ਤਾਂ ਚੰਨੀ ਮਗਰ ਫਿਰਦੈਂ। "

" ਨਈਂ ਨਈਂ ਵਿੰਦਰ ! ਮੈਂ ਕਿਸੇ ਮਗਰ ਨਹੀਂ ਫਿਰਦਾ। ਤੈਨੂੰ ਗਲਤ ਫਹਿਮੀ ਹੋਈ ਆ। ਉਹ ਤਾਂ ਐਵੇਂ ਸ਼ੇਰੇ ...... । "

" ਤੂੰ ਕਿੱਥੇ ਫਿਰਦੈਂ, ਤੈਨੂੰ ਪਤੈ ਉਹ ਕਿਸ ਤਰ੍ਹਾਂ ਦੀ ਕੁੜੀ ਐ.... ਪਿੰਡ ਦਾ ਕੋਈ ਮੁੰਡਾ ਓਨ੍ਹੇ ਛੱਡਿਆ... ਜਿਵੇਂ ਕੁੱਤੀ ਮਗਰ ਕੁੱਤੇ। ਹਰਲ ਹਰਲ ਕਰਦੀ ਫਿਰਦੀ ਆ ਮੁੰਡੀਰ ਉਹਦੇ ਪਿੱਛੇ....... ਤੇ ਹੁਣ ਤੂੰ ਚੱਟੀ ਫਿਰਦੈਂ ...... । " ਉਹਦੀ ਅਵਾਜ਼ 'ਚ ਤਲਖੀ ਤੇ ਨਹੋਰਾ ਸੀ।

" ਤੂੰ ਮੰਨਦੀ ਕਿਉਂ ਨ੍ਹੀਂ, ਮੈਂ ....... । "

" ਤੂੰ ਮੈਨੂੰ ਪਿਆਰ ਕਰ ਵੀ ਕਿੱਦਾਂ ਸਕਦਾਂ .... ਤੇਰੇ ਉੱਤੇ ਉਹ ਭੂਤਨੀ ਜਿਉਂ ਸਵਾਰ ਹੋਈ ਪਈ ਆ..... ਪਤਾ ਨ੍ਹੀਂ ਕੀ ਭੁੱਕ ਦਿੰਦੀ ਆ ਉਹ ... ਤੁਹਾਡੇ ਸਿਰਾਂ 'ਚ।"

ਮੈਂ ਚੁੱਪ ਸੀ। ਮੈਂ ਤਾਂ ਡਰਦਾ ਸੀ ਕਿ ਕੋਈ ਦੇਖਣ ਵਾਲਾ ਕੀ ਕਹੂ। ਪਿੰਡ ਲਾਗੇ ਆ ਗਿਆ ਸੀ।

" ਉਹ ਤਾਂ ਸ਼ੇਰੇ ਵਰਗੇ ਮੁੰਡਿਆਂ ਲਈ ਆ। ਤੈਨੂੰ ਤਾਂ ਮੇਰੇ ਵਰਗੀ ਕੁੜੀ ਚਾਹੀਦੀ ਆ.... ਭੋਲੀ ਭਾਲੀ ਸਿੱਧੀ ਸਾਦੀ। "

" ਨਈਂ ਵਿੰਦਰ, ਮੈਂ ਕਿਸੇ ਨੂੰ ਪਿਆਰ ਨ੍ਹੀਂ ਕਰਦਾ ਤੇ ਨਾ ਹੀ ਕਰਾਂਗਾ। "

" ਕਿਉਂ ਨ੍ਹੀਂ ਕਰੇਂਗਾ ? ..... ਕੀ ਨਈਂ ਹੈ ਮੇਰੇ ਕੋਲ.... ਕਿਉਂ ਬੁਰੀ ਲੱਗਦੀ ਆਂ ਮੈਂ ਤੈਨੂੰ ... ਦੱਸ ਤਾਂ ਸਹੀ। ਕੁਛ ਤਾਂ ਬੋਲ..... ਮੈਂ ਤੈਨੂੰ ਪਿਆਰ ਕਰਦੀ ਆਂ ਸੱਜਣਾ। ਕੋਈ ਦੌਲਤ ਤਾਂ ਨ੍ਹੀਂ ਮੰਗਦੀ ..... ਮੂੰਹੋਂ ਮੰਗਿਆ ਪਿਆਰ ਤਾਂ ਦੇ ਦੇ। " ਉਹ ਜਿਵੇਂ ਸਿਸਕ ਹੀ ਪਈ।

" ਚੰਗਾ ਬਾਬਾ! ਜਾਹ ਦਫਾ ਹੋ। " ਮੈਂ ਉਹਨੂੰ ਝਿੜਕਿਆ ਸੀ। ਪਰ ਪਤਾ ਨਹੀਂ ਉਹਨੂੰ ਕੀ ਮਿਲ ਗਿਆ ਸੀ। ਪੱਬਾਂ ਭਾਰ ਹੁੰਦੀ ਉਹ ਦੌੜ ਗਈ। ਉਹ ਖੁਸ਼ ਸੀ, ਬਹੁਤ ਖੁਸ਼ । ਮੈਂ ਤਾਂ ਉਹਨੂੰ ਕੁਝ ਵੀ ਨਹੀਂ ਸੀ ਦਿੱਤਾ। ਦੋ ਸ਼ਬਦ ਹੀ ਤਾਂ ਕਹੇ ਸੀ।

ਉਹ ਚਲੀ ਗਈ,ਪਰ ਮੇਰੇ ਮੇਰੇ ਲਈ ਇੱਕ ਮੁਸੀਬਤ ਖੜੀ ਕਰ ਗਈ। ਮੈਨੂੰ ਉਹਦੀਆਂ ਗੱਲਾਂ ਮੁੜ ਮੁੜ ਯਾਦ ਆਉਂਦੀਆਂ ਸੀ। ' ਉਹ ਤਾਂ ਸ਼ੇਰੇ ਵਰਗੇ ਮੁੰਡਿਆਂ ਲਈ ਆ। ਤੈਨੂੰ ਤਾਂ ਮੇਰੇ ਵਰਗੀ ਕੁੜੀ ਚਾਹੀਦੀ ਆ.... ਭੋਲੀ ਭਾਲੀ ਸਿੱਧੀ ਸਾਦੀ। '

ਮੈਨੂੰ ਹਾਸਾ ਆ ਗਿਆ। ਸਾਰੀ ਰਾਤ ਮੈਨੂੰ ਨੀਂਦ ਨਾ ਆਈ। ਪਿਆਰ ਕੀ ਹੁੰਦੈ, ਮੈਨੂੰ ਅਹਿਸਾਸ ਹੋ ਗਿਆ ਸੀ। ਕਿਸੇ ਲਈ ਤੜਫਣਾ ਕੀ ਹੁੰਦਾ, ਸਮਝ ਪੈ ਗਈ ਸੀ। ਮੈਂ ਵਿੰਦਰ ਲਈ ਤੜਫ ਰਿਹਾ ਸੀ।

ਮੈਂ ਉਹਦੀ ਗੱਲ ਮੰਨ ਲਈ ਸੀ। ਨਾਲੇ ਲੋਕ ਤਾਂ ਪਿਆਰ ਲਈ ਤਰਸਦੇ ਆ, ਉਹ ਮੇਰੇ ਕੋਲ ਚੱਲ ਕੇ ਆਈ ਸੀ। ਮੂੰਹੋਂ ਮੰਗਿਆ ਪਿਆਰ ਮੈਥੋਂ ਠੁਕਰਾਇਆ ਨਾ ਗਿਆ।

ਹੁਣ ਉਹ ਮੈਨੂੰ ਰੋਜ਼ ਮਿਲਦੀ। ਮਿੱਠੀਆਂ ਮਿੱਠੀਆਂ ਗੱਲਾਂ ਕਰਦੀ, ਹੱਸਦੀ ਰਹਿੰਦੀ। ਉਹਦਾ ਹਾਸਾ ਮੇਰੇ ਅੰਦਰ ਕੁਤਕੁਤਾਰੀਆਂ ਕੱਢਦਾ। ਮੈਂ ਉਹਨੂੰ ਬਾਹਾਂ ਵਿੱਚ ਘੁੱਟ ਕੇ ਉਹਦੀਆਂ ਗੋਰੀਆਂ ਗੋਰੀਆਂ, ਪਿਆਰੀਆਂ ਪਿਆਰੀਆਂ ਨਰਮ ਗੱਲ੍ਹਾਂ ਨੂੰ ਚੁੰਮਦਾ ਰਹਿੰਦਾ। ਮੈਂ ਇੱਕ ਨਸ਼ੇ ਵਿੱਚ ਨਸ਼ਿਆ ਜਾਂਦਾ ਤੇ ਉਹ ਮੇਰੇ ਨਾਲ ਹੋਰ ਘੁੱਟ ਕੇ ਚੁੰਬੜ ਜਾਂਦੀ।

ਉਸ ਵੇਲੇ ਸਾਡੇ ਦਿਲਾਂ ਵਿੱਚ ਪਿਆਰ ਸੀ, ਸਿਰਫ ਪਿਆਰ। ਪਾਪ ਵਰਗੀ ਕੋਈ ਗੱਲ ਸਾਡੇ ਨੇੜੇ ਵੀ ਨਹੀਂ ਸੀ ਢੁੱਕਦੀ। ਉਹ ਮੇਰੇ ਨਾਲ ਲੜਦੀ ਝਗੜਦੀ ਤੇ ਫਿਰ ਆਪੇ ਹੀ ਮੰਨ ਜਾਂਦੀ।

ਕਾਲਜ ਖੁੱਲ ਗਏ ਤਾਂ ਮੈਂ ਫਗਵਾੜੇ ਰਾਮਗੜ੍ਹੀਆ ਕਾਲਜ ਜਾਣ ਲੱਗ ਪਿਆ। ਪਿੰਡਾਂ ਵਿੱਚ ਦੀ ਸ਼ਾਰਟ ਕੱਟ ਜਾਣ ਕਰਕੇ ਮੈਂ ਸਾਈਕਲ 'ਤੇ ਹੀ ਚਲਾ ਜਾਂਦਾ ਸੀ। ਉਹ ਆਪਣੇ ਕੋਠੇ 'ਤੇ ਚੜ੍ਹ ਕੇ ਮੈਨੂੰ ਜਾਂਦੇ ਨੂੰ ਦੇਖਦੀ ਰਹਿੰਦੀ। ਤੇ ਐਵੇਂ ਟੱਪਦੀ ਰਹਿੰਦੀ। ਸ਼ਾਮ ਨੂੰ ਜਦੋਂ ਮੁੜਦਾ ਤਾਂ ਵੀ ਉਹ ਉੱਥੇ ਹੀ ਖੜ੍ਹੀ ਹੁੰਦੀ।

ਕਹਿੰਦੇ ਨੇ ਪਿਆਰ ਤੇ ਮਹਿਕ ਛੁਪਾਇਆਂ ਨਹੀਂ ਛੁਪਦੇ। ਤੇ ਸਾਡੇ ਇਸ

ਪਿਆਰ ਬਾਰੇ ਵੀ ਮੇਰੇ ਦੋਸਤ ਨੂੰ ਪਤਾ ਲੱਗ ਗਿਆ ਸੀ ਤੇ ਉਸਦੀ ਚੰਨੀ ਨੂੰ ਵੀ। ਚੰਨੀ ਨੇ ਉਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਵਿੰਦਰ ਦੀਆਂ ਖਰੀਆਂ ਖਰੀਆਂ ਅੱਗੇ ਟਿਕ ਨਾ ਸਕੀ।

ਵਿੰਦਰ ਜਿੰਦਾ ਦਿਲ ਕੁੜੀ ਸੀ। ਉਹ ਜੋ ਕਹਿੰਦੀ, ਡਟ ਕੇ ਕਹਿੰਦੀ। ਹੁਣ ਉਹ ਛੋਟੇ ਛੋਟੇ ਪੱਤਰਾਂ 'ਚ ਮੈਨੂੰ ਸ਼ਿਅਰ ਲਿਖ ਭੇਜਦੀ ਤੇ ਮਿੱਠੀਆਂ ਮਿੱਠੀਆਂ ਗੱਲਾਂ ਵੀ। ਮੈਂ ਵੀ ਉਹਨੂੰ ਪਿਆਰ ਭਰੀਆਂ ਚਿੱਠੀਆਂ ਲਿਖਦਾ। ਉਹ ਮੈਨੂੰ ਸ਼ਿਅਰ ਕਿਤਾਬਾਂ 'ਚੋਂ ਚੁਣ ਚੁਣ ਕੇ ਭੇਜਦੀ ਤੇ ਮੈਂ ਉਹਨੂੰ ਆਪਣੇ ਲਿਖ ਕੇ ਭੇਜਦਾ। ਉਹਨੂੰ ਇਹ ਬੜੇ ਚੰਗੇ ਲੱਗਦੇ। ਉਹ ਤਾਂ ਇਹੀ ਕਹਿੰਦੀ, " ਸੱਜਣਾ ਤੂੰ ਹੋਰ ਕੁਝ ਨਾ ਲਿਖਿਆ ਕਰ, ਸਿਰਫ ਸੇਅਰ ਹੀ ਲਿਖਿਆ ਕਰ। ਤੂੰ ਬਹੁਤ ਸੋਹਣਾ ਲਿਖ ਲੈਨਾਂ ਏਂ। "

ਮੈਨੂੰ ਹੁਣ ਉਹਨੂੰ ਮਿਲਿਆ ਨਾ ਜਾਂਦਾ। ਕਾਲਜ ਦੀ ਪੜ੍ਹਾਈ ਸਕੂਲ ਦੀ ਪੜ੍ਹਾਈ ਤੋਂ ਜਿਆਦਾ ਸੀ। ਸ਼ਹਿਰੋਂ ਆਉਂਦਿਆਂ ਵੀ ਹਨੇਰਾ ਹੋ ਜਾਂਦਾ। ਘਰੋਂ ਬਾਹਰ ਜਾਣ ਦਾ ਸਮਾਂ ਨਾ ਮਿਲਦਾ। ਛੁੱਟੀ ਵਾਲੇ ਦਿਨ ਵੀ ਕਿਤੇ ਨਾ ਕਿਤੇ ਜਾਣਾ ਪੈਂ ਜਾਂਦਾ।

ਜਿਦ ਕਿਸੇ ਵੀ ਚੀਜ਼ ਦੀ ਮਾੜੀ ਹੁੰਦੀ ਹੈ। ਇਹਦੇ ਵਿੱਚ ਇਹ ਨਹੀਂ ਦੇਖਿਆ ਜਾਂਦਾ ਕਿ ਸਾਡਾ ਕਿੰਨਾਂ ਨੁਕਸਾਨ ਹੋ ਰਿਹਾ ਹੈ। ਮੈਂ ਚਾਹੁੰਦਾ ਸੀ ਕਿ ਉਹ ਮੈਨੂੰ ਮਿਲੇ, ਉਹ ਚਾਹੁੰਦੀ ਸੀ ਕਿ ਮੈਂ ਉਹਨੂੰ ਮਿਲਾਂ। ਸਾਡੀ ਦੋਵਾਂ ਦੀ ਜਿਦ ਨੇ ਸਾਡਾ ਹੱਸਦਾ - ਖੇਡਦਾ ਪਿਆਰ ਖਾ ਲਿਆ। ਇੱਕ ਦਿਨ ਮੈਂ ਉਹਨੂੰ ਸੱਦਿਆ ਵੀ ਪਰ ਉਹ ਨਾ ਆਈ।

ਬਸ ਇਸ ਦੇ ਨਾਲ ਹੀ ਮੇਰਾ ਦਿਲ ਉਸ ਤੋਂ ਮੁਨਕਰ ਹੋ ਗਿਆ। ਬਹੁਤ ਵਾਰ ਉਸ ਨੇ ਚਾਹਿਆ ਕਿ ਮੈਂ ਉਹਨੂੰ ਮਿਲਾਂ, ਉਹਦੇ ਨਾਲ ਬੋਲਾਂ। ਮਿੱਠੀਆਂ ਮਿੱਠੀਆਂ ਗੱਲਾਂ ਕਰਾਂ। ਪਰ ਮੈਂ ਟੱਸ ਤੋਂ ਮੱਸ ਨਾ ਹੋਇਆ। ਕੱਟੇ ਹੋਏ ਅੰਗ ਵਾਂਗ ਮੈਂ ਉਹਨੂੰ ਦਿਲੋਂ ਭੁਲਾ ਦਿੱਤਾ।

(3)

" ਰੀਟਾ ਤੂੰ ਮੇਰੀ ਗੱਲ ਕਿਉਂ ਨਈਂ ਮੰਨਦੀ ? "

" ਕੀ ਗੱਲ ਨ੍ਹੀਂ ਮੰਨਦੀ , ਮੈਂ ਤੇਰੀ ? "

" ਰੀਟਾ ਮੈਂ ਤੈਨੂੰ ਬਹੁਤ ਪਿਆਰ ਕਰਦਾਂ ਹਾਂ। ਮੁਹੱਬਤ ਕਰਦਾਂ ਹਾਂ। ਤੂੰ ਹੀ ਮੇਰੀ ਜਿੰਦਗੀ ਏਂ ਰੀਟਾ। "

" ਨਈਂ, ਨਈਂ ਇਹ ਝੂਠ ਐ। ਇਹ ਸਭ ਝੂਠ ਐ। ਤੂੰ ਮੈਨੂੰ ਮੁਹੱਬਤ ਨਹੀਂ ਕਰਦਾ। ਤੂੰ ਪਾਪੀ ਏਂ ਸੱਜਣਾ। ਤੂੰ ਮੇਰੇ ਨਾਲ ਛਲ ਕੀਤਾ ਏ। ਧੋਖਾ ਕੀਤਾ ਏ ਸੱਜਣਾ। ਸੱਜਣਾ ਤੂੰ ........ । "

" ਕੀ ਛਲ ਕੀਤਾ ਏ ਮੈਂ ਤੇਰੇ ਨਾਲ ? ਰੀਟਾ ਬੋਲ ਨਾ। ਬੋਲ ਕੀ ਛਲ ਕੀਤਾ ਏ ਮੈਂ ਤੇਰੇ ਨਾਲ ? "

" ਮੈਨੂੰ ਕੀ ਪੁੱਛਦਾਂ ਏਂ, ਆਪਣੇ ਆਪ ਤੋਂ ਪੁੱਛ । ਸੱਜਣਾ ਤੂੰ ਫਰੇਬੀ ਏਂ। ਤੂੰ ਮੇਰੇ ਨਾਲ ਫਰੇਬ ਕੀਤਾ ਏ, ਬਹੁਤ ਵੱਡਾ ਧੋਖਾ, ਵੱਡਾ ਧੋਖਾ ਕੀਤਾ ਏ।

" ਤੇ ਉਹ ਧੋਖਾ ਇਹ ਏ ਕਿ ਮੈਂ ਜਿੰਦ ਨੂੰ ਬੁਲਾਇਆ। ਕੀ ਕਿਸੇ ਨੂੰ ਬੁਲਾਉਣਾ

ਪਾਪ ਏ, ਕਿਸੇ ਨਾਲ ਬੋਲਣਾ ਪਾਪ ਐ। ”

“ ਕੌਣ ਕਹਿੰਦਾ ਏ ਕਿ ਕਿਸੇ ਨੂੰ ਬੁਲਾਉਣਾ ਪਾਪ ਏ, ਜਾਂ ਕਿਸੇ ਨਾਲ ਬੋਲਣਾ ਪਾਪ ਐ। ਤੂੰ ਉਹਨੂੰ ਬੁਲਾਉਂਦਾ ਈ ਨਈਂ, ਪਿਆਰ ਵੀ ਕਰਦਾਂ ਏਂ। ਉਸ ਨਾਲ ਰੰਗਰਲੀਆਂ ਮਨਾਉਂਦਾ ਏਂ। ਕੀ ਨਈਂ ਕਰਦਾ ਤੂੰ ਉਹਦੇ ਨਾਲ.. ? ”

“ ਮੈਂ ਕਿਸੇ ਨੂੰ ਕੁਝ ਨ੍ਹੀਂ ਕਿਹਾ ਰੀਟਾ, ਰੀਟਾ ਮੈਂ ਨਿਰਦੋਸ਼ ਹਾਂ। ਮੈਂ ਤਾਂ ਸਦਾ ਹੀ ਉਹਨੂੰ ਤੇਰੀ ਫਰੈਂਡ ਸਮਝਿਆ । ਹਾਂ ਜੇ ਕੋਈ ਭਾਵੁਕਤਾ ਵਿੱਚ ਕਿਸੇ ਨੂੰ ਬਾਹਾਂ ਵਿੱਚ ਲੈ ਲੈਂਦਾ ਏ ਤਾਂ ਕੀ ਉਹਨੂੰ ਪਿਆਰ ਕਿਹਾ ਜਾਂਦਾ ਏ। ਕੀ ਉਸ ਨੂੰ ਪਾਪ ਕਿਹਾ ਜਾਂਦਾ ਏ। ਜੇ ਮੈਂ ਇਹ ਸਭ ਕੀਤਾ ਵੀ ਏ ਤਾਂ ਮੈਂ ਸਿਰਫ ਗਨਾਹ ਕੀਤਾ ਏ ਰੀਟਾ, ਸਿਰਫ ਗੁਨਾਹ। ਮੈਂ ਕੋਈ ਪਾਪ ਨਹੀਂ ਕੀਤਾ। ਇੱਕ ਗੁਨਾਹ ਦੀ ਸਜ਼ਾ ਜੋ ਤੂੰ ਮੈਨੂੰ ਦੇ ਰਹੀਂ ਏਂ, ਉਹ ਮੈਥੋਂ ਜ਼ਰੀ ਨਹੀਂ ਜਾਂਦੀ, ਰੀਟਾ ਸਹੀ ਨਹੀਂ ਜਾਂਦੀ।

ਰੀਟਾ ਇੱਕ ਅਮੀਰ ਘਰ ਦੀ ਕੁੜੀ ਸੀ। ਪਿੰਡ ਦੇ ਲੋਕਾਂ ਵਾਂਗ ਹੀ ਉਹਦੀ ਰਹਿਣੀ ਬਹਿਣੀ ਸੀ। ਸਿੱਧੀ ਸਾਦੀ ਸ਼ਰਮੀਲੀ ਜਿਹੀ। ਸ਼ਹਿਰ ਦੀਆਂ ਕੁੜੀਆਂ ਵੱਲ ਦੇਖ ਕੇ ਉਹਨੇ ਕਦੇ ਨਹੀਂ ਸੀ ਸੋਚਿਆ ਕਿ ਉਹ ਉਨ੍ਹਾਂ ਵਾਂਗ ਪੈਂਟਾਂ ਸ਼ਰਟਾਂ ਪਾਵੇ ਤੇ ਕੱਟੇ ਹੋਏ ਵਾਲਾਂ ਨਾਲ ਕਾਲਜ ਆਵੇ। ਉਸ ਨੇ ਕਦੇ ਫੈਸ਼ਨ ਵੈਸ਼ਨ ਨਹੀਂ ਸੀ ਕੀਤਾ। ਉਹ ਤਾਂ ਇਸ ਨੂੰ ਨੰਗਾਪਨ ਸਮਝਦੀ ਸੀ। ਖਰਚ ਵੀ ਉਹ ਜਰੂਰਤ ਤੋਂ ਜਿਆਦਾ ਨਹੀਂ ਸੀ ਕਰਦੀ।

ਗੋਰਾ ਗੁਲਾਬੀ ਰੰਗ, ਸ਼ਰਬਤੀ ਨੈਣ। ਮਾਸੂਮ ਚਿਹਰਾ ਪਰ ਤਾਜਗੀ ਭਰਿਆ। ਜਿਵੇਂ ਹੁਣੇ ਹੁਣੇ ਫੁੱਲਾਂ ਤੋਂ ਸ਼ਬਨਮ ਉੱਤਰੀ ਹੋਵੇ। ਉਹਦੀਆਂ ਭਰੀਆਂ ਛਾਤੀਆਂ ਦੇ ਉਭਾਰ ਹਰ ਇੱਕ ਨੂੰ ਆਪਣੇ ਵੱਲ ਆਕਰਸ਼ਤ ਕਰਦੇ। ਜੱਟਾਂ ਦੀ ਕੁੜੀ ਸੀ, ਇਸੇ ਕਰਕੇ ਸ਼ਾਇਦ ਕਾਫੀ ਸਿਹਤਮੰਦ ਨਿਕਲ ਆਈ ਸੀ।

ਕਾਲਜ ਵਿੱਚ ਦੂਸਰਾ ਸਾਲ ਸੀ। ਹੁਣ ਮੈਂ ਸਾਈਕਲ ਦੀ ਬਜਾਏ ਬੱਸ ਵਿੱਚ ਕਾਲਜ ਆਉਣਾ ਸ਼ੁਰੂ ਕਰ ਦਿੱਤਾ ਸੀ। ਵੈਸੇ ਵੀ ਵਿੰਦਰ ਦਾ ਘਰ ਉਸ ਰਾਹ ’ਤੇ ਪੈਂਦਾ ਸੀ ਜਿਧਰ ਦੀ ਮੈਂ ਪਿੰਡਾਂ ਵਿੱਚ ਦੀ ਸਾਰਟ ਕੱਟ ਕਰਕੇ ਆਉਂਦਾ ਸੀ। ਵਿੰਦਰ ਨਾਲ ਟੁੱਟ ਚੁੱਕੀ ਸੀ। ਰਾਹ ਬਦਲ ਗਿਆ ਸੀ। ਰੀਟਾ ਤੇ ਹੋਰ ਕੁੜੀਆਂ ਮੁੰਡੇ ਵੀ ਇਸ ਰਾਹ ਦੀਆਂ ਬੱਸਾਂ ਵਿੱਚ ਆਉਂਦੇ ਜਾਂਦੇ ਸਨ। ਇੱਕ ਹੀ ਰਸਤੇ ਤੇ ਇੱਕ ਹੀ ਬੱਸ ਵਿੱਚ ਆਉਣ ਜਾਣ ਕਾਰਨ ਅਸੀਂ ਰੋਜ਼ ਹੀ ਇੱਕ ਦੂਜੇ ਨੂੰ ਮਿਲ ਜਾਂਦੇ ਸੀ। ਪਹਿਲਾਂ ਪਹਿਲਾਂ ਤਾਂ ਇੱਕ ਦੂਜੇ ਨੂੰ ਬੁਲਾਉਣ ਤੋਂ ਵੀ ਝਿਜਕਦੇ ਰਹੇ, ਪਰ ਬਾਅਦ ਵਿੱਚ ਇਹ ਦੂਰੀ ਸਮਾਪਤ ਹੋ ਗਈ।

ਜਦੋਂ ਵੀ ਅਸੀਂ ਮਿਲਦੇ, ਸਾਡੀਆਂ ਨਜ਼ਰਾਂ ’ਚ ਇੱਕ ਦੂਜੇ ਲਈ ਪਿਆਸ ਜਿਹੀ ਨਜ਼ਰ ਆਉਂਦੀ। ਜਿੰਨਾਂ ਮੈਂ ਉਸ ਕੋਲੋਂ ਦੂਰ ਰਹਿਣ ਦੀ ਕੋਸ਼ਿਸ ਕਰਦਾ, ਓਨਾ ਹੀ ਉਹਦੇ ਨੇੜੇ ਆਉਂਦਾ ਜਾਂਦਾ। ਹੁਣ ਤਾਂ ਇਹ ਗੱਲ ਹੋ ਗਈ ਸੀ ਕਿ ਬੱਸ ’ਚ ਇੱਕ ਦੂਜੇ ਲਈ ਸੀਟ ਵੀ ਰੱਖਣ ਲੱਗ ਪਏ ਸੀ। ਜੇ ਇੱਕ ਜਣਾ ਕਾਲਜ ਨਾ ਆਉਂਦਾ ਤਾਂ ਦੂਸਰੇ ਲਈ ਦਿਨ ਕੱਟਣਾ ਮੁਸ਼ਕਿਲ ਹੋ ਜਾਂਦਾ। ਮੱਛੀ ਜਿਵੇਂ ਪਾਣੀ ਬਿਨ੍ਹਾਂ ਤੜਫਦੀ ਹੈ, ਇਸ ਤਰ੍ਹਾਂ ਇੱਕ ਤੜਪ ਜਿਹੀ ਦਿਲ ਵਿੱਚ ਉੱਬਲਦੀ ਰਹਿੰਦੀ। ਦਿਲੋ ਦਿਲੀ ਅਸੀਂ ਮੁਹੱਬਤ ਦੇ ਝੂਲੇ

ਝੂਲਦੇ ਰਹਿੰਦੇ। ਜਦੋਂ ਤੱਕ ਇੱਕ ਦੂਜੇ ਦਾ ਮੂੰਹ ਨਾ ਦੇਖ ਲੈਂਦੇ ਸਾਨੂੰ ਚੈਨ ਨਾ ਆਉਂਦੀ।

ਪਿਆਰ ਕਰਨ ਵਾਲੇ ਛੋਟਾ ਵੱਡਾ, ਅਮੀਰ ਗਰੀਬ ਕੁਝ ਨਹੀਂ ਦੇਖਦੇ। ਉਸ ਦੇ ਘਰ ਦੀ ਹਾਲਤ ਮੇਰੇ ਘਰ ਤੋਂ ਬਹੁਤ ਅੱਛੀ ਸੀ। ਕਾਫੀ ਜ਼ਮੀਨ ਜਾਇਦਾਦ ਸੀ। ਫਿਰ ਵੀ ਰੀਟਾ ਬਿਨ੍ਹਾਂ ਕਿਸੇ ਮਾਣ ਜਾਂ ਹੰਕਾਰ ਦੇ ਮੈਨੂੰ ਪਿਆਰ ਕਰਦੀ ਸੀ।

ਅਜੇ ਤੱਕ ਰੀਟਾ ਨੇ ਆਪਣੀ ਕਿਸੇ ਸਹੇਲੀ ਨੂੰ ਇਸ ਬਾਰੇ ਨਹੀਂ ਸੀ ਦੱਸਿਆ, ਪਰ ਫਿਰ ਵੀ ਕਈਆਂ ਦੇ ਕੰਨਾਂ ਵਿੱਚ ਇਸ ਦੀ ਭਿਣਕ ਪੈ ਗਈ ਸੀ। ਪਹਿਲਾਂ ਜੇ ਮੈਂ ਕੋਈ ਸ਼ਰਾਰਤ ਦੀ ਗੱਲ ਕਰਦਾ ਤਾਂ ਉਹ ਸ਼ਰਮਾ ਕੇ ਪਰ੍ਹੇ ਹੋ ਜਾਂਦੀ। ਹੁਣ ਰੀਟਾ ਨੂੰ ਉਨ੍ਹਾਂ ਤੋਂ ਕਈ ਕੁਝ ਸੁਣਨਾ ਪੈਂਦਾ। ਕਈ ਵਾਰ ਉਹ ਉਨ੍ਹਾਂ ਤੋਂ ਬੋਰ ਵੀ ਹੋ ਜਾਂਦੀ, ਤੇ ਖਿਝ ਉੱਠਦੀ। ਉਹ ਮੇਰੇ ਨਾਲ ਵੀ ਛੇੜ ਛਾੜ ਸ਼ੁਰੂ ਕਰ ਦਿੰਦੀਆਂ ਤੇ ਬੜੀ ਮੁਸਕਿਲ ਨਾਲ ਹੀ ਖਹਿੜਾ ਛੱਡਦੀਆਂ।

ਉਨ੍ਹਾਂ ਦਿਨਾਂ 'ਚ ਮੈਂ ਕਾਲਜ ਦੀ ਡਰਾਮਾ ਟੀਮ ਦਾ ਹੀਰੋ ਸੀ। ਸੋਹਣਾ ਸੁਨੱਖਾ, ਮਿਹਨਤੀ ਤੇ ਬੋਲ ਚਾਲ ਚੰਗੀ ਹੋਣ ਕਰਕੇ ਮੈਂ ਹਰ ਇੱਕ ਦੇ ਦਿਲ 'ਤੇ ਜਾਦੂ ਕਰ ਗਿਆ ਸੀ। ਕਈ ਕੁੜੀਆਂ ਮੇਰੇ 'ਤੇ ਮਰਦੀਆਂ ਸਨ। ਡਰਾਮੇ ਵਿਚਲੀਆਂ ਤਾਂ ਮੇਰੇ 'ਤੇ ਹੱਕ ਹੀ ਜਮਾਈ ਬੈਠੀਆਂ ਸੀ। ਕਿਉਂਕਿ ਰੋਲ ਕਰਨ ਵੇਲੇ ਤੇ ਰੀਹਰਸਲ ਕਰਨ ਵੇਲੇ ਉਹ ਮੇਰੇ ਨੇੜੇ ਜਿਆਦਾ ਰਹਿੰਦੀਆਂ ਸਨ। ਤੇ ਇਹ ਉਸੇ ਨੂੰ ਅਸਲੀਅਤ ਸਮਝ ਕੇ ਜੀ ਰਹੀਆਂ ਸਨ।

ਸ਼ੀਲਾ, ਦੀਪੀ ਤੇ ਜਿੰਦ ਖਾਸ ਕਰਕੇ ਉਸ ਨੂੰ ਜਿਆਦਾ ਹੀ ਛੇੜਦੀਆਂ। ਉਪਰੋਂ ਉਪਰੋਂ ਤਾਂ ਰੀਟਾ ਕਾਫੀ ਗੁੱਸੇ ਵਿੱਚ ਆ ਜਾਂਦੀ, ਪਰ ਦਿਲੋਂ ਉਹ ਖੁਸ਼ ਹੁੰਦੀ। ਕਈ ਵਾਰੀ ਰੁੱਸ ਜਾਣ ਦਾ ਬਹਾਨਾ ਵੀ ਕਰ ਲੈਂਦੀ ਤਾਂ ਕਿ ਇਸੇ ਬਹਾਨੇ ਉਹ ਉਸ ਨੂੰ ਮਨਾਉਣ ਤੇ ਛੇੜਨ।

ਇਸ ਤਰ੍ਹਾਂ ਜਦੋਂ ਉਹ ਮੈਨੂੰ ਛੇੜਦੀਆਂ ਤਾਂ ਮੁਮਕਿਨ ਸੀ ਕਿ ਮੈਂ ਵੀ ਉਨ੍ਹਾਂ ਨੂੰ ਛੇੜਦਾ। ਵੈਸੇ ਪਿਆਰ ਕਰਨ ਵਾਲਿਆਂ ਨਾਲ ਕਿਸੇ ਦੀ ਕਦੇ ਨਹੀਂ ਬਣੀ। ਜਦੋਂ ਵੀ ਮੈਂ ਤੇ ਰੀਟਾ ਕੋਈ ਗੱਲ ਕਰਦੇ ਤਾਂ ਦੂਸਰੇ ਮੁੰਡੇ ਕੁੜੀਆਂ ਸਾਨੂੰ ਦੇਖ ਕੇ ਸੜਦੇ।

ਇਸ ਤਰ੍ਹਾਂ ਹੀ ਇੱਕ ਦਿਨ ਮੈਂ ਆਪਣੇ ਕਮਰੇ ਵਿੱਚ ਬੈਠਾ ਸੀ। ਕਾਲਜ ਵਿੱਚ ਮੈਚ ਹੋ ਰਹੇ ਸਨ । ਕਲਾਸ ਰੂਮ ਖਾਲੀ ਪਏ ਸਨ। ਰੀਟਾ ਦੀ ਸਹੇਲੀ ਜਿੰਦ ਅਚਾਨਕ ਕਮਰੇ ਵਿੱਚ ਆ ਗਈ। ਉਸ ਦੀ ਆਦਤ ਸੀ ਕਿ ਉਹ ਜਦ ਵੀ ਕਦੇ ਮੈਨੂੰ ਇਕੱਲੇ ਨੂੰ ਦੇਖਦੀ, ਛੇੜ ਛਾੜ ਸ਼ੁਰੂ ਕਰ ਦਿੰਦੀ। ਆਦਤ ਤੋਂ ਮਜਬੂਰ ਅੱਜ ਵੀ ਉਸ ਨੇ ਅਜਿਹਾ ਹੀ ਕੀਤਾ। ਪਹਿਲਾਂ ਤਾਂ ਮੈਂ ਬੈਠਾ ਆਪਣਾ ਕੰਮ ਕਰਦਾ ਰਿਹਾ, ਪਰ ਜਦੋਂ ਉਹ ਨਾ ਹੀ ਹਟੀ ਤਾਂ ਮੈਂ ਵੀ ਉਹਦੇ ਨਾਲ ਛੇੜ ਛਾੜ ਕਰਨ ਲੱਗਾ ਤੇ ਉਸ ਦੇ ਪਿੱਛੇ ਦੌੜਨ ਲੱਗਾ।

ਆਖਿਰ ਮੈਂ ਉਸ ਨੂੰ ਫੜ ਹੀ ਲਿਆ। ਜਿੰਦ ਜਿੰਨੀ ਸ਼ਰਾਰਤੀ ਸੀ, ਉਸ ਤੋਂ ਵਧ ਕੇ ਸੋਹਣੀ ਸੀ। ਉਸਦੀਆਂ ਅੱਖਾਂ, ਛਲਕਦੇ ਜਾਮ ਦੀ ਤਰ੍ਹਾਂ ਲੱਗਦੀਆਂ। ਜਿੰਦ ਦੀ ਮੁਸਕਰਾਹਟ 'ਤੇ ਮੈਂ ਪਾਗਲ ਜਿਹਾ ਹੋ ਗਿਆ ਤੇ ਮੈਂ ਉਸ ਨੂੰ ਬਾਹਾਂ ਵਿੱਚ ਕੱਸ ਲਿਆ। ਤੇ ਫਿਰ ਚੁੰਮ ਵੀ ਲਿਆ। ਇਸ ਵੇਲੇ ਮੈਨੂੰ ਇਹ ਖਿਆਲ ਵੀ ਨਾ ਰਿਹਾ ਕਿ ਕੋਈ ਮੈਨੂੰ ਦੇਖ ਕੇ

ਕੀ ਕਹੇਗਾ। ਰੀਟਾ ਦੀ ਸਹੇਲੀ ਸ਼ੀਲਾ ਨੇ ਛੁਪ ਕੇ ਇਹ ਸਭ ਦੇਖਿਆ ਸੀ ਤੇ ਰੀਟਾ ਨੂੰ ਦੱਸ ਦਿੱਤਾ ।

ਰੀਟਾ ਨੇ ਇਸ ਨੂੰ ਸੱਚ ਮੰਨ ਲਿਆ ਤੇ ਮੈਨੂੰ ਦੋਸ਼ੀ। ਬਸ ਉਸ ਤੋਂ ਬਾਅਦ ਉਹ ਮੈਨੂੰ ਮਿਲੀ ਨਾ। ਜੇ ਮਿਲਦੀ ਵੀ ਤਾਂ ਵਲ੍ਹ ਪਾ ਕੇ ਪਰ੍ਹੇ ਦੀ ਖਿਸਕ ਜਾਂਦੀ। ਜਾਂ ਫਿਰ ਪਾਸਾ ਵੱਟ ਕੇ ਮੇਰੇ ਕੋਲ ਦੀ ਲੰਘ ਜਾਂਦੀ।

ਪਹਿਲਾਂ ਤਾਂ ਮੇਰੀ ਸਮਝ ਵਿੱਚ ਕੁਝ ਨਾ ਆਇਆ ਕਿ ਉਹਨੂੰ ਹੋ ਕੀ ਗਿਆ। ਪਰ ਜਦੋਂ ਉਸ ਦਿਨ ਦੀ ਯਾਦ ਆਈ ਤਾਂ ਮੇਰੇ ਖਾਨਿਉਂ ਗਈ। ਮੈਨੂੰ ਸਮਝਣ ਵਿੱਚ ਦੇਰ ਨਾ ਲੱਗੀ ਕਿ ਉਸ ਦਿਨ ਜਰੂਰ ਕਿਸੇ ਨੇ ਦੇਖਿਆ ਹੋਣੈ ਤੇ ਰੀਟਾ ਨੂੰ ਦੱਸ ਦਿੱਤਾ ਹੋਣੈ। ਤੇ ਜਾਂ ਫਿਰ ਉਸ ਨੇ ਆਪ ਹੀ ਦੇਖ ਲਿਆ ਹੋਣੈ।

ਮੈਂ ਹੁਣ ਪਛਤਾ ਰਿਹਾ ਸੀ। ਤੇ ਰੀਟਾ ਨੂੰ ਮਿਲਣਾ ਚਾਹੁੰਦਾ ਸੀ। ਵੈਸੇ ਵੀ ਸ਼ੀਲਾ ਨੇ ਮੈਨੂੰ ਕਿਹਾ ਸੀ ਕਿ ਰੀਟਾ ਹੁਣ ਮੇਰੇ ਨਾਲ ਕਦੇ ਨਹੀਂ ਬੋਲੇਗੀ।

ਇੱਕ ਦਿਨ ਰੀਟਾ ਮੈਨੂੰ ਮਿਲ ਹੀ ਗਈ। ਉਹ ਮੇਰੇ ਕੋਲ ਦੀ ਨਿਕਲ ਜਾਣਾ ਚਾਹੁੰਦੀ ਸੀ, ਪਰ ਮੈਂ ਉਸਨੂੰ ਰੋਕ ਲਿਆ। ਠੀਕ ਉਹ ਹੀ ਕਾਰਨ ਨਿਕਲਿਆ। ਮੈਂ ਉਸ ਨੂੰ ਸਾਰੀ ਗੱਲ ਬਿਨਾਂ ਕਿਸੇ ਝੂਠ ਦੇ ਦੱਸ ਦਿੱਤੀ। ਪਹਿਲਾਂ ਤਾਂ ਉਹ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ। ਪਰ ਜਦੋਂ ਮੈਂ ਆਪਣੀ ਗਲਤੀ ਮੰਨ ਲਈ ਤਾਂ ਹੌਲੀ ਹੌਲੀ ਉਹ ਕੁਛ ਠੰਡੀ ਪਈ। ਸ਼ੀਲਾ ਨੇ ਉਸ ਨੂੰ ਜੋ ਵੀ ਦੱਸਿਆ ਸੀ, ਉਹ ਅੱਧਾ ਸੱਚ ਸੀ। ਕਿਉਂਕਿ ਉਸ ਨੇ ਮੇਰਾ ਜਿੰਦ ਨੂੰ ਬਾਹਾਂ ਵਿੱਚ ਲੈ ਕੇ ਕੱਸਣਾ ਤੇ ਚੁੰਮਣਾ ਹੀ ਦੇਖਿਆ ਸੀ। ਜਿੰਦ ਦੀ ਸ਼ਰਾਰਤ ਤੇ ਉਸ ਦਾ ਮੈਨੂੰ ਉਕਸਾਉਣਾ ਨਹੀਂ। ਤੇ ਰੀਟਾ ਨੂੰ ਇਸ ਗੱਲ ਦੀ ਸਮਝ ਪੈ ਗਈ ਸੀ ਕਿ ਮੈਂ ਸਿਰਫ ਗੁਨਾਹ ਹੀ ਕੀਤਾ ਸੀ, ਕੋਈ ਪਾਪ ਨਹੀਂ। ਤੇ ਉਹ ਵੀ ਜਾਣ ਬੁਝ ਕੇ ਨਹੀਂ, ਭਾਵੁਕਤਾ ਵਿੱਚ।

(4)

ਓਦੋਂ ਮੈਨੂੰ ਜਲੰਧਰ ਭੂਆ ਜੀ ਕੋਲ ਰਹਿੰਦਿਆਂ ਥੋੜ੍ਹਾ ਹੀ ਚਿਰ ਹੋਇਆ ਸੀ। ਇਹ ਭੂਆ ਮੇਰੇ ਭਾਪਾ (ਪਿਤਾ) ਜੀ ਦੇ ਮਾਮੇ ਦੀ ਕੁੜੀ ਸੀ। ਕਾਫੀ ਮਿਲਨਸਾਰ ਸੀ। ਰਿਸ਼ਤੇਦਾਰੀ ਵਿੱਚ ਹਰ ਇੱਕ ਦੇ ਦੁੱਖ ਸੁੱਖ ਵਿੱਚ ਸਾਂਝੀ ਹੁੰਦੀ ਸੀ। ਭਾਪਾ ਜੀ ਤੋਂ ਕੁਝ ਸਾਲ ਵੱਡੀ ਸੀ, ਪਰ ਉਨ੍ਹਾਂ ਦੀ ਮੰਨਦੀ ਬਹੁਤ ਸੀ । ਮੈਨੂੰ ਕਪੂਰਥਲੇ ਸਿਖਿਆ ਵਿਭਾਗ ਦੇ ਦਫਤਰ ਵਿੱਚ ਨਵੀਂ ਨਵੀਂ ਨੌਕਰੀ ਮਿਲੀ ਸੀ। ਰੋਜ਼ ਪਿੰਡ ਆਉਣ ਜਾਣ ਦੇ ਚੱਕਰਾਂ ਤੋਂ ਬਚਣ ਲਈ ਮੈਂ ਭੂਆ ਜੀ ਕੋਲ ਹੀ ਟਿਕ ਗਿਆ ਸੀ। ਪੰਮੀ ਰੋਜ਼ ਹੀ ਘਰ ਦੇ ਅੱਗੋਂ ਲੰਘਦੀ। ਉਹਦਾ ਘਰ ਭੂਆ ਦੇ ਘਰ ਤੋਂ ਪਹਿਲੀ ਗਲੀ ਵਿੱਚ ਸੀ ਪਰ ਹੱਟੀ ਭੱਠੀ ਜਾਣ ਲਈ ਏਧਰ ਦੀ ਲੰਘਣਾ ਪੈਂਦਾ ਸੀ। ਹੋਰ ਕੁੜੀਆਂ ਭਾਵੇਂ ਲੱਖ ਸ਼ਰਾਰਤਾਂ ਕਰਦੀਆਂ, ਪਰ ਉਸ ਨੇ ਕਦੀ ਅੱਖ ਚੁੱਕ ਕੇ ਨਹੀਂ ਸੀ ਦੇਖਿਆ। ਮੈਨੂੰ ਬੜੀ ਹੈਰਾਨੀ ਹੁੰਦੀ। ਉਹ ਮੈਨੂੰ ਚੰਗੀ ਵੀ ਬਹੁਤ ਲੱਗਦੀ ਸੀ।

ਕਦੇ ਕਦੇ ਵਿਹਲ ਲੱਗੇ ਤਾਂ ਮੈਂ ਮਾਊਥ ਆਰਗਨ ਵਜਾਉਣ ਲੱਗ ਪੈਂਦਾ ਸੀ।

ਇਸ ਵੇਲੇ ਮੇਰਾ ਧਿਆਨ ਕਿਸੇ ਪਾਸੇ ਨਾ ਹੁੰਦਾ, ਬਸ ਆਪਣੀ ਮਸਤੀ ਵਿੱਚ ਇਹਦੀਆਂ ਧੁੰਨਾਂ ਵਿੱਚ ਗੁਆਚਿਆ ਰਹਿੰਦਾ।

ਇੱਕ ਦਿਨ ਏਦਾਂ ਹੀ ਵਿਹੜੇ 'ਚ ਬੈਠਾ ਮੈਂ ਇਹ ਵਜਾ ਰਿਹਾ ਸੀ। ਪੈਰਾਂ ਦਾ ਖੜਾਕ ਸੁਣ ਕੇ ਉਸ ਦਿਨ ਪਤਾ ਨਹੀਂ ਕਿਵੇਂ ਮੇਰੀ ਤਾਰ ਏਧਰੋਂ ਟੁੱਟ ਗਈ। ਮੈਂ ਦੇਖਿਆ ਉਹ ਬਾਹਰ ਖੜ੍ਹੀ ਮੇਰੇ ਵੱਲ ਤੱਕ ਰਹੀ ਸੀ। ਮੈਂ ਠਰ ਜਿਹਾ ਗਿਆ ਜਿਵੇਂ ਕੋਈ ਚੋਰ ਚੋਰੀ ਕਰਦਾ ਫੜਿਆ ਜਾਵੇ। ਪਰ ਛੇਤੀ ਹੀ ਸੰਭਲ ਗਿਆ ਤੇ ਅੰਦਰ ਵੱਲ ਨੂੰ ਤੁਰ ਪਿਆ। ਉਹ ਹੱਸਦੀ ਹੱਸਦੀ ਚਲੀ ਗਈ।

ਫਿਰ ਜਦੋਂ ਵੀ ਕਦੇ ਰਾਹ ਵਿੱਚ ਮਿਲ ਜਾਂਦੀ, ਉਹਦੇ ਬੁੱਲਾਂ 'ਤੇ ਹਾਸਾ ਕਿਰ ਆਉਂਦਾ। ਘਰ ਅੱਗੋਂ ਦੀ ਲੰਘਦੀ ਤਾਂ ਉਹਦੀ ਨਜ਼ਰ ਏਧਰ ਹੀ ਲੱਗੀ ਹੁੰਦੀ। ਉਸ ਨੂੰ ਕੋਈ ਫਿਕਰ ਨਾ ਹੁੰਦਾ। ਭਾਵੇਂ ਠੋਕਰ ਹੀ ਲੱਗ ਜਾਵੇ। ਜਾਂ ਅੱਗੋਂ ਆਉਂਦੇ ਕਿਸੇ ਨਾਲ ਟਕਰਾ ਹੀ ਜਾਵੇ।

" ਕੀ ਹਾਲ ਐ ਪੰਮੀ ? " ਇੱਕ ਦਿਨ ਰਾਹ ਵਿੱਚ ਟੱਕਰੀ ਤਾਂ ਮੇਰੇ ਮੂੰਹੋਂ ਨਿਕਲ ਗਿਆ।

" ਠੀਕ ਐ। ਤੇਰਾ ਈ ਖਿਆਲ ਐ। " ਉਹ ਹੱਸਦਿਆਂ ਬੋਲੀ। ਜਿਵੇਂ ਪਹਿਲਾਂ ਹੀ ਤਿਆਰ ਬੈਠੀ ਹੋਵੇ ਕਿ ਜੇ ਮੈਂ ਕੁਛ ਪੁੱਛਾਂ ਤਾਂ ਉਸ ਨੇ ਕੀ ਕਹਿਣਾ ਹੈ।

" ਕਿਉਂ ਬਈ, ਮੇਰਾ ਕਿਉਂ ਖਿਆਲ ਐ ? " ਮੈਂ ਵੀ ਹੱਸ ਪਿਆ।

" ਤੂੰ ਬਹੁਤ ਚੰਗਾ ਏਂ। "

" ਮੇਰੇ 'ਚ ਤੈਨੂੰ ਕੀ ਚੰਗਾ ਲੱਗਾ, ਪੰਮੀ। " ਮੈਂ ਫਿਰ ਕਿਹਾ। ਮੈਂ ਚਾਹੁੰਦਾ ਸੀ, ਉਹ ਮੇਰੇ ਕੋਲ ਹੀ ਖੜ੍ਹੀ ਰਹੇ।

" ਸਭ ਕੁਝ ਈ। " ਉਹਦੀਆਂ ਅੱਖਾਂ ਜਿਵੇਂ ਮੇਰੀਆਂ ਅੱਖਾਂ ਵਿੱਚ ਖੁੱਭ ਗਈਆਂ ਹੋਣ। ਤੇ ਉਹ ਚਲੀ ਗਈ।

ਛੁੱਟੀ ਦਾ ਦਿਨ ਸੀ। ਘਰ ਕੋਈ ਨਹੀਂ ਸੀ। ਬਾਹਰ ਮੀਂਹ ਬਹੁਤ ਜਿਆਦਾ ਪੈ ਰਿਹਾ ਸੀ। ਵਿਹੜੇ ਦਾ ਬੂਹਾ ਖੁੱਲਾ ਸੀ। ਮੈਂ ਦੇਖਿਆ ਉਹ ਦਰਾਂ 'ਚ ਖੜ੍ਹੀ ਸੀ। ਪੂਰੀ ਤਰ੍ਹਾਂ ਭਿੱਜੀ ਹੋਈ। ਬਿਨਾਂ ਮੀਂਹ ਦੀ ਪ੍ਰਵਾਹ ਕੀਤਿਆਂ ਮੈਂ ਬਾਹਰ ਆ ਗਿਆ। ਭਿੱਜਣਾ ਮੈਨੂੰ ਚੰਗਾ ਲੱਗ ਰਿਹਾ ਸੀ। ਕਿਸੇ ਨੂੰ ਵੀ ਆਸਿਉਂ ਪਾਸਿਉਂ ਨਾ ਆਉਂਦਾ ਦੇਖ ਕੇ ਮੈਂ ਉਹਨੂੰ ਬਾਹਾਂ ਵਿੱਚ ਕੱਸ ਲਿਆ। ਪਾਣੀ ਦੀਆਂ ਬੂੰਦਾਂ ਸਾਡੇ ਚਿਹਰਿਆਂ ਉੱਤੇ ਵਹਿ ਰਹੀਆਂ ਸਨ, ਪਰ ਸਾਡੇ ਬੁੱਲ ਇੱਕ ਦੂਜੇ ਦੇ ਬੁੱਲਾਂ 'ਚੋਂ ਰਸ ਚੂਸਦੇ ਰਹੇ। ਕਿੰਨਾਂ ਕੁ ਚਿਰ, ਕੋਈ ਪਤਾ ਨਹੀਂ।

" ਸੱਜਣਾ!" ਉਹਦੇ ਬੁੱਲ ਫਰਕੇ।

" ਹਾਂ। " ਮੈਂ ਕਿਹਾ।

" ਹੁਣ ਛੱਡ ਤਾਂ ਨਈਂ ਜਾਵੇਂਗਾ ? "

" ਜਾਣਾ ਤਾਂ ਪਵੇਗਾ ਹੀ, ਤੂੰ ਜਾਣਦੀ ਈ ਏਂ। "

" ਹਾਂ, ਫਿਰ ਵੀ ਯਾਦ ਤਾਂ ਰੱਖੇਂਗਾ ਹੀ। ਕਦੇ ਕਦੇ ਆਇਆ ਤੇ ਕਰੇਂਗਾ ਈ। "

" ਆਇਆ ਕਰਾਂਗਾ। " ਮੇਰਾ ਜਵਾਬ ਸੀ। ਦੁਪਹਿਰ ਖਿੜੀ ਦੇ ਫੁੱਲ ਉਸ ਦਿਨ ਮੈਨੂੰ ਬੜੇ ਚੰਗੇ ਲੱਗੇ । ਬੇਕਾਬੂ ਦਿਲ ਦੇ ਕਹਿਣ 'ਤੇ ਮੈਂ ਉਨ੍ਹਾਂ ਵੱਲ ਵਧਿਆ, ਇੱਕ ਤੋੜ ਲਿਆ।

"ਪੰਮੀ ਲੈ ਤੈਨੂੰ ਇੱਕ ਚੀਜ਼ ਦਿਆਂ। "

" ਲਿਆ ਦੇ ਦੇ, ਦੇਖੀਏ ਕੀ ਦਿੰਨਾਂ ਏਂ। " ਉਸਨੇ ਹੱਥ ਮੇਰੇ ਵੱਲ ਵਧਾ ਦਿੱਤਾ। 'ਕੀ ਉਹ ਕਬੂਲ ਵੀ ਕਰੇਗੀ' ਬਿਨਾਂ ਕੁਝ ਸੋਚੇ ਮੈਂ ਫੁੱਲ ਉਹਦੇ ਹੱਥ 'ਤੇ ਧਰ ਦਿੱਤਾ। ਮੈਨੂੰ ਬੜੀ ਖੁਸ਼ੀ ਹੋਈ ਜਦੋਂ ਉਹ ਫੁੱਲ ਨੂੰ ਚੁੰਮਦੀ ਚੱਟਦੀ ਦੌੜ ਗਈ।

" ਠਹਿਰ । " ਮੈਂ ਅਵਾਜ਼ ਮਾਰੀ।

" ਹੁਣ ਕੀ ਆ ? " ਉਹ ਥਾਏਂ ਖੜ੍ਹ ਗਈ।

" ਕੁਛ ਮੈਨੂੰ ਵੀ ਦੇ ਜਾਹ । "

" ਕੀ? " ਉਹ ਵਾਪਿਸ ਮੁੜ ਆਈ।

" ਮੈਂ ਆਪਣੀ ਗੱਲ੍ਹ 'ਤੇ ਉਂਗਲ ਮਾਰੀ। ਤੇ ਉਸ ਵੱਲ ਵਧਿਆ।

" ਲੈ । " ਉਸ ਨੇ ਆਪਣਾ ਮੂੰਹ ਮੇਰੇ ਵੱਲ ਨੂੰ ਕਰ ਦਿੱਤਾ। ਜਿਵੇਂ ਕੋਈ ਮਾਂ ਆਪਣੇ ਰੋਂਦੇ ਬੱਚੇ ਨੂੰ ਵਰਾਉਣ ਲਈ ਉਸ ਦੇ ਮੂੰਹ ਵਿੱਚ ਆਪਣਾ ਦੁੱਧ ਪਾ ਦਵੇ। ਤੇ ਨਾਲ ਹੀ ਕਹੇ, 'ਲੈ ਫੜ੍ਹ, ਮੇਰਿਆ ਵੱਡਿਆ।

ਇਸ ਤੋਂ ਬਾਅਦ ਮੈਂ ਉੱਥੇ ਸਿਰਫ ਦੋ ਕੁ ਮਹੀਨੇ ਹੀ ਰਿਹਾ। ਮੈਂ ਆਪਣੀ ਬਦਲੀ ਪਿੰਡ ਦੇ ਲਾਗੇ ਦੀ ਕਰਵਾ ਲਈ। ਕਰਵਾਈ ਤਾਂ ਜਗਹ ਖਾਲੀ ਦੇਖ ਕੇ ਸੀ, ਪਰ ਬਾਅਦ 'ਚ ਪਤਾ ਲੱਗਾ ਕਿ ਪਹਿਲਾ ਕਰਮਚਾਰੀ ਕਿਸੇ ਕਾਰਨ ਅਸਤੀਫਾ ਦੇ ਗਿਆ ਸੀ। ਚਾਰ ਕੁ ਮਹੀਨਿਆਂ ਬਾਅਦ ਉਹ ਵਾਪਿਸ ਆ ਗਿਆ। ਨਵੇਂ ਹੁਕਮਾਂ ਮੁਤਾਬਿਕ ਮੈਨੂੰ ਦਰਿਆ ਬਿਆਸ ਦੇ ਕਿਨਾਰੇ ਇਸ ਪੱਛੜੇ ਇਲਾਕੇ ਵਿੱਚ ਆਉਣਾ ਪਿਆ ਸੀ। ਜਿੱਥੋਂ ਹੁਣ ਜਲਦੀ ਬਦਲੀ ਹੋਣ ਦੀ ਅਜੇ ਕੋਈ ਆਸ ਨਹੀਂ ਸੀ। ਟਾਵੀਂ ਟਾਵੀਂ ਬੱਸ ਇਸ ਪਿੰਡ ਵਿੱਚ ਦੀ ਲੰਘਦੀ ਸੀ। ਬਹੁਤੀਆਂ ਬੱਸਾਂ ਤਲਵੰਡੀ ਚੌਧਰੀਆਂ ਨੂੰ ਧੁੱਸੀ ਬੰਨ ਦੇ ਨਾਲ ਨਾਲ ਜਾਂਦੀਆਂ। ਜਿਨ੍ਹਾਂ ਵਿੱਚ ਬਹਿ ਜਾਈਏ ਤਾਂ ਸਕੂਲ ਵਾਲੇ ਪਿੰਡ ਨੂੰ ਢਾਈ ਤਿੰਨ ਮੀਲ ਵਾਟ ਤੁਰ ਕੇ ਜਾਣਾ ਪੈਂਦਾ ਸੀ। ਬੱਸਾਂ ਦੀ ਹਾਲਤ ਬਹੁਤ ਜਿਆਦਾ ਮਾੜੀ ਸੀ। ਕਪੂਰਥਲੇ ਬੱਸ ਅੱਡੇ 'ਚੋਂ ਇਧਰ ਜਾਣ ਵਾਲੀ ਬੱਸ ਲੱਭਣੀ ਹੁੰਦੀ ਤਾਂ ਜਿਹੜੀ ਬੱਸ ਸੱਭ ਤੋਂ ਜਿਆਦਾ ਟੁੱਟੀ ਭੱਜੀ ਹੁੰਦੀ, ਸਵਾਰੀਆਂ ਉਸ ਵਿੱਚ ਜਾ ਜਾਂਦੀਆਂ। ਕਿਸੇ ਨੂੰ ਪੁੱਛਣ ਦੀ ਕੋਈ ਲੋੜ ਨਾ ਸਮਝਦੀਆਂ।

ਦੋ ਕੁ ਸਾਲ ਇਸ ਤਰ੍ਹਾਂ ਹੀ ਬੀਤ ਗਏ। ਭੂਆ ਦੇ ਘਰ ਫਿਰ ਨਾ ਜਾ ਹੋਇਆ। ਪਿੰਡ ਵੀ ਮਹੀਨੇ ਦੋ ਮਹੀਨੇ ਬਾਅਦ ਹੀ ਜਾ ਹੁੰਦਾ। ਤੇ ਜੇ ਜਾਂਦਾ ਵੀ ਸੀ ਤਾਂ ਵਾਇਆ ਲੋਹੀਆਂ, ਨਕੋਦਰ ਵੱਲ ਦੀ ਹੀ ਚਲੇ ਜਾਂਦਾ ਸੀ। ਵੱਡੇ ਵੀਰ ਦੀ ਬਦਲੀ ਗੁਰਦਾਸਪੁਰ ਤੋਂ ਜਲੰਧਰ ਹੋ ਗਈ ਸੀ। ਉਹ ਬਿਜਲੀ ਮਹਿਕਮੇ 'ਚ ਕੰਮ ਕਰਦੇ ਸੀ। ਉਨ੍ਹਾਂ ਨੇ ਗੁਰੂ ਨਾਨਕ ਪੁਰੇ ਰਿਹਾਇਸ਼ ਕਰ ਲਈ ਸੀ।

ਇਸ ਵਾਰੀ ਐਤਵਾਰ ਰਾਤ ਉਨ੍ਹਾਂ ਵੱਲ ਹੀ ਜਾਣ ਦੀ ਸੋਚਿਆ। ਘਰ ਦੇ ਕੰਮ

ਨਬੇੜ ਕੇ ਜਲੰਧਰ ਪਹੁੰਚਦਿਆਂ ਕਾਫੀ ਹਨੇਰਾ ਹੋ ਗਿਆ। ਮੈਂ ਘਰ ਗਿਆ ਤਾਂ ਭਾਬੀ ਜੀ ਰੋਟੀ ਪਾਣੀ ਦੇ ਆਹਰ ਵਿੱਚ ਲੱਗੇ ਹੋਏ ਸੀ ਤੇ ਵੀਰ ਜੀ ਸ਼ਾਇਦ ਅਖਬਾਰ ਪੜ੍ਹ ਰਹੇ ਸਨ ਜਾਂ ਫਾਈਲਾਂ। ਪੂਰਾ ਯਾਦ ਨਹੀਂ। ਵੈਸੇ ਅਖਬਾਰ ਉਹ ਹਮੇਸ਼ਾਂ ਰਾਤ ਨੂੰ ਹੀ ਪੜ੍ਹਦੇ ਹਨ। ਕਿਉਂਕਿ ਸਵੇਰੇ ਦਫਤਰ ਜਾਣ ਦੀ ਕਾਹਲੀ ਵਿੱਚ ਸਮਾਂ ਹੀ ਨਹੀਂ ਮਿਲਦਾ।

" ਏਨੇ ਨੇਰ੍ਹੇ ਕਿਧਰੋਂ ? " ਵੀਰ ਜੀ ਨੇ ਪੁੱਛਿਆ।

" ਕੰਮ ਤੋਂ ਈ ਆਇਆਂ। " ਮੈਂ ਕਿਹਾ।

" ਬੜੀ ਦੂਰ ਕੱਢ ਮਾਰਿਆ, ਤੈਨੂੰ ਤਾਂ। "

" ਚਲੋ ਕੋਈ ਗੱਲ ਨ੍ਹੀਂ। ਆਪਾਂ ਕੰਮ ਈ ਕਰਨਾ। ਏਥੇ ਹੋਇਆ ਜਾਂ ਉੱਥੇ। " ਮੈਂ ਗੱਲ ਟਾਲਣ ਲਈ ਕਿਹਾ। ਪਰ ਭਾਬੀ ਨੇ ਇਹ ਕੰਮ ਉਸੇ ਵੇਲੇ ਕਰ ਦਿੱਤਾ, ਜਦੋਂ ਉਨ੍ਹਾਂ ਕਿਹਾ," ਬੀਬੀ ਹੋਣੀਂ ਆਏ ਸੀ, ਬਸ ਹੁਣੇ ਗਏ ਆ। ਅਜੇ ਪਹੁੰਚੇ ਈ ਹੋਣੇ ਆਂ। "

ਪਹਿਲਾਂ ਮੈਂ ਸੋਚਿਆ ਸ਼ਾਇਦ ਇਸ ਕਰਕੇ ਆਏ ਹੋਣਗੇ ਕਿ ਕਾਫੀ ਸਮੇਂ ਤੋਂ ਮੈਂ ਵੀ ਘਰ ਨਹੀਂ ਸੀ ਗਿਆ। ਇਨ੍ਹਾਂ ਨੂੰ ਮਿਲਣ ਆ ਗਏ ਹੋਣਗੇ। ਪਰ ਬਸ ਹੁਣੇ ਗਏ ਆ। ਅਜੇ ਪਹੁੰਚੇ ਈ ਹੋਣੇ ਆਂ। ਸਮਝ ਨਾ ਪਈ। ਪਿੰਡ ਇੱਥੋਂ ਵੀਹ ਬਾਈ ਮੀਲ ਦੂਰ ਸੀ ਤੇ ਇਸ ਵੇਲੇ ਬੱਸਾਂ ਗੱਡੀਆਂ ਲੇਟ ਫੇਟ ਹੀ ਤੁਰਦੀਆਂ ਸਨ। ਸਿਆਲ ਦੀ ਰੁੱਤੇ ਦਿਨ ਤਾਂ ਛਿਪਿਆ ਹੀ ਲੱਭਦਾ।

" ਕਿੱਥੇ ਗਏ ਹੁਣ ? " ਮੈਂ ਪੁੱਛ ਹੀ ਲਿਆ।

" ਭੂਆ ਦੇ ਘਰ, ਬਿੱਲੂ ਦਾ ਵਿਆਹ ਆ, ਸਵੇਰੇ ਵਿਆਹੁਣ ਜਾਣੈ। "

ਮੈਨੂੰ ਯਾਦ ਆਇਆ। ਭੂਆ ਦੇ ਮੁੰਡੇ ਬਲਜੀਤ ਦਾ ਵਿਆਹ ਸੀ। ਮੈਂ ਉਧਰ ਜਾਣ ਲਈ ਤਿਆਰ ਹੋ ਗਿਆ।

" ਹੁਣ ਜਾਣੈ ਤੈਂ । " ਭਾਬੀ ਨੇ ਮੈਨੂੰ ਤਿਆਰ ਦੇਖ ਕੇ ਪੁੱਛਿਆ।

" ਜਾ ਈ ਆਉਨਾਂ। ਆਹ ਤਾਂ ਬਸਤੀ ਸ਼ੇਖ ਆ। ਫੁੱਟਬਾਲ ਚੌਂਕ ਟੱਪਿਆ ਤਾਂ ਘਰ ਪਹੁੰਚ ਜਾਣੈ। "

" ਮਰਜੀ ਏ ਤੇਰੀ, ਹਨੇਰਾ ਵੀ ਹੋ ਗਿਆ ਏ ਤੇ ਠੰਡ ਵੀ ਵਧੀ ਜਾਂਦੀ ਏ। "

" ਚੁੱਪ ਕਰਕੇ ਪੈ ਜਾ, ਸਵੇਰੇ ਫਿਰ ਕੰਮ 'ਤੇ ਜਾਣੈ ਤੈਂ। ਓਥੇ ਸ਼ੋਰ ਸ਼ਰਾਬੇ 'ਚ ਕਿਹੜਾ ਸੌਂ ਹੋਣੈ ਚੱਜ ਨਾਲ। " ਵੀਰ ਜੀ ਕਹਿਣ ਲੱਗੇ।

" ਅੱਜ ਸਾਰੇ ਰਿਸ਼ਤੇਦਾਰ ਆਏ ਹੋਣੇ ਆਂ। ਸਾਲ ਤੋਂ ਉੱਪਰ ਹੋ ਗਿਆ, ਮੈਂ ਤਾਂ ਕਿਸੇ ਦੇ ਗਿਆ ਵੀ ਨਈ੍ਹਂ। ਸਾਰਿਆਂ ਨੂੰ ਮਿਲ ਲਵਾਂਗਾ ਤੇ ਉੱਥੋਂ ਹੀ ਸਵੇਰੇ ਕੰਮ 'ਤੇ ਚਲਾ ਜਾਵਾਂਗਾ। " ਗੱਲ ਭਾਵੇਂ ਉਨ੍ਹਾਂ ਦੀ ਠੀਕ ਸੀ, ਫਿਰ ਵੀ ਮੈਂ ਜਾਣਾ ਚਾਹੁੰਦਾ ਸੀ।

ਮੇਰੀ ਇਸ ਗੱਲ ਤੋਂ ਬਾਅਦ ਉਨ੍ਹਾਂ ਕੋਈ ਰੋਕ ਨਾ ਪਾਈ। ਬਸਤੀ ਪਹੁੰਚਿਆ, ਭੂਆ ਦੇ ਘਰ ਤੋਂ ਅਜੇ ਉਰੇ ਹੀ ਸੀ ਕਿ ਮੇਰੀਆਂ ਅੱਖਾਂ ਸਾਹਮਣੇ ਪੰਮੀ ਦੀ ਤਸਵੀਰ ਚੱਕਰ ਕੱਢਣ ਲੱਗ ਪਈ। ਮੇਰੇ ਪੈਰ ਜਿਵੇਂ ਧਰਤੀ ਨਾਲ ਹੀ ਜੁੜ ਗਏ। ਮੈਂ ਉਹਦੇ ਘਰ ਦੇ ਅੱਗੇ ਖੜ੍ਹਾ ਸੀ। ਉਹ ਮੈਨੂੰ ਦਿਸੀ ਨਾ। ਮੈਂ ਸੋਚਿਆ ਵਿਆਹ ਵਾਲੇ ਘਰ ਹੀ ਹੋਵੇਗੀ। ਮੈਂ ਅਗਾਂਹ ਨੂੰ ਤੁਰ ਪਿਆ।

ਵੀਰ ਜੀ ਦੇ ਘਰ ਮੈਂ ਸਰਸਰੀ ਤੌਰ ਤੇ ਕਿਹਾ ਸੀ ਕਿ ਉੱਥੇ ਰਿਸ਼ਤੇਦਾਰ ਆਏ ਹੋਣੇ ਆਂ, ਜਿਨ੍ਹਾਂ ਨੂੰ ਮਿਲ ਲਵਾਂਗਾ। ਪੰਮੀ ਦੀ ਯਾਦ ਓਦੋਂ ਕੋਹਾਂ ਦੂਰ ਪਰ੍ਹੇ ਪਈ ਸੀ। ਇੱਥੇ ਆਉਣ ਤੋਂ ਪਹਿਲਾਂ ਇੱਕ ਵਾਰੀ ਵੀ ਮੈਨੂੰ ਉਹਦਾ ਖਿਆਲ ਨਹੀਂ ਸੀ ਆਇਆ। ਪਰ ਹੁਣ ਆ ਕੇ ਪਤਾ ਨ੍ਹੀਂ ਕਿਉਂ ਚਿੱਤ ਕਾਹਲਾ ਪੈਣ ਲੱਗ ਪਿਆ ਸੀ।

ਰਿਸ਼ਤੇਦਾਰ ਮਿਲੇ। ਪਰ ਮੈਨੂੰ ਤਾਂ ਕਿਸੇ ਹੋਰ ਦੀ ਤਾਂਘ ਸੀ। ਹੂੰ ਹਾਂ 'ਚ ਜਵਾਬ ਦੇ ਕੇ ਮੈਂ ਅਗਾਂਹ ਵਧ ਜਾਂਦਾ। ਮੇਰੀਆਂ ਨਜ਼ਰਾਂ ਚਾਰੇ ਪਾਸੇ ਫਿਰ ਰਹੀਆਂ ਸਨ । ਸ਼ਾਇਦ ਉਹ ਦਿਸ ਹੀ ਪਵੇ। ਪਰ ਉਹ ਨਾ ਦਿਸੀ। ਖੌਰੇ ਕਿਤੇ ਗਈ ਹੋਵੇ, ਮੈਂ ਦਿਲ ਵਿੱਚ ਸੋਚ ਰਿਹਾ ਸੀ। ਜਾਣਾ ਕਿੱਥੇ ਆ..... ਜਰੂਰ ਗੁੱਸੇ ਹੋ ਗਈ ਹੋਣੀ ਆਂ...... ਮੈਂ ਕਿਹੜਾ ਮੁੜ ਕੇ ਪਤਾ ਲਿਆ...... ਆਪਣੇ ਹੀ ਕੰਮਾਂ ਵਿੱਚੋਂ ਵਿਹਲ ਨਹੀਂ ਮਿਲੀ। ਜਰੂਰ ਕਿਤੇ ਲੁਕ ਕੇ ਬੈਠੀ ਹੋਊ। ਕਿੰਨਾਂ ਕੁ ਚਿਰ ਬੈਠੀ ਰਹੂ।

ਮੇਰਾ ਚਿੱਤ ਨਹੀਂ ਸੀ ਲੱਗ ਰਿਹਾ। ਸਭ ਹੱਸ ਖੇਡ ਰਹੇ ਸੀ, ਪਰ ਮੈਂ ਆਪਣੇ ਆਪ 'ਚ ਡੁੱਬਾ ਹੋਇਆ ਸੀ। ਖੌਰੇ ਭੁੱਲ ਹੀ ਗਈ ਹੋਵੇ। ਇਸ ਤਰ੍ਹਾਂ ਤਾਂ ਮਿਲਦੇ ਹੀ ਰਹਿੰਦੇ ਆ ਲੋਕ।

ਸਭ ਆਪਣੀ ਆਪਣੀ ਜਗਹ ਟਿਕ ਗਏ। ਮੈਂ ਵੀ ਆਪਣੇ ਚਾਚੇ ਦੇ ਮੁੰਡੇ ਜੈਲੇ ਨਾਲ ਇੱਕ ਮੰਜੇ 'ਤੇ ਜਾ ਪਿਆ। ਤੀਵੀਂਆਂ ਦੇ ਨੱਚਣ ਦੀ ਅਵਾਜ਼ ਚਾਹੇ ਹੁਣ ਨਹੀਂ ਸੀ ਆ ਰਹੀ, ਪਰ ਗੀਤਾਂ ਦੀ ਲੈਅ ਕਿਤੇ ਕਿਤੇ ਸੁਣ ਪੈਂਦੀ ਸੀ। ਮੈਂ ਬੀਤੇ ਦਿਨਾਂ ਦੀਆਂ ਯਾਦਾਂ ਵਿੱਚ ਘੁੰਮ ਰਿਹਾ ਸੀ।

ਕਣਕ ਵੰਨਾ ਰੰਗ, ਗੋਲ ਚਿਹਰਾ ਤੇ ਕਾਲੀਆਂ ਕਾਲੀਆਂ ਮੋਟੀਆਂ ਮੋਟੀਆਂ ਅੱਖਾਂ। ਕਦੇ ਕਦੇ ਜੈਲੇ ਦੇ ਪਾਸਾ ਪਰਤਣ ਨਾਲ ਮੇਰੀ ਲੜੀ ਟੁੱਟ ਜਾਂਦੀ। ਪਰ ਫਿਰ ਉਹੀ ਪੰਮੀ ਤੇ ਪੰਮੀ ਦੀਆਂ ਯਾਦਾਂ। ਥੋੜ੍ਹੀ ਬਹੁਤ ਘੁਸਰ ਮੁਸਰ ਸ਼ੁਰੂ ਹੋ ਗਈ ਸੀ। ਮੇਰੀ ਅੱਖ ਖੁੱਲੀ, ਅਜੇ ਛੇ ਵੱਜੇ ਸੀ। ਮੈਂ ਉੱਠਿਆ। ਮੇਲੀ ਗੇਲੀ ਅਜੇ ਅੱਧੋਂ ਵੱਧ ਸੁੱਤੇ ਹੋਏ ਸਨ । ਨਿੱਤ ਕਰਮਾਂ ਤੋਂ ਵਿਹਲਾ ਹੋ ਕੇ ਮੈਂ ਡਿਊਟੀ 'ਤੇ ਜਾਣ ਲਈ ਤਿਆਰ ਖੜ੍ਹਾ ਸੀ, ਜਦੋਂ ਉਹ ਦਰਵਾਜੇ 'ਚ ਖੜ੍ਹੀ ਹੱਸ ਰਹੀ ਸੀ। ਐਨ ਉਸੇ ਤਰ੍ਹਾਂ ਜਿਵੇਂ ਉਹ ਪਹਿਲਾਂ ਹੱਸਦੀ ਹੁੰਦੀ ਸੀ। ਮੇਰਾ ਚਿੱਤ ਕੀਤਾ ਕਿ ਦੌੜ ਕੇ ਜਾਵਾਂ, ਉਸ ਨੂੰ ਜੱਫੀ ਵਿੱਚ ਘੁੱਟ ਲਵਾਂ ਤੇ ਆਪਣੀ ਭੁੱਲ ਬਖਸ਼ਾ ਲਵਾਂ। ਪਰ ਕਿੱਥੇ! ਮਨ ਦੀਆਂ ਮਨ ਵਿੱਚ ਹੀ ਘੁੱਟ ਲਈਆਂ।

ਪ੍ਰਦੇਸੀ ਨਾਲ ਨਿਹੁੰ ਨਹੀਂ ਲਾਉਣਾ ਚਾਹੀਦਾ। ਬਹੁਤ ਵਾਰੀ ਪੜ੍ਹਿਆ ਸੀ, ਸੁਣਿਆ ਸੀ। ਪਰ ਕੀ ਕੋਈ ਸੋਚ ਕੇ ਲਾਉਂਦਾ। ਮੈਂ ਕਿਹੜਾ ਕਿਸੇ ਨੂੰ ਪੁੱਛਿਆ ਸੀ। ਨਿਹੁੰ ਕਿਤੇ ਪੁੱਛ ਕੇ ਤਾਂ ਲਾਏ ਨਹੀਂ ਜਾਂਦੇ।

ਜਿੰਨੀ ਤਾਂਘ ਮੈਨੂੰ ਰਾਤੀਂ ਉਹਨੂੰ ਮਿਲਣ ਦੀ ਸੀ, ਓਨਾ ਹੀ ਹੁਣ ਮੈਂ ਚਾਹੁੰਦਾ ਸੀ ਕਿ ਉਹ ਮੈਨੂੰ ਨਾ ਹੀ ਮਿਲੇ ਤਾਂ ਚੰਗਾ। ਜਰੂਰ ਮੇਰੇ 'ਤੇ ਗਿਲੇ ਸਿਕਵੇ ਕਰੇਗੀ। ਸਿਪਾਹੀ ਨੂੰ ਦੇਖ ਕੇ ਜਿਵੇਂ ਚੋਰ ਲੁਕਦਾ, ਮੈਂ ਉਸ ਤੋਂ ਲੁਕ ਰਿਹਾ ਸੀ। ਉਸ ਦੇ ਹੱਸਣ ਤੋਂ ਤਾਂ ਲੱਗਦਾ ਸੀ ਕਿ ਉਸ ਨੂੰ ਕੋਈ ਗਿਲਾ ਨਹੀਂ ਸੀ ਮੇਰੇ ਉੱਤੇ। ਖੁਸ਼ ਐ ਕਿ ਮੈਂ ਉਹਨੂੰ ਦਿਸ ਤਾਂ ਪਿਐਂ ।

" ਪੁੱਤ ਜਾਣਾ ਨ੍ਹੀਂ ਅੱਜ ਤੈਂ ਕੰਮ 'ਤੇ। " ਬੀਬੀ ਮੈਨੂੰ ਕਹਿ ਰਹੇ ਸਨ ।

" ਜਾਣਾ ਕਿਉਂ ਨ੍ਹੀਂ ? " ਮੈਂ ਉਲਟਾ ਉਨ੍ਹਾਂ ਨੂੰ ਸਵਾਲ ਕੱਢ ਮਾਰਿਆ।

" ਫਿਰ ਹੁਣ ਕੀ ਸੋਚਦੈਂ ? "

" ਕੁਛ ਨਈਂ, ਬਸ ਚੱਲਿਆਂ ਈ ਆਂ। "

ਰਾਤੀਂ ਸਾਰੇ ਮੈਨੂੰ ਕਹਿ ਰਹੇ ਸੀ, ਜੰਜ ਨਾਲ ਚੱਲੀਂ। ਰਵੀ ਤਾਂ ਕਹਿੰਦਾ ਸੀ, ਤੇਰੇ ਬਿਨਾਂ ਸਾਡਾ ਜਾਣ ਦਾ ਮਜ਼ਾ ਈ ਖਰਾਬ ਹੋ ਜਾਣੈ। ਭਲਾ ਮੈਂ ਕਿਹੜਾ ਵਿੱਚ ਲਾਜਮਾ ਸੁੱਟ ਦੇਣਾ ਸੀ ਜਾ ਕੇ। ਜੇ ਮੈਂ ਨਾ ਆਉਂਦਾ, ਫਿਰ ਕਿਹੜਾ ਇਨ੍ਹਾਂ ਮੈਨੂੰ ਉਡੀਕਣਾ ਸੀ। ਅਖੇ ਮੈਂ ਨਾ ਹੁੰਦੀ ਤਾਂ ਵਿਆਹ ਕੇਹਨਾਂ ਕਰਾਉਂਦਾ। ਮੈਂ ਆਪਣੇ ਆਪ 'ਚ ਹੀ ਹੱਸ ਪਿਆ।

ਮੈਂ ਬੜਾ ਲਾਪਰਵਾਹ ਜਿਹਾ ਬੰਦਾ ਹਾਂ। ਨਫੇ ਨੁਕਸਾਨ ਬਾਰੇ ਮੈਂ ਕਦੇ ਬਹੁਤਾ ਖਿਆਲ ਨਹੀਂ ਕੀਤਾ। ਮੈਂ ਤਾਂ ਪੰਮੀ ਨੂੰ ਵੀ ਇੱਕ ਵਾਰ ਕਿਹਾ ਸੀ, "ਪੰਮੀ ਮੈਂ ਬਹੁਤ ਲਾਪਰਵਾਹ ਹਾਂ, ਐਵੇਂ ਦਿਲਲਗੀ ਨਾ ਕਰ ਬੈਠੀਂ। " ਪਰ ਅਸ਼ਕੇ ਉਸ ਮਾਂ ਦੀ ਧੀ ਦੇ , ਕਹਿੰਦੀ, ' ਕੋਈ ਗੱਲ ਨ੍ਹੀਂ, ਮੈਨੂੰ ਲਾਪਰਵਾਹ ਈ ਚੰਗਾ ਏਂ। ਬਸ ਮਿਲਦਾ ਗਿਲਦਾ ਰਈਂ। ' ਗੱਲ ਉਹੀਓ ਹੋਈ । ਲਾਪਰਵਾਹੀ 'ਚ ਮੈਨੂੰ ਉਹਦਾ ਖਿਆਲ ਨਾ ਰਿਹਾ। ਹੁਣ ਸ਼ਾਇਦ ਇਸੇ ਕਰਕੇ ਉਸ ਨੇ ਕੁਝ ਨਹੀਂ ਕਿਹਾ।

ਮੈਂ ਘੜੀ 'ਤੇ ਨਿਗਾਹ ਮਾਰੀ, ਸਾਢੇ ਸੱਤ ਵੱਜ ਗਏ ਸੀ। ਮੈਨੂੰ ਪਤਾ ਸੀ ਹੁਣ ਮੈਂ ਲੇਟ ਹੀ ਪਹੁੰਚਾਂਗਾ। ਮੈਂ ਬਾਹਰ ਨਿਕਲਿਆ। ਉਹ ਅੱਗੋਂ ਆ ਰਹੀ ਸੀ। ਸੋਚ ਕੇ ਵੀ ਮੈਂ ਪਿਛਾਂਹ ਨਾ ਮੁੜ ਸਕਿਆ।

" ਕਿਉਂ ਦੇਖ ਲਿਆ ਵਿਆਹ। " ਉਹਨੇ ਪੁੱਛਿਆ, ਸ਼ਾਇਦ ਇਸ ਕਰਕੇ ਕਿਉਂਕਿ ਮੈਂ ਜਾ ਜਿਉਂ ਸਮੇਂ ਤੋਂ ਪਹਿਲਾਂ ਰਿਹਾ ਸੀ।

" ਤੈਨੂੰ ਪਤਾ ਈ ਆ ਮੇਰਾ, ਕਿੰਨਾ ਕੁ ਸ਼ੌਕੀਨ ਆਂ ਮੈਂ ਵਿਆਹ ਦੇਖਣ ਦਾ। " ਮੈਂ ਉਲਟਾ ਜਵਾਬ ਦਿੱਤਾ।

" ਗਲ੍ਹ ਲੱਗਣੋਂ ਤਾਂ ਗਿਆ ਸੀ, ਮੂੰਹ ਲੱਗਣੋਂ ਵੀ ਗਿਐਂ। " ਜਿਸ ਗੱਲ ਤੋਂ ਮੈਂ ਡਰਦਾ ਸੀ, ਆਖਿਰ ਉਹ ਕਹਿ ਹੀ ਗਈ।

" ਨਈਂ ਪੰਮੀ! ਇਸ ਤਰ੍ਹਾਂ ਦੀ ਤਾਂ ਕੋਈ ਗੱਲ ਨਈਂ। ਮੂੰਹ ਲੱਗਣੋਂ ਕਿਉਂ ਜਾਣੈਂ। ਏਧਰ ਆਉਣ ਦਾ ਵਿਹਲ ਈ ਨ੍ਹੀਂ ਲੱਗਾ। ਮੇਰੀ ਬਦਲੀ ਵੀ ਦੂਰ ਦੀ ਹੋ ਗਈ ਐ। " ਮੈਂ ਸੱਚਾ ਹੋਣ ਲਈ ਕਿਹਾ.।

" ਅੱਛਾ! ਕਿੱਥੇ ਕੁ ਦੀ ਹੋ ਗਈ ਆ ਤੇਰੀ ਬਦਲੀ ? " ਉਹਨੇ ਪੁੱਛਿਆ। ਪਰ ਲਹਿਜਾ ਸਹਿਜ ਨਹੀਂ ਸੀ, ਚੁੱਭਵਾਂ ਸੀ।

" ਪਟਿਆਲੇ ਦੀ " ਮੈਂ ਝੂਠ ਮੂਠ ਹੀ ਕਹਿ ਦਿੱਤਾ।

" ਪਟਿਆਲੇ ਦੀ ਆ, ਕਿਹੜਾ ਕਨੇਡਾ ਦੀ ਆ। ਦਿਲਾਂ ਦੇ ਮਾਮਲੇ 'ਚ ਪੈਂਡਾ ਨ੍ਹੀਂ ਦੇਖੀਦਾ " ਏਨਾ ਕਹਿ ਉਹ ਜਾ ਚੁੱਕੀ ਸੀ। ਪਰ ਹੱਸਦੇ ਬੁੱਲਾਂ 'ਚੋਂ ਇੱਕ ਹਉਕਾ ਨਿਕਲ ਕੇ ਮੇਰੇ ਦਿਲ ਨੂੰ ਹਲੂਣ ਗਿਆ। ਮੈਂ ਵੀ ਤੁਰ ਪਿਆ, ਪਰ ਪੈਰਾਂ ਨਾਲ ਕੋਈ ਭਾਰ

ਜਿਹਾ ਬੱਝਾ ਜਾਪਦਾ ਸੀ।

(5)

" ਕਿਉਂ ਕੀ ਸੋਚਦੈਂ ਸੱਜਣਾ ? "

"............ ।"

" ਓਏ ਸੱਜਣਾ ਕੀ ਸੋਚਦੈਂ ? " ਇੱਕ ਅਵਾਜ਼ ਮੇਰੇ ਕੰਨੀਂ ਪਈ। ਮੈਂ ਤ੍ਰਬਕਿਆ, ਸਿਰ ਉਤਾਂਹ ਚੁੱਕਿਆ ਤਾਂ ਹਰਨਾਮ ਮੇਰੇ ਸਾਹਮਣੇ ਬੈਠਾ ਸੀ। ਹਰਨਾਮ ਸਿੰਘ ਪੰਜਾਬੀ ਟੀਚਰ ਸੀ ਜਿਸ ਨਾਲ ਮੇਰੀ ਜਿਆਦਾ ਬਣਦੀ ਸੀ। ਉਹ ਬਿਧੀਪੁਰ ਦਾ ਸੀ। ਜਦੋਂ ਵੀ ਮੇਰਾ ਮਨ ਕਰਦਾ ਮੈਂ ਉਹਦੇ ਘਰ ਚਲਾ ਜਾਂਦਾ ਸੀ। ਜਿਸ ਦਿਨ ਟੀ.ਵੀ. 'ਤੇ ਕੋਈ ਵਧੀਆ ਫਿਲਮ ਆਉਣੀ ਹੁੰਦੀ ਉਸ ਦਿਨ ਤਾਂ ਜਰੂਰ ਜਾਂਦਾ ਤੇ ਰਾਤ ਵੀ ਉਹਦੇ ਘਰ ਹੀ ਸੌਂਦਾ। ਆਪਣੇ ਦਿਲ ਦਾ ਹਰ ਭੇਤ ਮੈਂ ਉਸ ਨਾਲ ਸਾਂਝਾ ਕਰ ਲੈਂਦਾ ਸੀ। ਕਦੇ ਕਦੇ ਉਹ ਵੀ ਮੇਰੇ ਕਮਰੇ 'ਚ ਆ ਜਾਂਦਾ। ਕੁਝ ਸਮਾਂ ਰੁਕਦਾ, ਗੱਪ ਸ਼ੱਪ ਮਾਰਦਾ ਤੇ ਚਲਾ ਜਾਂਦਾ। ਸਕੂਲ ਵਿੱਚ ਸਾਡੇ ਕੋਲੋਂ ਘੱਟ ਹੀ 'ਕੱਠੇ ਬਹਿ ਹੁੰਦਾ। ਉਹਦੇ ਲੱਗ ਭੱਗ ਸਾਰੇ ਪੀਰੀਅਡ ਹੀ ਲੱਗੇ ਹੁੰਦੇ ਸਨ । ਜੇ ਕੋਈ ਵਿਹਲਾ ਹੁੰਦਾ ਵੀ ਤਾਂ ਉਹ ਲਾਇਬ੍ਰੇਰੀ ਵਿੱਚ ਬੈਠਾ ਰਹਿੰਦਾ ਸੀ। ਵੈਸੇ ਵੀ ਸਾਨੂੰ ਜਿਆਦਾ ਮਜ਼ਾ ਰਾਤ ਨੂੰ ਤਾਰਿਆਂ ਦੀ ਛਾਂਵੇਂ ਗੱਲਾਂ ਕਰਕੇ ਕੀ ਆਉਂਦਾ ਸੀ।

"ਕੁਛ ਨ੍ਹੀਂ। " ਮੈਂ ਕਾਹਲੀ ਨਾਲ ਕਿਹਾ ਤੇ ਜਬਰਦਸਤੀ ਮੁਸਕਰਾਉਣ ਦੀ ਕੋਸ਼ਿਸ਼ ਕੀਤੀ। ਪਰ ਕਾਮਯਾਬ ਨਾ ਹੋਇਆ। ਯਾਦਾਂ ਦੀ ਕਹਾਣੀ ਇੱਸ ਰੀਲ ਦੀ ਤਰ੍ਹਾਂ ਮੇਰੀਆਂ ਨਜ਼ਰਾਂ ਅੱਗੋਂ ਘੁੰਮ ਗਈ ਸੀ। ਵਰਤਮਾਨ 'ਚੋਂ ਵਿਚਰਦਾ ਵਿਚਰਦਾ ਜਦੋਂ ਕੋਈ ਸ਼ਖਸ਼ ਅਤੀਤ ਵਿੱਚ ਖੁੱਭ ਜਾਦੈਂ ਤਾਂ ਫਿਰ ਪੈਰ 'ਚ ਲੱਗੀ ਠੋਕਰ ਵਾਂਗ, ਉਹ ਕਿਸੇ ਦੇ ਟੋਕੇ ਬਿਨਾਂ ਇਨ੍ਹਾਂ ਤੋਂ ਮੁਕਤੀ ਨਹੀਂ ਪਾ ਸਕਦਾ। ਅਤੀਤ ਤਾਂ ਸਾਰੀਆਂ ਯਾਦਾਂ ਦਾ ਸ਼ੀਸ਼ਾ ਹੁੰਦੈ।

ਪਤਾ ਨਹੀਂ ਕਿੰਨਾਂ ਕੁ ਚਿਰ ਦਾ ਉਹ ਮੇਰੇ ਸਾਹਮਣੇ ਆ ਕੇ ਬੈਠਾ ਰਿਹਾ ਸੀ, ਕਦੋਂ ਆਇਆ ਮੈਨੂੰ ਕੁਝ ਵੀ ਪਤਾ ਨਹੀਂ ਸੀ।

" ਕੁਛ ਤਾਂ ਹੈ। " ਉਸ ਨੇ ਫਿਰ ਕਿਹਾ।

" ਨਉਂ, ਕੁਛ ਨਉਂ ਹੈ। "

" ਕੁਛ ਨਉਂ ਤਾਂ ਫਿਰ ਇਹ ਮੂੰਹ ਦਾ ਰੰਗ ਬੱਗਾ ਕਿਉਂ ਹੋਇਆ ਪਿਆ। ਕਿੱਥੇ ਗਈ ਉਹ ਚਮਕ ਦਮਕ। ਕੁਛ ਛਿਪਾ ਰਿਆਂ ਏਂ ਸੱਜਣਾ। " ਉਸ ਦੇ ਸ਼ਬਦਾਂ ਵਿੱਚ ਤਲਖੀ ਤੇ ਹਲੀਮੀ ਦੀ ਮਿਲਾਵਟ ਸੀ।

" ਨਉਂ ਤੇ। " ਮੇਰੇ ਮੂੰਹੋਂ ਨਿਕਲਿਆ।

ਖ਼ਤ ਅਜੇ ਵੀ ਮੇਰੇ ਸਾਹਮਣੇ ਮੇਜ਼ ਉੱਪਰ ਪਿਆ ਸੀ। ਅਣਪੜ੍ਹਿਆ ਨਉਂ, ਹੁਣ ਤਾਂ ਪੜ੍ਹ ਚੁੱਕਾ ਸੀ ਮੈਂ ਇਸ ਨੂੰ । ਮੇਰੀਆਂ ਨਜ਼ਰਾਂ ਹਰਨਾਮ ਤੋਂ ਤਿਲਕ ਕੇ ਖ਼ਤ ਉੱਪਰ ਜੰਮ ਗਈਆਂ। ਹਰਨਾਮ ਵੀ ਖ਼ਤ ਨੂੰ ਹੀ ਘੂਰ ਰਿਹਾ ਸੀ।

" ਕੀਹਦਾ ਖ਼ਤ ਐ ? "

" ਪ੍ਰੀਤ ਦਾ। "

" ਕੀ ਲਿਖਦੀ ਏ ? "

" ਕੁਛ ਨਈ੍ਹੀਂ, ਮੈਨੂੰ ਤਾਂ ਕੁਝ ਸਮਝ ਨ੍ਹੀਂ ਆਈ। ਪਤਾ ਨ੍ਹੀਂ ਕੀ ਅੱਧ ਦੀਆਂ ਪਤਾਲ ਮਾਰ ਗਈ ਏ। " ਮੈਂ ਖ਼ਤ ਚੁੱਕ ਕੇ ਜੇਬ 'ਚ ਪਾਉਣਾ ਚਾਹਿਆ। ਹਰਨਾਮ ਨੇ ਰਾਹ ਵਿੱਚ ਹੀ ਮੇਰਾ ਹੱਥ ਫੜ੍ਹ ਲਿਆ। ਮੇਰਾ ਹੱਥ ਉਹਦੇ ਹੱਥ ਵਿੱਚ ਘੁੱਟਿਆ ਗਿਆ।

" ਦਿਖਾ ਤਾਂ। " ਉਸ ਨੇ ਕਿਹਾ। ਮੇਰਾ ਹੱਥ ਨਾਲ ਹੀ ਢਿੱਲਾ ਪੈ ਗਿਆ।

" ਇਸ ਦਾ ਮਤਲਬ ਤੈਂ ਉਸ ਨੂੰ ਕੁਝ ਲਿਖਿਆ ਸੀ। " ਖ਼ਤ ਪੜ੍ਹ ਕੇ ਉਹ ਮੈਨੂੰ ਘੂਰ ਰਿਹਾ ਸੀ। ਜੁਬਾਨ ਦੇ ਨਾਲ ਨਾਲ ਉਹਦੀ ਨਜ਼ਰ ਵੀ ਮੇਰੇ ਕੋਲੋਂ ਕੁਝ ਪੁੱਛ ਰਹੀ ਸੀ।

" ਹੂੰ! " ਮੇਰੇ ਮੂੰਹੋ ਨਿਕਲਿਆ। " ਤੂੰ ਪੁੱਛ ਕੇ ਕੀ ਲੈਣਾ, ਮੈਨੂੰ ਮੇਰੇ ਹਾਲ 'ਤੇ ਛੱਡ ਦੇ। ਆਪੇ ਕੋਈ ਹੱਲ ਲੱਭ ਪਏਗਾ। " ਮੈਂ ਟਾਲਣਾ ਚਾਹਿਆ।

" ਕਾਹਦਾ ਹੱਲ, ਕੀ ਚਾਹੁੰਨਾਂ ਏਂ ਤੂੰ ? ਕੁਛ ਦੱਸ ਤਾਂ ਸਈ੍ਹ। ਕੀ ਗੱਲ ਹੋਈ ਏ ? ਕੀ ਲਿਖਿਆ ਸੀ ਤੈਂ ਉਸ ਨੂੰ ? " ਉਸ ਦਾ ਤਰਲਾ ਸੀ।

ਘਟੇ ਹੋਏ ਜਾਂ ਨਸ਼ਟ ਹੋਏ ਦੁੱਖ ਦਾ ਵੇਗ ਮਿਤਰਾਂ ਦੀ ਮਿਲਣੀ ਨਾਲ ਵਧ ਜਾਂਦਾ ਏ। ਮੈਂ ਦਰਾਜ 'ਚੋਂ ਕੱਢ ਕੇ ਡਾਇਰੀ ਉਹਦੇ ਹੱਥ ਫੜਾ ਦਿੱਤੀ। ਬਿਨਾਂ ਕੁਝ ਬੋਲੇ ਉਹ ਪੜ੍ਹਦਾ ਰਿਹਾ। ਮੈਂ ਉਹਨੂੰ ਘੂਰਦਾ ਰਿਹਾ। ਉਸ ਦੇ ਚਿਹਰੇ 'ਤੇ ਡਾਇਰੀ ਦੀਆਂ ਸਤਰਾਂ ਦਾ ਕੋਈ ਅਸਰ ਦਿਖਾਈ ਨਾ ਦਿੱਤਾ। ਉਹ ਜਲਦੀ ਜਲਦੀ ਕਹਾਣੀ ਮੁਕਾ ਰਿਹਾ ਸੀ। ਉਸ ਨੇ ਅੱਖਾਂ ਉਤਾਂਹ ਚੁੱਕੀਆਂ। ਸ਼ਾਇਦ ਉਸ ਨੇ ਪੜ੍ਹ ਲਿਆ ਸੀ ਸਾਰਾ ਕੁਝ।

ਸਿਗਰਟ ਦੇ ਪੈਕਟ 'ਚ ਹੁਣ ਸਿਰਫ ਇੱਕ ਸਿਗਰਟ ਬਚਦੀ ਸੀ। ਉਸ ਨੂੰ ਵੀ ਬੁੱਲਾਂ ਵਿੱਚ ਦੱਬ ਕੇ ਮੈਂ ਤੀਲੀ ਲਾ ਦਿੱਤੀ। ਸ਼ਬਦਾਂ ਦੀ ਦੁਨੀਆਂ 'ਚੋਂ ਗੁਜ਼ਰ ਕੇ ਉਹ ਇਨ੍ਹਾਂ ਦੇ ਅਰਥਾਂ ਨੂੰ ਟੋਲ੍ਹ ਰਿਹਾ ਸੀ, ਨਾਪ ਰਿਹਾ ਸੀ। ਲੱਸੀ 'ਤੇ ਤਰਦੇ ਮੱਖਣ ਦੀ ਤਰ੍ਹਾਂ ਅਰਥ ਉਸ ਦੇ ਸਾਹਮਣੇ ਸੀ, ਕੜ੍ਹੇ ਹੋਏ ਦੁੱਧ 'ਤੇ ਆਈ ਮਲਾਈ ਵਿੱਚੋਂ ਘਿਉ ਕੱਢਣ ਦੀ ਉਸ ਨੂੰ ਲੋੜ ਨਹੀਂ ਸੀ ਪੈਣੀ। ਦੁੱਧ ਤਾਂ ਰਿੜਕਿਆ ਗਿਆ ਸੀ, ਐਵੇਂ ਛਿੱਦੀਆਂ 'ਚ ਹੱਥ ਮਾਰੀ ਜਾਵੇ ਤਾਂ ਉਸਦੀ ਮਰਜੀ।

ਪ੍ਰੀਤ ਦੀਆਂ ਗੱਲਾਂ ਦੇ ਵਹਿਣਾਂ ਵਿੱਚ ਵਹਿੰਦਾ ਵਹਿੰਦਾ ਪਤਾ ਨਈ੍ਹੀਂ ਕਿਹੜੇ ਵੇਲੇ ਮੈਂ ਵਿੰਦਰ, ਰੀਟਾ ਤੇ ਪੰਮੀ ਦੇ ਕਿੱਸੇ ਛੋਹ ਬੈਠਾ ਸੀ। ਹਰਨਾਮ ਆਇਆ ਤਾਂ ਇਹ ਸੋਚਾਂ ਦੀ ਲੜੀ ਏਥੇ ਹੀ ਟੁੱਟ ਗਈ। ਤੇ ਟੁੱਟੇ ਹਾਰ ਦੇ ਗੁਆਚੇ ਮੋਤੀਆਂ ਦੀ ਤਰ੍ਹਾਂ ਉਹ ਵੀ ਮਨੋਂ ਓਝਲ ਹੋ ਗਈਆਂ। ਹੁਣ ਯਾਦ ਸੀ ਤਾਂ ਸਿਰਫ ਪ੍ਰੀਤ ਤੇ ਜਾਂ ਫਿਰ ਉਹਦੀਆਂ ਗੱਲਾਂ।

" ਉਹ ਤੈਨੂੰ ਚਾਹੁੰਦੀ ਏ ? " ਉਹ ਪੁੱਛਦੈ।

" ਪਤਾ ਨ੍ਹੀਂ। " ਮੈਂ ਜਵਾਬ ਦਿੰਦਾ ਹਾਂ।

" ਤੂੰ ਉਸ ਨੂੰ ਚਾਹੁੰਨੈ ? "

" ਪਤਾ ਨ੍ਹੀਂ। " ਮੇਰਾ ਫਿਰ ਉਹੀ ਜਵਾਬ ਸੀ।

" ਫਿਰ ਪਤਾ ਕੀ ਐ, ਸਮਝ ਤਾਂ ਲੱਗੇ । " ਉਹ ਖਿਝ ਗਿਆ।

" ਕੁਛ ਵੀ ਨਈ੍ਹੀਂ। " ਮੈਂ ਆਪਣੇ ਆਪ 'ਚ ਛਿੱਥਾ ਜਿਹਾ ਪੈ ਗਿਆ।

" ਤੂੰ ਮੈਨੂੰ ਸਭ ਕੁਝ ਸੱਚ ਸੱਚ ਦੱਸ ਦੇ ਸੱਜਣਾ। ਮੈਂ ਤੈਨੂੰ ਇਸ ਦਾ ਹੱਲ ਦੱਸਾਂਗਾ। ਸਹੀ ਹੱਲ। ਵਿਸ਼ਵਾਸ਼ ਕਰ, ਮੈਂ ਕਿਸੇ ਹੋਰ ਨੂੰ ਕੁਝ ਨਹੀਂ ਦੱਸਾਂਗਾ। "

ਆਦਮੀ ਜਿਹੜਾ ਵਿਸ਼ਵਾਸ਼ ਆਪਣੇ ਦੋਸਤਾਂ 'ਤੇ ਕਰਦਾ ਹੈ, ਅਜਿਹਾ ਵਿਸ਼ਵਾਸ਼ ਉਹ ਆਪਣੇ ਮਾਂ-ਬਾਪ, ਭੈਣ- ਭਰਾ, ਪੁੱਤਰ-ਧੀ ਤੇ ਇਸਤਰੀ 'ਤੇ ਵੀ ਨਹੀਂ ਕਰਦਾ।

ਹਰਨਾਮ ਹਰ ਤਰ੍ਹਾਂ ਮੈਨੂੰ ਖੁਸ਼ ਰੱਖਣਾ ਚਾਹੁੰਦੈ । ਮੈਨੂੰ ਉਸ ਉੱਪਰ ਵਿਸ਼ਵਾਸ਼ ਹੈ, ਉਸ ਨੂੰ ਮੇਰੇ ਉੱਪਰ। ਉਹ ਮੈਨੂੰ ਸੋਚਾਂ ਦੇ ਘੇਰੇ ਵਿੱਚ ਦੇਖ ਕੇ ਖੁਸ਼ ਨਹੀਂ ਰਹਿੰਦਾ। ਉਸ ਦੀ ਆਤਮਾ ਜਲ੍ਹ ਉੱਠਦੀ ਹੈ। ਪਰ ਉਹ ਅੰਮ੍ਰਿਤ ਵਰਗੇ ਬੋਲਾਂ ਨਾਲ ਮੇਰੇ ਦੁੱਖ ਨੂੰ ਸ਼ਾਂਤ ਕਰਨਾ ਚਾਹੁੰਦੈ।

ਮੈਨੂੰ ਉਸ ਦੀ ਹਰ ਸਲਾਹ ਚੰਗੀ ਲੱਗਦੀ ਹੈ। ਪਰ ਅੱਜ ਮੈਨੂੰ ਸਮਝ ਨਹੀਂ ਆਉਂਦੀ ਕਿ ਉਸ ਨੂੰ ਕੀ ਦੱਸਾਂ। ਕੀ ਦੱਸਾਂ ਕਿ ਮੇਰਾ ਚਿੱਤ ਨ੍ਹੀਂ ਲੱਗਦਾ। ਉਹ ਫਿਰ ਪੁੱਛੇਗਾ, 'ਕਿਉਂ ਨ੍ਹੀਂ ਲੱਗਦਾ' ਕੀ ਜਵਾਬ ਦੇਵਾਂਗਾ ਮੈਂ ਉਸ ਨੂੰ ।

ਕੁਝ ਵੀ ਨਹੀਂ। ਕੋਈ ਜਵਾਬ ਨਹੀਂ ਹੈ ਮੇਰੇ ਕੋਲ। "ਪਤਾ ਨਈਂ ਕਿਉਂ ਗੁਬਾਰ ਜਿਹਾ ਅੰਦਰ ਉੱਠ ਆਇਆ। ਮੇਰਾ ਹਰ ਸਾਹ ਇਸ ਨਾਲ ਜ਼ਹਿਰੀਲਾ ਜਿਹਾ ਹੋਈ ਜਾਂਦਾ। ਪ੍ਰੀਤ ਦੀ ਸ਼ਕਲ ਮੈਨੂੰ ਉੱਕਾ ਚੰਗੀ ਨਹੀਂ ਲੱਗਦੀ। ਲੱਗੂ ਵੀ ਕਿਵੇਂ।

ਜਦੋਂ ਉਸ ਨੂੰ ਮੇਰੀ ਕੋਈ ਗੱਲ ਚੰਗੀ ਨਹੀਂ ਲੱਗਦੀ ਤਾਂ ਮੈਨੂੰ ਕਿਵੇਂ ਲੱਗ ਜੂ। ਬਿਨਾਂ ਦੇਖਣ ਪਰਖਣ ਦੇ, ਉਹ ਮੇਰੀ ਹਰ ਗੱਲ 'ਚ, ਹਰ ਚੀਜ਼ 'ਚ, ਬੇਵਜਹ ਨੁਕਸ ਕੱਢ ਦਿੰਦੀ। ਮੇਰੀ ਕੋਈ ਆਦਤ ਉਹਨੂੰ ਚੰਗੀ ਨਹੀਂ ਲੱਗਦੀ, ਜਿਵੇਂ ਉਹ ਆਪ ਬਹੁਤ ...... । ਇਸ ਸਭ ਦੇ ਬਾਵਜੂਦ, ਉਸਦਾ ਪੈਰ ਮੇਰੇ ਵੱਲ ਵਧਿਆ ਹੀ ਸੀ ਘਟਿਆ ਨਈਂ। ਉਹ ਆਪਣਾ ਹੱਥ ਮੇਰੇ ਹੱਥ 'ਚ ਦੇਣ ਤੋਂ ਨਾ ਝਿਜਕਦੀ ਤੇ ਮੇਰਾ ਹੱਥ ਆਪਣੇ ਹੱਥ 'ਚ ਲੈਣ ਤੋਂ। ਉਸ ਦੀਆਂ ਸ਼ਰਾਰਤਾਂ ਮੇਰੇ ਪ੍ਰਤੀ ਵਧੀਆਂ। ਮੈਂ ਹੱਥ ਚੁੱਕਦਾ, ਪਰ ਮਾਰਨ ਲਈ ਮੇਰਾ ਜਿਗਰਾ ਨਾ ਪੈਂਦਾ। ਉਹ ਅਡੋਲ ਖੜ੍ਹੀ ਰਹਿੰਦੀ। ਸਗੋਂ ਉਹੀ ਹੱਥ ਫੜ੍ਹ ਕੇ ਚੁੰਮਣ ਲੱਗ ਪੈਂਦੀ। ਆਖਿਰ ਕਿਉਂ ? ਕਿਉਂ ਹੋ ਰਿਹਾ ਸੀ ਇਹ ਸਭ। ਮੈਨੂੰ ਕੋਈ ਸਮਝ ਨਹੀਂ ਸੀ ਪੈ ਰਹੀ।

ਪਹਿਲਾਂ ਪਹਿਲਾਂ ਉਹ ਮੈਨੂੰ ਚੰਗੀ ਲੱਗੀ ਸੀ। ਪਰ ਉਹਦੀਆਂ ਹਰਕਤਾਂ! ਤੋਬਾ ਮੇਰੀ। ਹੁਣ ਮੈਂ ਉਹਦੇ ਨਾਲ ਨਫਰਤ ਜਿਹੀ ਕਰਨ ਲੱਗ ਪਿਆਂ। ਮੈਨੂੰ ਸਮਝ ਨਹੀਂ ਆਉਂਦੀ ਉਹ ਮੈਥੋਂ ਕੀ ਚਾਹੁੰਦੀ ਐ। ਮੈਨੂੰ ਸਮਝ ਨਹੀਂ ਆਉਂਦੀ ਉਹਦਾ ਮੇਰੇ ਨਾਲ ਤਅੱਲਕ ਕੀ ਐ। ਮੈਨੂੰ ਚਿੜ ਐ ਉਹਦੀਆਂ ਬੇਸੁਰੀਆਂ ਗੱਲਾਂ ਤੋਂ। " ਮੈਂ ਕਿਹਾ।

" ਕਿਹੜੀਆਂ ਗੱਲਾਂ ? " ਉਹ ਮੈਨੂੰ ਫਿਰ ਟੋਕ ਦਿੰਦਾ ਹੈ।

" ਆਹ ਹੀ, ਐਵੇਂ ਲੱਤਾਂ ਬਾਹਾਂ ਮਾਰਨ ਦੀਆਂ। ਕੋਲ ਬਹਿ ਜਾਵੇ ਤਾਂ ਪੈਰ ਮਾਰਨੋਂ ਨ੍ਹੀਂ ਹਟਦੀ, ਦੂਰ ਹੋਵੇ ਤਾਂ ਬਾਹਾਂ। ਮੇਰੇ ਕੋਲ ਉਹਦਾ ਕੋਈ ਵੀ ਪਲ੍ਹ ਬਿਨਾਂ ਕਿਸੇ ਹਰਕਤ ਦੇ ਬੀਤਦਾ ਹੀ ਨਹੀਂ। " ਮੇਰੀ ਇਸ ਗੱਲ 'ਤੇ ਹਰਨਾਮ ਹੱਸ ਪਿਆ। ਪਤਾ ਨਈਂ ਉਹਨੂੰ ਮੇਰੀ ਇਹ ਗੱਲ ਕੇਹੋ ਜਿਹੀ ਲੱਗੀ ਸੀ।

" ਤੂੰ ਵਰਜਿਆ ਨ੍ਹੀਂ ਉਸ ਨੂੰ ? "

" ਵਰਜਿਆ ਕਿਉਂ ਨ੍ਹੀਂ। ਮੂੰਹ ਨਾਲ ਤਾਂ ਛੱਤੀ ਵਾਰੀ ਕਿਹਾ। ਉਹ ਮੰਨਦੀ ਹੀ ਨਹੀਂ। "

" ਫੇਰ ਤੂੰ ਉਸ ਨੂੰ ........ । ਸ਼ਾਇਦ ਉਹ ਇਸ ਤਰ੍ਹਾਂ ਚਾਹੁੰਦੀ ਹੋਵੇ। ਲੋਕ ਤਾਂ ਇਸ ਕੰਮ ਬਦਲੇ ਕਈ ਜਾਲ ਬੁਣਦੇ ਆ, ਤੇ ਤੂੰ ਹੱਥ ਆਇਆ ਮਾਲ ਛੱਡੀ ਜਾਨੈ । "

" ਨਈ੍ਹੀਂ, ਇਸ ਤਰ੍ਹਾਂ ਨਈ੍ਹੀਂ। ਮੈਂ ਇਸ ਤਰ੍ਹਾਂ ਨਹੀਂ ਚਾਹੁੰਦਾ। ਮੈਂ ਚਾਹੁੰਨਾਂ, ਉਹ ਮੈਥੋਂ ਕਿਤੇ ਦੂਰ ਚਲੀ ਜਾਏ। ਬਹੁਤ ਦੂਰ, ਜਿੱਥੇ ਮੈਨੂੰ ਉਸ ਦੀ ਸ਼ਕਲ ਵੀ ਨਜ਼ਰ ਨਾ ਆਵੇ। ਤੇ ਮੈਂ ਪਹਿਲਾਂ ਦੀ ਤਰ੍ਹਾਂ ਅਜ਼ਾਦ ਪੰਛੀ ਦੀ ਤਰ੍ਹਾਂ ਘੁੰਮ ਸਕਾਂ, ਫਿਰ ਸਕਾਂ। "

" ਇਸ ਦਾ ਰਿਜਲਟ ਗਲਤ ਵੀ ਤਾਂ ਨਿਕਲ ਸਕਦੈ। ਕਿਤੇ ਉਹ ਤੈਨੂੰ ਨਾ... ਮ ..ਰ...... ਹੀ ਨਾ ਸਮਝੇ। " ਹਰਨਾਮ ਮੈਨੂੰ ਫਿਰ ਸ਼ਬਦਾਂ ਅਰਥਾਂ ਦੇ ਚੱਕਰਾਂ 'ਚ ਪਾ ਰਿਹਾ ਸੀ।

" ਇਸ ਦੀ ਨੌਬਤ ਨਹੀਂ ਆਵੇਗੀ। "

" ਉਹ ਕਿਵੇਂ ? "

" ਮੈਂ ਹੀ ਉਸ ਤੋਂ ਬਹੁਤ ਦੂਰ ਚਲਾ ਜਾਵਾਂਗਾ। "

" ਨਹੀਂ ਸੱਜਣਾ, ਇਹ ਕਦਮ ਵੀ ਤੈਨੂੰ ਰਾਸ ਨਹੀਂ ਆਵੇਗਾ। ਹਰ ਕੋਈ ਤੈਨੂੰ ਗਲਤ ਸੋਚ ਨਾਲ ਪਰਖੇਗਾ। ਨਾਲੇ ਪਰ੍ਹੇ ਰਹਿ ਕੇ ਕਿਹੜਾ ਤੂੰ ਇਸ ਬੋਝ ਤੋਂ ਅਜ਼ਾਦ ਹੋ ਜਾਵੇਂਗਾ। ਇਹੀ ਸੋਚੀ ਜਾਏਂਗਾ। "

" ਤੂੰ ਇਹ ਕੀ ਗੱਲ ਕੀਤੀ ਆ ਨ੍ਹਾਮਿਆਂ, ਉਸ ਨੂੰ ਤਾਂ ਮੈਂ ਹੁਣ ਵੀ ਭੁਲਾਇਆ ਹੋਇਆ। ਮੈਂ ਕਿਸੇ ਹੋਰ ਕੁੜੀ ਨੂੰ ਪਿਆਰ ਕਰਦੈਂ, ਫਿਰ ਮੈਂ ਇਸ ਬਾਰੇ ਕਿਉਂ ਸੋਚੀ ਜਾਊਂ। " ਮੈਂ ਕਿਹਾ।

" ਗਲਤ, ਸਰਾਸਰ ਗਲਤ । " ਤੇ ਇਸ ਦੇ ਨਾਲ ਹੀ ਉਹ ਜ਼ੋਰ ਜ਼ੋਰ ਦੀ ਹੱਸ ਪਿਆ। ਮੈਂ ਉਸਨੂੰ ਘੂਰਿਆ ਤਾਂ ਉਹ ਬੋਲਿਆ, " ਸੱਜਣਾ ਤੂੰ ਆਪ ਹੀ ਕਹਿਨੈ ਝੂਠ ਨਾਲ ਵਿਸ਼ਵਾਸ਼ ਨਈ੍ਹੀਂ ਜਿੱਤੇ ਜਾਂਦੇ। ਫਿਰ ਮੇਰੇ ਕੋਲ ਝੂਠ ਕਿਉਂ ਬੋਲਦੈਂ। ਤੈਨੂੰ ਇਹ ਸ਼ੋਭਾ ਨਹੀਂ ਦਿੰਦਾ। "

" ਮੈਂ ਝੂਠ ..... । " ਮੈਂ ਕਹਿਣਾ ਚਾਹਿਆ ਕਿ ਮੈਂ ਕੋਈ ਝੂਠ ਬੋਲਿਆ, ਪਰ ਮੈਂ ਚੁੱਪ ਹੋ ਗਿਆ। ਝੂਠ ਈ ਤਾਂ ਬੋਲਿਆ ਸੀ ਮੈਂ।

" ਹਾਂ। ਜੇ ਤੂੰ ਝੂਠ ਨਈ੍ਹੀਂ ਵੀ ਬੋਲਦਾ ਸੱਜਣਾ ਤਾਂ ਇਹ ਵੀ ਸੱਚ ਐ ਕਿ ਤੂੰ ਕਿਸੇ ਹੋਰ ਕੁੜੀ ਨੂੰ ਪਿਆਰ ਵੀ ਨਹੀਂ ਕਰਦਾ। ਮੈਂ ਜਾਣਦੈਂ, ਤੂੰ ਆਪਣੇ ਆਪ 'ਚ ਸੱਖਣਾ ਰਹਿਣਾ ਚਾਹੁਨੈਂ। ਇਕੱਲਾ ਰਹਿਣਾ ਚਾਹੁਨੈਂ। ਪਰ ਕੱਲਾ ਵੀ ਕਿੰਨਾ ਕੁ ਚਿਰ ਰਹੇਂਗਾ। ਤੇਰਾ ਮਨ ਫਿਰ ਅੱਕ ਜਾਣੈਂ ਤੇ ਤੈਂ ਫਿਰ ਸਾਥ ਲੱਭਣੈਂ ਪਹਿਲਾਂ ਦੀ ਤਰ੍ਹਾਂ। "

" ਨਈ੍ਹੀਂ ਨ੍ਹਾਮਿਆਂ, ਮੈਨੂੰ ਕੋਈ ਸਮਝ ਨਹੀਂ ਪੈਂਦੀ ਕਿ ਮੈਂ ਤੈਨੂੰ ਇਸ ਦਾ ਕੀ ਜਵਾਬ ਦੇਵਾਂ। ਅੱਜ ਤੱਕ ਮੈਂ ਕਿਸੇ ਨੂੰ ਵੀ ਇਸ ਨਜ਼ਰ ਨਾਲ ਨਹੀਂ ਦੇਖਿਆ। ਦੇਖਿਆ ਕੀ ਸੋਚਿਆ ਵੀ ਨਈ੍ਹੀਂ। ਜਿਹਨੂੰ ਵੀ ਮਿਲਿਆਂ ਆਮ ਬੋਲ ਚਾਲ ਤੇ ਜਾਂ ਫਿਰ ਸ਼ੁਗਲ ਤੱਕ ਹੀ।

ਸਾਰੀ ਦਾਲ 'ਚੋਂ ਇੱਕ ਦਾਣਾ ਦੇਖਣ ਵਾਂਗ ਮੈਨੂੰ ਮੇਰੀ ਮਿਜ਼ਾ ਦਾ ਇੱਕ ਸ਼ਖਸ਼ ਹਰ ਜਗਹ ਜਰੂਰ ਮਿਲ ਜਾਂਦੈ ਤੇ ਜਾਂ ਮੈਂ ਲੱਭ ਲੈਨਾਂ। ਦੋਸਤੀ ਇਸ ਤਰ੍ਹਾਂ ਦੀ ਕਿ ਬਸ ਅਜਨਬੀ ਨ੍ਹੀਂ ਰਹਿੰਦਾ ਮੈਂ ਉਸ ਲਈ।

ਮੇਰਾ ਆਸ਼ਕ ਵੀ ਉਹੀ ਹੁੰਦੈ ਤੇ ਮਸ਼ੂਕ ਵੀ ਉਹੀ ਹੁੰਦੈ। ਮੇਰੇ ਤੇਰੇ ਦਾ ਭੇਦ ਜਿਹਾ ਮਿਟ ਜਾਂਦੈ। ਜੋ ਗੱਲਾਂ ਕਿਸੇ ਹੋਰ ਨਾਲ ਨਹੀਂ ਹੋ ਸਕਦੀਆਂ, ਅਗਲਾ ਉਹ ਮੇਰੇ ਨਾਲ ਸਾਂਝੀਆਂ ਕਰ ਲੈਂਦੈ। ਆਪਣਾਪਨ ਜਿਹਾ ਏਨਾ ਆ ਜਾਂਦੈ ਦਿਲ ਵਿੱਚ, ਕਿ ਮੈਂ ਅਗਲੇ ਨੂੰ ਦੁਖੀ ਦੇਖ ਨਹੀਂ ਸਕਦਾ ਤੇ ਗਲਤ ਹੋਣ ਨ੍ਹੀਂ ਦਿੰਦਾ। ਖੁਸ਼ੀ ਗਮੀ ਦਾ ਤਾਂ ਮੈਨੂੰ ਉਹਦਾ ਚਿਹਰਾ ਦੇਖ ਕੇ ਹੀ ਪਤਾ ਲੱਗ ਜਾਂਦੈ। ਦੱਸੇ ਚਾਹੇ ਨਾ ਦੱਸੇ। ਦੁੱਖ ਸਾਂਝਾ ਕਰਨ ਨਾਲ ਦਿਲ ਹਲਕਾ ਵੀ ਤਾਂ ਹੋ ਜਾਂਦੈ। ਨੇਕ ਸਲਾਹ ਦੇਣਾ ਮੈਂ ਆਪਣਾ ਫਰਜ਼ ਸਮਝਦਾ ਹਾਂ। ਪਰ ਫਿਰ ਜੇ ਕਿਸੇ ਤਰ੍ਹਾਂ ਦਾ ਜੁਲਮ ਉਹ ਚੁੱਪ ਕਰਕੇ ਸਹਿੰਦਾ ਏ ਤਾਂ ਮੈਨੂੰ ਉਸ ਉੱਪਰ ਖਿਝ ਵੀ ਚੜ੍ਹਦੀ ਆ।

ਮੇਰੇ ਵਿੱਚ ਕਮੀ ਇੱਕੋ ਆ ਕਿ ਮੈਂ ਕਿਸੇ ਨਾਲ ਬੱਝ ਕੇ ਨਹੀਂ ਰਹਿ ਸਕਦਾ। ਜਿੰਨਾਂ ਚਿਰ ਅਗਲਾ ਸਾਹਮਣੇ ਐ ਠੀਕ ਐ, ਕੋਲ ਆ ਤਾਂ ਮੇਰਾ ਐ। ਜਦੋਂ ਵਿੱਛੜ ਜਾਏ ਤਾਂ ਫਿਰ ਤੂੰ ਕੌਣ ਤੇ ਮੈਂ ਕੌਣ। ਅਜੇ ਤੱਕ ਤਾਂ ਇਸ ਤਰ੍ਹਾਂ ਈ ਚੱਲੀ ਗਿਆ, ਪਰ ਹੁਣ ਇਹ ਪ੍ਰੀਤ। "

" ਇਹ ਠੀਕ ਐ ਕਿ ਤੂੰ ਇਸ ਨੂੰ ਕੁਝ ਨਹੀਂ ਸਮਝਦਾ। ਇਹੀ ਕਾਰਨ ਤਾਂ ਤੈਨੂੰ ਕੋਈ ਸਮਝ ਨਹੀਂ ਸਕਿਆ। ਫਿਰ ਪ੍ਰੀਤ ਕੀ ਸਮਝੇਗੀ। ਚੰਗਾ ਦੇਖ ਲੈ ਜਿਵੇਂ ਤੇਰੀ ਮਰਜ਼ੀ। ਮੈਂ ਹੁਣ ਚੱਲਦਾਂ। " ਹਰਨਾਮ ਨੇ ਜੋ ਕਹਿਣਾ ਸੀ ਕਹਿ ਕੇ ਚਲਾ ਗਿਆ।

ਮੈਂ ਪ੍ਰੀਤ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਸੀ। ਪਰ ਜਿੰਨਾ ਮੈਂ ਉਸ ਤੋਂ ਦੂਰ ਹੋਣਾ ਚਾਹੁੰਦਾ ਸੀ, ਓਨਾ ਉਹ ਮੇਰੇ ਵੱਲ ਵਧ ਰਹੀ ਸੀ। ਤੇ ਇਸ ਨਾਲ ਉਹ ਬਦਨਾਮ ਵੀ ਹੋ ਸਕਦੀ ਸੀ। ਜੋ ਮੈਂ ਚਾਹੁੰਦਾ ਨਹੀਂ ਸੀ। ਜਿਹੜਾ ਆਦਮੀ ਪੁੱਛੇ ਤੇ ਵੀ ਸਹੀ ਸਲਾਹ ਨਹੀਂ ਦਿੰਦਾ, ਉਸ ਨੂੰ ਅਸੀਂ ਮਿੱਠਜੀਭੜਾ ਵੈਰੀ ਹੀ ਕਹਿ ਸਕਦੇ ਹਾਂ। ਫਿਰ ਪ੍ਰੀਤ ਨੇ ਤਾਂ ਕੁਛ ਵੀ ਪੁੱਛਣਾ ਈ ਨਈਂ ਸੀ ਕਿਸੇ ਨੂੰ ।

ਆਖਿਰ ਮੈਂ ਉਸ ਨੂੰ ਇੱਕ ਹੋਰ ਖ਼ਤ ਲਿਖਿਆ।

"ਪ੍ਰੀਤ!

ਜੋ ਕੁਛ ਮੈਂ ਅਹਿਸਾਸ ਕੀਤੈ, ਲੱਗਦੈ ਤੂੰ ਆਪਣੇ ਦਿਲ ਵਿੱਚ ਮੇਰੇ ਲਈ ਕੁਝ ਆਪਣਾਪਨ, ਪਿਆਰ ਜਾਂ ਜੋ ਕੁਝ ਵੀ ਹੈ, ਇਸ ਤਰ੍ਹਾਂ ਦਾ ਪੈਦਾ ਕਰ ਚੁੱਕੀ ਏਂ। ਉਹ ਤੇਰੇ ਲਈ ਗਲਤ ਹੈ। ਮੈਂ ਇਸ ਤਰ੍ਹਾਂ ਦਾ ਨਹੀਂ ਹਾਂ। ਮੈਂ ਤੈਨੂੰ ਇਹ ਪਿਆਰ ਨਹੀਂ ਦੇ ਸਕਦੈ। ਕਿਉਂਕਿ ਮੈਂ ਕਿਸੇ ਹੋਰ ਨੂੰ ...... । ਅਣਜਾਣਪੁਣੇ ਵਿੱਚ ਕੋਈ ਵੀ, ਕੁਝ ਵੀ ਸੋਚ ਸਕਦੈ । ਜੇ ਇਸ ਨੂੰ ਸਮੇਂ ਅਨੁਸਾਰ ਅਣਗੌਲਿਆ ਰਹਿਣ ਦਿੱਤਾ ਜਾਵੇ ਤਾਂ ਦੋਹਾਂ ਧਿਰਾਂ ਲਈ ਖਤਰਨਾਕ ਵੀ ਸਾਬਤ ਹੋ ਸਕਦੈ। ਸੋ ਆਸ ਹੈ ਕਿ ਤੂੰ ਮੈਨੂੰ ਸਮਝਣ ਦੀ ਕੋਸ਼ਿਸ਼ ਕਰੇਂਗੀ। ਸੱਜਣ। "

ਇਹ ਮੈਨੂੰ ਵੀ ਪਤਾ ਸੀ ਕਿ ਉਹ ਇਸ ਨੂੰ ਠੀਕ ਨਹੀਂ ਸਮਝੇਗੀ। ਉਸ ਦਿਨ ਤੋਂ

ਹੀ ਉਹ ਚੁੱਪ-ਚੁੱਪ, ਘੁੱਟੀ-ਘੁੱਟੀ ਤੇ ਉਦਾਸ ਜਿਹੀ ਰਹਿਣ ਲੱਗ ਪਈ। ਜਦੋਂ ਵੀ ਮੈਨੂੰ ਮਿਲਦੀ ਜਾਂ ਦਫਤਰ 'ਚ ਆਉਂਦੀ ਮਤਲਬ ਤੋਂ ਬਿਨਾਂ ਕੋਈ ਗੱਲ ਨਾ ਕਰਦੀ। ਜਿਵੇਂ ਚੁੱਪ ਧਾਰ ਲਈ ਸੀ।

ਇਹੀ ਮੈਂ ਚਾਹੁੰਦਾ ਸੀ। ਕੋਈ ਸਾਡੇ ਵੱਲ ਉਂਗਲ ਨਾ ਕਰੇ। ਇਹ ਤਾਂ ਹੀ ਹੋ ਸਕਦਾ ਸੀ ਜੇ ਉਹਦੀਆਂ ਹਰਕਤਾਂ ਬੰਦ ਹੁੰਦੀਆਂ। ਛੇਤੀ ਹੀ ਉਹਦੀ ਬਦਲੀ ਕਿਸੇ ਹੋਰ ਜਗਹ ਹੋ ਗਈ ਜਾਂ ਉਸ ਨੇ ਕਰਵਾ ਲਈ। ਮੈਂ ਖੁਸ਼ ਸੀ। ਮੇਰੇ ਦਿਲ ਤੋਂ ਸਾਰਾ ਭਾਰ ਲਹਿ ਗਿਆ ਸੀ। ਇੰਕ ਰਿਮੂਵਰ ਦੀ ਤਰ੍ਹਾਂ ਦਿਲ 'ਤੇ ਲਾਈ ਹਰ ਗੱਲ ਨੂੰ ਮੈਂ ਸਾਫ ਕਰ ਦਿੱਤਾ ਸੀ। ਆਪਣੇ ਅੰਦਰ ਝਾਤੀ ਮਾਰ ਕੇ ਦੇਖਿਆ ਤਾਂ ਮੈਨੂੰ ਸਿਵਾਏ ਦਿਲਲਗੀ ਦੇ ਕੁਝ ਵੀ ਨਜ਼ਰ ਨਾ ਆਇਆ।

ਕਿਸੇ ਨਾਲ ਦੋ ਕਦਮ ਦਾ ਸਾਥ ਕਰਨਾ ਉਸ ਦੇ ਨਾਲ ਜਿੰਦਗੀ ਭਰ ਸਾਥ ਕਰਨ ਦਾ ਵਾਅਦਾ ਤਾਂ ਨਹੀਂ ਹੁੰਦਾ। ਇਹ ਠੀਕ ਹੈ ਕਿ ਕਿਸੇ ਨਾਲ ਇੱਕ ਪਲ ਬਿਤਾਇਆ ਵੀ ਸਾਰੀ ਜਿੰਦਗੀ ਨਹੀਂ ਭੁੱਲਦਾ, ਚਾਹੇ ਉਸ ਨੇ ਅੱਖ ਪੁੱਟ ਕੇ ਸਿਰਫ ਦੇਖਿਆ ਹੀ ਹੋਵੇ ਤੇ ਜਾਂ ਫਿਰ ਆਪਣੇ ਗੁਲਾਬੀ ਬੁੱਲਾਂ 'ਚੋਂ ਇੱਕ ਹੁਸੀਨ ਮੁਸਕਰਾਹਟ ਹੀ ਕਿਉਂ ਨਾ ਕੇਰੀ ਹੋਵੇ।

ਛੋਟੀ ਜਿਹੀ ਗੱਲ ਨੂੰ ਸੋਚਦਾ ਸੋਚਦਾ ਮੈਂ ਬਹੁਤ ਦੂਰ ਨਿਕਲ ਗਿਆ ਸੀ। ਅਤੀਤ 'ਚ ਛੁਪਿਆ ਵਿੰਦਰ ਦਾ ਪਿਆਰ, ਰੀਟਾ ਦੀ ਗਲਤਫਹਿਮੀ ਤੇ ਪੰਮੀ ਨਾਲ ਲਾਪਰਵਾਹੀ ਦੀਆਂ ਗੱਲਾਂ, ਸਭ ਕੁਝ ਇੱਕੋ ਵਾਰੀ ਮੇਰੇ ਜ਼ਿਹਨ ਵਿੱਚ ਘੁੰਮ ਗਿਆ ਸੀ। ਤੇ ਮੁੜ ਕੇ ਸਹੀ ਰਾਸਤੇ ਉੱਪਰ ਆਉਣ ਲਈ ਮੈਨੂੰ ਸੋਚਾਂ ਦੀ ਇਹ ਬਹੁਤ ਵੱਡੀ ਮੰਜ਼ਿਲ ਤਹਿ ਕਰਨੀ ਪਈ ਸੀ। ਜਿਸ ਵਿੱਚ ਕੁਝ ਖੱਟਾ ਕੁਝ ਮਿੱਠਾ ਸੀ, ਤੜਪ ਵੀ ਮੇਲ ਵੀ ਤੇ ਮੁਸਕਾਣ ਵੀ। ਖੁਰਦਾ ਭੁਰਦਾ ਮੈਂ ਆਪਣੇ ਆਪ ਨੂੰ ਹੀ ਭੁੱਲ ਗਿਆ ਸੀ ਕਿ ਮੈਂ ਕੀ ਸਹੀ ਕਰ ਰਿਹਾਂ ਤੇ ਕੀ ਗਲਤ।

ਥੋੜੇ ਸਮੇਂ 'ਚ ਹੀ ਮੈਂ ਇੱਕ ਬੁਝਾਰਤ ਜਿਹੀ ਬਣ ਗਿਆ ਤੇ ਗੁੰਝਲ ਜਿਹੀ ਵੀ। ਮੈਂ ਸੋਚਦੈ ਪਤਾ ਨ੍ਹੀਂ ਇਹ ਕਿਹੜਾ ਅਲਜ਼ਬਰਾ ਆ ਤੇ ਕਿਹੜੇ ਫਾਰਮੂਲੇ ਨਾਲ ਇਹਦੇ ਸਵਾਲ ਹੱਲ ਹੋਣਗੇ। ਜਦੋਂ ਕੋਈ ਪੁੱਛਦਾ," ਸੱਜਣਾ ਕੀ ਗੱਲ ਐ । " ਤਾਂ ਮੇਰਾ ਜਵਾਬ ਹੁੰਦਾ, 'ਚਿੱਤ ਨ੍ਹੀਂ ਲੱਗਦਾ'। ਇਹ 'ਚਿੱਤ ਨ੍ਹੀਂ ਲੱਗਦਾ' ਹੀ ਅਜਿਹਾ ਸਵਾਲ ਸੀ ਜਿਸ ਨੂੰ ਹੱਲ ਕਰਨ ਲਈ ਮੈਂ ਦਿਨੇ ਵੀ ਸੋਚਦਾ ਤੇ ਰਾਤ ਨੂੰ ਵੀ। ਨੀਂਦ ਕਿਤੇ ਉੱਡ ਗਈ ਹੀ ਸੀ। ਪਰ ਹੁਣ ਉਹ ਸਵਾਲ ਹੱਲ ਹੋ ਗਿਆ ਸੀ। ਤੇ ਮੈਂ ਖੁਸ਼ ਸੀ, ਅਜ਼ਾਦ ਸੀ। ਠੀਕ ਪਹਿਲਾਂ ਦੀ ਤਰ੍ਹਾਂ।

-•♣•-



ਜਸਵਿੰਦਰ ਮਹਿਰਮ

ਹੱਥਲੀ ਪੁਸਤਕ 'ਨਾ ਪੁੱਤ, ਨਾ' ਜਸਵਿੰਦਰ ਮਹਿਰਮ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ। ਆਮ ਆਦਮੀ ਦੀ ਜ਼ਿੰਦਗੀ ਨਾਲ ਜੁੜੀਆਂ ਇਨ੍ਹਾਂ ਕਹਾਣੀਆਂ ਦਾ ਮੂੰਹ-ਮੁਹਾਂਦਰਾ ਸਰਲ ਵੀ ਹੈ ਸਪੱਸ਼ਟ ਵੀ ਹੈ। ਬਾਤਚੀਤ ਦੀ ਭਾਸ਼ਾ 'ਚ ਬੁਣੀਆਂ ਇਨ੍ਹਾਂ ਕਹਾਣੀਆਂ ਦੇ ਪਾਤਰ ਕਿਧਰੇ ਤਾਂ ਆਪਣੀ ਉਧੜੀ ਆਰਥਿਕਤਾ ਦੇ ਪਹਿਰਾਵਿਆਂ 'ਚ ਆਪਣੇ ਤਨ ਮਨ ਦੀਆਂ ਲੋੜਾਂ ਥੁੜਾਂ ਨੂੰ ਢਕਦੇ ਕਜਦੇ ਆਪਣਾ ਆਪਾ ਲੀਰੋ ਲੀਰ ਕਰ ਬੈਠਦੇ ਹਨ ਅਤੇ ਕਿਧਰੇ ਜਾਗੀਰਦਾਰੂ ਗਿਰਝਾਂ ਦੀ ਬੋਟੀ ਬਣਨ ਤੋਂ ਇਨਕਾਰੀ ਹੋ ਉੱਠਦੇ ਹਨ। ਅਨਪੜ੍ਹ, ਮਾਸੂਮ ਅਤੇ ਵਰਗਲਾਏ ਜਾ ਰਹੇ ਲੋਕਾਂ ਦਾ ਦਰਦ ਬਿਆਨ ਕਰਦੀਆਂ ਮਹਿਰਮ ਦੀਆਂ ਕਹਾਣੀਆਂ ਵਧੇਰੇ ਕਰਕੇ ਔਰਤ ਮਰਦ ਸਬੰਧਾਂ 'ਤੇ ਆਧਾਰਿਤ ਹਨ। ਕਿਸੇ ਵੀ ਕਹਾਣੀਕਾਰ ਦੇ ਸ਼ੁਰੂਆਤੀ ਦੌਰ ਵਿਚ ਅਜਿਹੇ ਜਟਿਲ ਵਿਸ਼ੇ ਨੂੰ ਨਿਭਾਉਣਾ ਸੌਖਾ ਨਹੀਂ ਹੁੰਦਾ, ਪਰ ਮਹਿਰਮ ਨੇ ਆਪਣੀ ਖੁੱਲ੍ਹੀ-ਡੁੱਲ੍ਹੀ ਬੇਬਾਕ ਲੇਖਣੀ ਨਾਲ ਸਮਾਜ ਦੇ ਇਕ ਅੱਯਾਸ਼ ਅਤੇ ਬੇਸਿਰ-ਪੈਰੇ ਵਰਗ ਦਾ ਭ੍ਰਿਸ਼ਟ ਚਿਹਰਾ ਨੰਗਾ ਕਰਨ ਦੀ ਕੋਸ਼ਿਸ਼ ਕੀਤੀ ਹੈ।

*— ਸੁਖਵੰਤ ਚਿੱਤਰਕਾਰ*

ਗੀਤ ਪ੍ਰਕਾਸ਼ਨ